


VOICE OF THE PUNJABI COMMUNITY

DESH PARDES TIMES

# ਦੇਸ ਪ੍ਰਦੇਸ ਟਾਈਮਜ਼

EDMONTON-CALGARY

ਸੰਪਾਦਕ- ਸੁਖਵਿੰਦਰ ਸਿੰਘ ਚੋਹਲਾ
Sukhwinder Singh Chohla (Editor)

Gurbhalinder Singh Sandhu, Editor (Hon.)
Davinder Deepti / Kamaljit Buttar




VOL-22 ISSUE : 10 JUNE, 2023 PHONE : 778-772-1994, Email : editor@deshpardes.ca, sales@deshpardes.ca , www.deshpardes.ca

# ਅਲਬਰਟਾ ਪ੍ਰੀਮੀਅਰ ਡੈਨੀਅਲ ਸਮਿਥ ਵਲੋਂ 25 ਮੈਂਬਰੀ ਵਜ਼ਾਰਤ ਦਾ ਗਠਨ

## ਕੈਲਗਰੀ ਤੋਂ ਰਾਜਨ ਸਾਹਨੀ ਨੂੰ ਮੰਤਰੀ ਮੰਡਲ ਵਿਚ ਲਿਆ

ਐਡਮਿੰਟਨ-ਅਲਬਰਟਾ ਚੋਣਾਂ ਵਿਚ ਜਿੱਤ ਤੋਂ ਦੋ ਹਫਤੇ ਬਾਦ ਪ੍ਰੀਮੀਅਰ ਡੈਨੀਅਲ ਸਮਿਥ ਨੇ ਸ਼ੁੱਕਰਵਾਰ ਨੂੰ ਆਪਣੀ ਨਵੀਂ ਕੈਬਨਿਟ ਬਣੀ ਲਈ ਹੈ। ਇਹਨਾਂ ਚੋਣਾਂ ਵਿਚ ਯੂ ਸੀ ਪੀ ਨੇ 49 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ, ਜਦੋਂਕਿ ਵਿਰੋਧੀ ਧਿਰ ਐਨ ਡੀ ਪੀਆਂ 38 ਸੀਟਾਂ ਹਨ। ਸਮਿਥ ਦੀ ਨਵੀਂ ਕੈਬਨਿਟ ਵਿੱਚ 25 ਮੰਤਰੀ ਸ਼ਾਮਲ ਕੀਤੇ ਗਏ ਹਨ।ਜ਼ਿਆਦਾਤਰ ਮੰਤਰੀ ਅਲਬਰਟਾ ਦੇ ਪੇਂਡੂ ਖੇਤਰਾਂ ਅਤੇ ਛੋਟੇ ਸ਼ਹਿਰਾਂ ਤੋਂ ਲਏ ਗਏ ਹਨ, ਜਿੱਥੇ UCP ਕੋਲ ਇਸਦੀਆਂ ਜ਼ਿਆਦਾਤਰ ਸੀਟਾਂ ਹਨ। ਨਵੀਂ ਕੈਬਨਿਟ ਵਿਚ ਕੈਲਗਰੀ ਤੋਂ ਜੇਤੂ ਰਹੀ ਪੰਜਾਬੀ ਮੂਲ ਦੀ ਰਾਜਨ ਸਾਹਨੀ ਨੂੰ ਮੰਤਰੀ ਬਣਾਇਆ ਗਿਆ ਹੈ। ਉਹਨਾਂ ਨੂੰ ਅਡਵਾਂਸ ਐਜੂਕੇਸ਼ਨ ਵਿਭਾਗ ਦਿੱਤਾ ਗਿਆ ਹੈ। ਮੰਤਰੀਆਂ ਦੇ ਨਾਮ ਤੇ ਮਹਿਕਮੇ ਇਸ ਪ੍ਰਕਾਰ ਹਨ—



ਰਾਜਨ ਸਾਹਨੀ

**ਮਾਈਕ ਐਲਿਸ** - ਡਿਪਟੀ ਪ੍ਰੀਮੀਅਰ ਅਤੇ ਜਨਤਕ ਸੁਰੱਖਿਆ ਅਤੇ ਐਮਰਜੈਂਸੀ ਸੇਵਾਵਾਂ ਦੇ ਮੰਤਰੀ। **ਨੈਟ ਹਾਰਨਰ** - ਖਜ਼ਾਨਾ ਬੋਰਡ ਦੇ ਪ੍ਰੈਜ਼ੀਡੈਂਟ ਅਤੇ ਵਿੱਤ ਮੰਤਰੀ **ਨਾਥਨ ਨਿਊਡੋਰਫ** - ਅਫੋਰਡੇਬਿਲਟੀ ਅਤੇ ਉਪਯੋਗਤਾਵਾਂ ਦੇ ਮੰਤਰੀ। **ਰਿਕ ਮੈਕਆਈਵਰ** - ਮਿਉਂਸਪਲ ਮਾਮਲਿਆਂ ਦੇ ਮੰਤਰੀ। **ਡੇਲ ਨਲੀ** - ਸਰਵਿਸ ਅਲਬਰਟਾ। **ਪੀਟ ਗੁਥਰੀ** - ਬੁਨਿਆਦੀ ਢਾਂਚਾ ਮੰਤਰੀ। **ਬ੍ਰਾਇਨ ਜੀਨ** - ਊਰਜਾ ਅਤੇ ਖਣਿਜ ਮੰਤਰੀ। **ਟੌਡ ਲੋਵੇਨ** - ਜੰਗਲਾਤ ਅਤੇ ਪਾਰਕਾਂ ਦਾ ਮੰਤਰਾਲਾ। **ਆਰਜੇ ਸਿਗੁਰਡਸਨ** - ਖੇਤੀਬਾੜੀ ਅਤੇ ਸਿੰਚਾਈ ਮੰਤਰੀ। **ਐਡਰੀਆਨਾ ਲਾਗਰੇਂਜ** - ਸਿਹਤ ਮੰਤਰੀ। **ਡੈਨ ਵਿਲੀਅਮਜ਼** - ਮਾਨਸਿਕ ਸਿਹਤ ਅਤੇ ਨਸ਼ਾ ਛੁਡਾਊ ਮੰਤਰੀ। **ਜੇਸਨ ਨਿਕਸਨ** - ਸੀਨੀਅਰਜ਼, ਕਮਿਊਨਿਟੀ ਅਤੇ ਸੋਸ਼ਲ ਸਰਵਿਸਿਜ਼ ਮੰਤਰੀ। **ਰੇਬੇਕਾ ਸ਼ੁਲਜ਼** - ਵਾਤਾਵਰਣ ਅਤੇ ਸੁਰੱਖਿਅਤ ਖੇਤਰਾਂ ਦੀ ਮੰਤਰੀ। **ਜੋਸੇਫ ਸ਼ੋ** - ਸੈਰ




ਸਪਾਟਾ ਅਤੇ ਖੇਡ ਮੰਤਰੀ। **ਮਿਕ ਐਮਰੀ** - ਨਿਆਂ ਮੰਤਰੀ। **ਮੈਟ ਜੋਨਸ** - ਨੌਕਰੀਆਂ, ਆਰਥਿਕਤਾ ਅਤੇ ਵਪਾਰ ਮੰਤਰੀ। **ਸੇਰਲੇ ਟਰਟਨ** - ਬੱਚਿਆਂ ਅਤੇ ਪਰਿਵਾਰਕ ਸੇਵਾਵਾਂ ਦੇ ਮੰਤਰੀ। **ਡੇਵਿਨ ਡਰੀਸ਼ਨ** - ਆਵਾਜਾਈ ਅਤੇ ਆਰਥਿਕ ਗਲਿਆਰੇ ਮੰਤਰੀ। **ਰਾਜਨ ਸਾਹਨੀ** - ਅਡਵਾਂਸ ਸਿੱਖਿਆ ਮੰਤਰੀ। **ਡਿਮੇਟ੍ਰੀਓਸ ਨਿਕੋਲਾਈਡਸ** - ਸਿੱਖਿਆ ਮੰਤਰੀ। **ਤਾਨਿਆ ਫਿਰ** - ਕਲਾ, ਸੱਭਿਆਚਾਰ ਅਤੇ ਔਰਤਾਂ ਦੀ ਸਥਿਤੀ ਮੰਤਰੀ। **ਨੇਟ ਗਲੂਬਿਸ਼** - ਤਕਨਾਲੋਜੀ ਅਤੇ ਖੋਜ ਮੰਤਰੀ। **ਰਿਕ ਵਿਲਸਨ** - ਮੂਲਨਿਵਾਸੀ ਦੀ ਭਲਾਈ ਬਾਰੇ ਮੰਤਰੀ। **ਮੁਹੰਮਦ ਯਾਸੀਨ** - ਇਮੀਗ੍ਰੇਸ਼ਨ ਅਤੇ ਮਲਟੀਕਲਚਰਲਿਜ਼ਮ ਮੰਤਰੀ। ਸ਼ੋ ਹਾਊਸ ਲੀਡਰ ਵਜੋਂ ਆਪਣਾ ਕੰਮ ਸੰਭਾਲਣਗੇ ਅਤੇ ਵਿਧਾਇਕ ਸ਼ੇਨ ਗੇਟਸਨ ਨੂੰ ਚੀਫ਼ ਵ੍ਹਿਪ ਨਿਯੁਕਤ ਕੀਤਾ ਗਿਆ ਹੈ।




# ਦੇਸ਼ ਨਿਕਾਲੇ ਦੇ ਹੁਕਮਾਂ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਦਾ ਮੁੱਦਾ ਕੈਨੇਡੀਅਨ ਸੰਸਦ 'ਚ ਗੂੰਜਿਆ

## ਸੈਂਕੜੇ ਵਿਦਿਆਰਥੀਆਂ ਵਲੋਂ ਹੁਕਮਾਂ ਵਿਰੁੱਧ ਰੋਸ ਪ੍ਰਦਰਸ਼ਨ

ਮਿਸੀਸਾਗਾ (ਦੇ. ਪ੍ਰ. ਬਿ.)-ਕੈਨੇਡਾ ਵਿਚ ਰਹਿ ਰਹੇ ਸੈਂਕੜੇ ਕੌਮਾਂਤਰੀ ਪੰਜਾਬੀ ਵਿਦਿਆਰਥੀਆਂ ਨੂੰ ਫਰਜ਼ੀ ਦਾਖਲਾ ਘੁਟਾਲੇ ਕਾਰਣ ਡਿਪੋਰਟੇਸ਼ਨ ਦੇ ਹੁਕਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਗਪਗ 700 ਦੇ ਕਰੀਬ ਅਜਿਹੇ ਵਿਦਿਆਰਥੀਆਂ ਚੋ ਕਈ ਵਿਦਿਆਰਥੀ ਪਿਛਲੇ ਇਕ ਹਫਤੇ ਤੋਂ ਕੈਨੇਡਾ ਸਰਕਾਰ ਵਲੋਂ ਜਾਰੀ ਡਿਪੋਰਟੇਸ਼ਨ ਹੁਕਮਾਂ ਖਿਲਾਫ ਪ੍ਰਦਰਸ਼ਨ ਕਰ ਰਹੇ ਹਨ। ਓਨਟਾਰੀਓ ਸੂਬੇ ਦੇ ਮਿਸੀਸਾਗਾ ਦੇ 6899 ਏਅਰਪੋਰਟ ਰੋਡ 'ਤੇ ਕੈਨੇਡੀਅਨ ਬਾਰਡਰ




ਸਿਕਿਓਰਿਟੀ ਏਜੰਸੀ (ਸੀਬੀਐਸਏ) ਦੇ ਦਫ਼ਤਰ ਦੇ ਸਾਹਮਣੇ ਇੱਕ ਟੈਂਟ ਲਗਾਕੇ ਬੈਠੇ, ਵਿਦਿਆਰਥੀਆਂ ਨੇ ਬੈਨਰ ਫੜੇ ਹੋਏ ਹਨ ਜਿਨ੍ਹਾਂ 'ਤੇ

## ਕੰਸਰਵੇਟਿਵ ਆਗੂ ਪੋਲੀਵਰ ਨੇ ਸੰਸਦ ਵਿਚ ਸਰਕਾਰ ਨੂੰ ਘੇਰਿਆ

ਲਿਖਿਆ ਹੈ 'ਡਿਪੋਰਟੇਸ਼ਨ ਵਿਰੁੱਧ ਇੱਕਜੁੱਟ ਹੋਵੋ', 'ਡਿਪੋਰਟੇਸ਼ਨ ਬੰਦ ਕਰੋ' ਅਤੇ 'ਅਸੀਂ ਨਿਆਂ ਚਾਹੁੰਦੇ ਹਾਂ। ਇਹਨਾਂ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਹ ਜਲੰਧਰ ਸਥਿਤ ਐਜੂਕੇਸ਼ਨ ਕੰਸਲਟੈਂਟ ਬ੍ਰਜੇਸ਼ ਮਿਸ਼ਰਾ ਦੇ ਘੁਟਾਲੇ ਦਾ ਸ਼ਿਕਾਰ ਹੋਏ ਸਨ, ਜਿਸਨੇ ਉਨ੍ਹਾਂ ਨੂੰ 2017 ਅਤੇ 2018 ਵਿੱਚ ਕੈਨੇਡਾ ਦੀਆਂ ਸੰਸਥਾਵਾਂ ਤੋਂ ਇਹ ਦਾਖਲਾ ਪੱਤਰ ਜਾਰੀ ਕੀਤੇ ਸਨ। ਉਹ ਇਨ੍ਹਾਂ ਪੱਤਰਾਂ ਦੇ ਆਧਾਰ 'ਤੇ ਵੀਜ਼ਾ ਹਾਸਲ ਕਰਕੇ ਕੈਨੇਡਾ ਪੁੱਜੇ ਸਨ।

*(ਬਾਕੀ ਸ.ਫਾ 10 'ਤੇ)*
























# ਐਲਨ ਮਸਕ ਮੁੜ ਵਿਸ਼ਵ ਦਾ ਸਭ ਤੋਂ ਅਮੀਰ ਵਿਅਕਤੀ ਬਣਿਆ



ਨਵੀਂ ਦਿੱਲੀ- ਟੈਸਲਾ ਮੋਟਰਜ਼ ਦਾ ਸੀਈਓ ਐਲਨ ਮਸਕ ਮੁੜ ਵਿਸ਼ਵ ਦੇ ਸਭ ਤੋਂ ਅਮੀਰ ਵਿਅਕਤੀ ਬਣ ਗਿਆ ਹੈ। ਬਲੂਮਬਰਗ ਬਿਲੀਨੇਅਰਜ਼ ਇੰਡੈਕਸ ਮੁਤਾਬਕ ਮਸਕ ਨੇ ਫਰੈਂਚ ਲਗਜ਼ਰੀ ਬਰਾਂਡ ਲੂਈ ਵਿਟੌਂ ਦੇ ਸੀਈਓ ਬਰਨਾਰਡ ਆਰਨੌਲਟ ਨੂੰ ਪਛਾੜ ਕੇ ਇਹ ਥਾਂ ਹਾਸਲ ਕੀਤੀ ਹੈ। ਇੰਡੈਕਸ ਦੀ ਮੰਨੀਏ ਤਾਂ ਮਸਕ ਦੀ ਕੁੱਲ ਦੌਲਤ 192 ਅਰਬ ਅਮਰੀਕੀ ਡਾਲਰ ਜਦੋਂਕਿ ਆਰਨੌਲਟ ਦੀ 187 ਅਰਬ ਡਾਲਰ ਹੈ। ਇੰਡੈਕਸ ਡੇਟਾ ਵਿੱਚ ਮਸਕ ਤੇ ਆਰਨੌਲਟ ਮਗਰੋਂ ਕ੍ਰਮਵਾਰ 144 ਅਰਬ ਡਾਲਰ ਤੇ 125 ਅਰਬ ਡਾਲਰ ਨਾਲ ਤੀਜਾ ਤੇ ਚੌਥਾ ਨੰਬਰ ਜੈਫ ਬੈਜ਼ੋਸ ਤੇ ਬਿਲ ਗੇਟਸ ਦਾ ਹੈ। ਆਰਨੌਲਟ ਦੀ ਫਰਮ ਦੇ ਸ਼ੇਅਰ 2 ਫੀਸਦ ਤੋਂ ਵੱਧ ਡਿੱਗਣ ਕਰਕੇ ਟੈਸਲਾ ਮੁਖੀ ਮਸਕ ਸਭ ਤੋਂ ਅਮੀਰ ਵਿਅਕਤੀਆਂ ਦੀ ਸੂਚੀ ਵਿੱਚ ਮੁੜ ਸਿਖਰ 'ਤੇ ਕਾਬਜ਼ ਹੋ ਗਿਆ ਹੈ। ਅੰਕੜਿਆਂ ਮੁਤਾਬਕ ਸਾਲ 2023 ਵਿੱਚ ਟੈਸਲਾ ਦੇ ਸ਼ੇਅਰਾਂ ਵਿੱਚ ਹੁਣ ਤੱਕ 89 ਫੀਸਦ ਦਾ ਉਛਾਲ ਆ ਚੁੱਕਾ ਹੈ।


















VOICE OF THE PUNJABI COMMUNITY

DESH PARDES TIMES

# ਦੇਸ ਪ੍ਰਦੇਸ ਟਾਈਮਜ਼

ਕੈਲਗਰੀ

ਸਨਿਚਰਵਾਰ, 10 ਜੂਨ, 2023




### ਅਲਬਰਟਾ ਚੋਣਾਂ

# ਭਾਰਤੀ ਮੂਲ ਦੇ 6 ਉਮੀਦਵਾਰ ਜੇਤੂ ਰਹੇ

## ਯੂ ਸੀ ਪੀ ਦੀ ਤਰਫੋਂ ਰਾਜਨ ਸਾਹਨੀ ਤੇ ਪੀਟਰ ਸਿੰਘ ਜੇਤੂ



ਰਾਜਨ ਸਾਹਨੀ



ਪੀਟਰ ਸਿੰਘ



ਜਸਵੀਰ ਦਿਓਲ



ਗੁਰਿੰਦਰ ਬਰਾੜ



ਪਰਮੀਤ ਸਿੰਘ ਬੋਪਾਰਾਏ



ਰਾਖੀ ਪੰਚੋਲੀ



ਇਰਫਾਨ ਸਬੀਰ

ਐਡਮਿੰਟਨ-ਕੈਲਗਰੀ ( ਦੇ ਪ੍ਰ ਬਿ)-ਅਲਬਰਟਾ ਵਿਧਾਨ ਸਭਾ ਲਈ 29 ਮਈ ਨੂੰ ਪਈਆਂ ਵੋਟਾਂ ਦੇ ਆਏ ਨਤੀਜੇ ਮੁਤਾਬਿਕ ਯੂ ਸੀ ਪੀ ਨੇ 49 ਸੀਟਾਂ ਅਤੇ ਐਨ ਡੀ ਪੀ ਨੇ 38 ਸੀਟਾਂ ਜਿੱਤੀਆਂ ਹਨ। ਇਹਨਾਂ ਚੋਣਾਂ ਵਿਚ ਦੋਵਾਂ ਪ੍ਰਮੁੱਖ ਪਾਰਟੀਆਂ ਵਲੋਂ ਖੜੇ ਲਗਪਗ ਡੇਢ ਦਰਜਨ ਪੰਜਾਬੀ ਮੂਲ ਦੇ ਉਮੀਦਵਾਰਾਂ ਚੋ ਕੁਲ 6 ਉਮੀਦਵਾਰ ਅਲਬਰਟਾ ਲੈਜਿਸਲੇਚਰ ਦੀਆਂ ਪੌੜੀਆਂ ਚੜਨ ਵਿਚ ਸਫਲ ਹੋਏ ਹਨ। ਮੁੜ ਸੱਤਾ ਵਿਚ ਆਉਣ ਵਾਲੀ ਯੂ ਸੀ ਪੀ ਦੀ ਤਰਫੋਂ ਸਾਬਕਾ ਮੰਤਰੀ ਰਾਜਨ ਸਾਹਨੀ ਕੈਲਗਰੀ ਨਾਰਥ ਵੈਸਟ ਹਲਕੇ ਤੋਂ 11926 ਵੋਟਾਂ ਲੈਕੇ ਜੇਤੂ ਰਹੇ। ਉਹਨਾਂ ਦੇ ਵਿਰੋਧੀ ਉਮੀਦਵਾਰ ਨੂੰ 11777 ਵੋਟ ਮਿਲੇ। ਕੈਲਗਰੀ ਈਸਟ ਤੋਂ ਪੀਟਰ ਸਿੰਘ 7048 ਵੋਟਾਂ ਨਾਲ ਜੇਤੂ ਰਹੇ। ਉਹਨਾਂ ਦੇ ਵਿਰੋਧੀ ਉਮੀਦਵਾਰ ਨੂੰ 6347 ਵੋਟਾਂ ਮਿਲੀਆਂ। ਮਜ਼ਬੂਤ ਵਿਰੋਧੀ ਧਿਰ ਬਣਨ ਵਾਲੀ ਐਨ ਡੀ ਪੀ ਦੀ ਤਰਫੋ ਇਕ ਪਾਕਿਸਤਾਨੀ ਕਸ਼ਮੀਰੀ ਤੇ 4 ਭਾਰਤੀ ਮੂਲ ਦੇ ਉਮੀਦਵਾਰ ਜੇਤੂ ਰਹੇ ਹਨ। ਇਹਨਾਂ ਵਿਚ ਕੈਲਗਰੀ ਨਾਰਥ ਈਸਟ ਤੋਂ ਗੁਰਿੰਦਰ ਬਰਾੜ 11,111 ਵੋਟਾਂ ਨਾਲ ਜੇਤੂ ਰਹੇ। ਉਹਨਾਂ ਯੂ ਸੀਪੀ ਦੇ ਇੰਦਰ ਗਰੇਵਾਲ ਨੂੰ ਹਰਾਇਆ ਜਿਹਨਾਂ ਨੂੰ 9078 ਵੋਟ ਮਿਲੇ। ਕੈਲਗਰੀ ਫਾਲਨਕਿਨਰਿਜ ਤੋਂ ਪਰਮੀਤ ਸਿੰਘ ਬੋਪਾਰਾਏ 7786 ਵੋਟਾਂ ਨਾਲ ਜੇਤੂ ਰਹੇ। ਯੂ ਸੀ ਪੀ ਦੇ ਦਵਿੰਦਰ ਤੂਰ ਨੂੰ 5468 ਵੋਟਾਂ ਮਿਲੀਆਂ। ਕੈਲਗਰੀ ਮੈਕਾਲ ਭੁੱਲਰ ਤੋਂ ਯੂ ਸੀ ਪੀ ਦੇ ਉਮੀਦਵਾਰ ਅਮਨਪ੍ਰੀਤ ਸਿੰਘ ਗਿੱਲ ਨੂੰ ਐਨ ਡੀ ਪੀ ਦੇ ਕਸ਼ਮੀਰੀ ਮੂਲ ਦੇ ਇਰਫਾਨ ਸਾਬਿਰ ਨੇ 6958 ਵੋਟਾਂ ਨਾਲ ਹਰਾਇਆ। ਅਮਨਪ੍ਰੀਤ ਸਿੰਘ ਨੂੰ 5060ਵੋਟ ਮਿਲੇ। ਐਡਮਿੰਟਨ ਮੈਡੋਜ ਤੋਂ ਐਨ ਡੀ ਪੀ ਦੇ ਜਸਵੀਰ ਦਿਓਲ ਨੇ 10964 ਵੋਟਾਂ ਨਾਲ ਯੂ ਸੀ ਪੀ ਦੇ ਅੰਮ੍ਰਿਤਪਾਲ ਸਿੰਘ ਮਠਾੜੂ ( 6383 ਵੋਟਾਂ) ਨੂੰ ਹਰਾਇਆ। ਐਡਮਿੰਟਨ ਵਾਈਟਮੱਡ ਤੋਂ ਭਾਰਤੀ ਮੂਲ ਦੀ ਐਨ ਡੀ ਪੀ ਉਮੀਦਵਾਰ ਰਾਖੀ ਪੰਚੋਲੀ ਨੇ ਯੂਸੀਪੀ ਦੇ ਉਮੀਦਵਾਰ ਡਾ ਰਾਜ ਸ਼ਰਮਨ ਨੂੰ ਹਰਾਇਆ। ਰਾਖੀ ਨੂੰ 12793 ਤੇ ਰਾਜ ਸ਼ਰਮਨ ਨੂੰ 7803 ਵੋਟ ਮਿਲੇ। ਕੈਲਗਰੀ ਐਜਮਾਊਂਟ ਤੋਂ ਭਾਰਤੀ ਮੂਲ ਦੇ ਯੂਸੀ ਪੀ ਉਮੀਦਵਾਰ ਪ੍ਰਸਾਦ ਪਾਂਡਾ 283 ਵੋਟਾਂ ਨਾਲ ਹਾਰ ਗਏ। ਉਹਨਾਂ ਨੂੰ 11404 ਵੋਟ ਤੇ ਜੇਤੂ ਉਮੀਦਵਾਰ ਨੂੰ 11687 ਵੋਟ ਮਿਲੇ। ਐਨ ਡੀਪੀ ਦੇ ਪੰਜਾਬੀ ਮੂਲ ਦੇ ਹਾਰਨ ਵਾਲੇ ਉਮੀਦਵਾਰਾਂ ਵਿਚ ਕੈਲਗਰੀ ਨਾਰਥ ਤੋਂ ਰਾਜੇਸ਼ ਅੰਗੂਰਾਲ ਨੂੰ 7802 ਵੋਟ, ਕੈਲਗਰੀ ਕਰੌਸ ਤੋਂ ਗੁਰਿੰਦਰ ਸਿੰਘ ਗਿੱਲ ਨੂੰ 7016 ਵੋਟ, ਚੈਸਟਰਮੇਅਰ ਤੋਂ ਰਾਜ ਜੱਸਲ ਨੂੰ 5513 ਵੋਟ, ਡਰੈਟਨ ਵੈਲੀ ਤੋਂ ਹੈਰੀ ਸਿੰਘ ਨੂੰ 5010 ਵੋਟ ਮਿਲੇ ਜਦੋਂਕਿ ਯੂ ਸੀ ਪੀ ਦੀ ਤਰਫੋ ਹਾਰਨ ਵਾਲੇ ਪੰਜਾਬੀ ਉਮੀਦਵਾਰਾਂ ਚੋਂ ਐਡਮਿੰਟਨ ਐਲਰਸਲੀ ਤੋਂ ਰਣਜੀਤ ਬਾਠ ਨੂੰ 6855 ਵੋਟ ਅਤੇ ਐਡਮਿੰਟਨ ਮਿਲਵੁਡਜ ਤੋਂ ਰਮਨ ਅਠਵਾਲ ਨੂੰ 6867 ਵੋਟ ਮਿਲੇ।

**ਐਨ ਡੀ ਪੀ ਦੀ ਤਰਫੋਂ ਜਸਵੀਰ ਦਿਓਲ, ਗੁਰਿੰਦਰ ਸਿੰਘ ਬਰਾੜ, ਪਰਮੀਤ ਸਿੰਘ ਬੋਪਾਰਾਏ, ਰਾਖੀ ਪੰਚੋਲੀ ਤੇ ਇਰਫਾਨ ਸਾਬਿਰ ਜੇਤੂ ਰਹੇ**













ALBERTA HOMOEOPATHIC CLINIC
6715 - 17 ave SW Edmonton AB T6X0G9
ਬੱਚਿਆਂ, ਔਰਤਾਂ ਅਤੇ ਮਰਦਾਂ ਦੀਆਂ ਹਰ ਤਰਾਂ ਦੀਆਂ ਬਿਮਾਰਿਆਂ ਦਾ ਇਲਾਜ
ਦੇਖਣ, ਸਲਾਹ ਮਸ਼ਵਰਾ ਬਿਲਕੁਲ ਮੁਫਤ, ਸਿਰਫ ਦਵਾਈ-ਦਵਾਈ ਦਾ ਮੁੱਲ
Dr. Avtar Singh Bhatti
D.H.M.S(Pb) C.H.M.S India
Register with Homoeopathic Medical Association Canada
Timings
Monday to Friday: 5 pm to 9 pm
Saturday : Full Day
Sunday : Closed
www.albertahomeopathic.ca
dr.avtarsinghbhatti@hotmail.com
25 Years Experience in Clinical Practice
Permanent Cure with No Side effects
Ph:- 587-984-5233, 780-504-7808


ORCHARDS DENTAL
DENTIST CLINIC IN EDMONTON
NEW PATIENTS WELCOME
ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਤਜ਼ਰਬੇਕਾਰ ਡਾਕਟਰਾਂ ਰਾਹੀ ਇਲਾਜ ਕਰਵਾਉਣ ਲਈ ਸੰਪਰਕ ਕਰੋ।
SAME DAY Emergency appointments Available!
Direct Billing to all Insurance
We Follow the Current Alberta Fee Guide
FREE Invisalign consult.
FREE Implant consult.
FREE In Clinic Teeth whitening with New Patient Exam and cleaning.
SAME DAY Emergency appointments.
780-756-9555
CALL OUR EMERGENCY (available 24X7)
587-873-3368
1504 91 Street SW, #6, Edmonton, AB T6X 1M5, Canada


Millwoods Meat Shop
MILLWOODS MEAT SHOP
Ready to Eat Tandoori Chicken and Fish.
ਇਥੇ ਤਾਜ਼ਾ ਮੀਟ ਮਿਲਦਾ ਹੈ
Franchise Available
Mouth Watering Pickles: Pork, Goat & Chicken
Specialist in: Fresh Meat, Poultry & Fish.
Call:780-465-6595
South Side 1521 Millwoods Road (East),Edmonton, AB.T6L 5H1
3123 141 St SW, Edmonton, AB T6W 4L2, 780-430-7172
2037 163 St SW, Edmonton, AB T6W 1A4, 780-756-6595


Maharaja
Banquet Facility
BEAUTY
SERVICE
ELEGANCE
•Big Dance Floor •Full Bar
•Excellent Bridal Chair
•Great Music System
•Projector Screen
Banquet Facility From 100 to 1200 People
Tariq Chaudary
ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ ਮਹਾਰਾਜਾ ਬੈਂਕੁਇਟ ਹਾਲ ਬੁਕ ਕਰੋ।


KITCHEN Pro
Cabinet Maker in Edmonton
ਆਪਣੇ ਮਨਪਸੰਦ ਡਿਜ਼ਾਇਨ ਦੇ ਕਿਚਨ ਕੈਬਨੇਟ, ਬਾਥਰੂਮ ਵੈਨੇਟੀਜ਼ ਸਟੋਰ ਫਰੰਟ ਸਰਵਿਸ ਡੈਸਕ ਆਦਿ ਬਨਵਾਉਣ ਲਈ ਕਾਲ ਕਰੋ।
• Custom Kitchen Cabinets
• Bathroom Vanities • Wet Bar
Residential & Commercial
Quality Work & Reasonable Rates
Call:780-938-0713
Email:kitchenpro13@gmail.com
4642 91 Avenue Northwest AB T6B 2L1



# ਭਾਰੀ ਟਰੈਫਿਕ ਵਾਲੇ ਸਮੇਂ ਦੌਰਾਨ ਵਿਦਿਆਰਥੀ ਟਰੱਕ ਡਰਾਈਵਰਾਂ ਨੂੰ ਸੜਕਾਂ 'ਤੇ ਆਉਣ ਤੋਂ ਰੋਕਿਆ ਜਾਵੇ-ਕੌਂਸਲਰ ਪ੍ਰਦੀਪ ਕੂਨਰ



ਸਰੀ-ਕੌਂਸਲਰ ਪ੍ਰਦੀਪ ਕੂਨਰ ਦਾ ਕਹਿਣਾ ਕਿ ਲੋਕਾਂ ਦੀ ਸਹੂਲਤ ਲਈ ਵਿਦਿਆਰਥੀ ਟਰੱਕ ਡਰਾਈਵਰਾਂ ਨੂੰ ਭਾਰੀ ਆਵਾਜਾਈ ਸਮੇਂ ਦੌਰਾਨ ਸੜਕਾਂ 'ਤੇ ਆਉਣ ਤੋਂ ਰੋਕਿਆ ਜਾਵੇ। ਉਨ੍ਹਾਂ ਕਿਹਾ ਕਿ ਭੀੜ ਵਾਲੇ ਸਮੇਂ ਦੌਰਾਨ ਵਿਦਿਆਰਥੀ ਟਰੱਕ ਡਰਾਈਵਰਾਂ ਨੂੰ ਸੜਕਾਂ, ਖ਼ਾਸਕਰ ਨਿਊਟਨ ਦੇ ਇੰਡਸਟਰੀਅਲ ਏਰੀਆ ਵਿਚ ਰੋਕਣ ਤੋਂ ਬਿਨ੍ਹਾਂ ਸਰੀ ਦੇ ਰੋਜ਼ਾਨਾਂ ਆਉਣ ਜਾਣ ਵਾਲੇ ਯਾਤਰੀਆਂ ਨੂੰ ਜ਼ਿਆਦਾ ਤਕਲੀਫ ਹੋਵੇਗੀ। ਕੂਨਰ ਨੇ ਕਿਹਾ ਕਿ ਅਸੀਂ ਲੋਕਾਂ ਦੀਆਂ ਜਿੰਦਗੀਆਂ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਅਤੇ ਇਹੀ ਸਾਡਾ ਟੀਚਾ ਹੈ। ਕੌਂਸਲਰ ਕੂਨਰ ਨੇ ਕੌਂਸਲ ਨੂੰ ਮਤੇ ਦਾ ਨੋਟਿਸ ਦੇ ਕਿਹਾ ਕਿ ਸਿਟੀ ਸਟਾਫ ਨੂੰ ਭੀੜ ਵਾਲੇ ਸਮੇਂ ਦੌਰਾਨ ਟਰੱਕ ਡਰਾਈਵਿੰਗ ਸਕੂਲਾਂ ਨੂੰ ਆਪਣੇ ਵਿਦਿਆਰਥੀਆਂ ਨਾਲ ਸੜਕਾਂ 'ਤੇ ਆਉਣ ਦੀ ਇਜਾਜ਼ਤ ਨਾ ਦੇਣ ਲਈ ਬਿਜਨਸ ਲਾਇਸੰਸ ਵਿਚ ਸੋਧ ਦਾ ਪਤਾ ਲਗਾਉਣ ਲਈ ਕਿਹਾ ਜਾਵੇ। ਉਂਜ ਕੂਨਰ ਨੇ ਨਾਉ-ਲੀਡਰ ਨੂੰ ਦੱਸਿਆ ਕਿ ਉਸ ਦੇ ਮਤੇ ਦਾ ਨਿਸ਼ਾਨਾ ਕਾਰਾਂ ਸਿੱਖਣ ਵਾਲੇ ਲੋਕਾਂ ਲਈ ਡਰਾਈਵਿੰਗ ਹਦਾਇਤਾਂ ਕਰਨ ਸਬੰਧੀ ਨਹੀਂ। ਇਹ ਸਿਰਫ ਟਰੱਕ ਡਰਾਈਵਰਾਂ ਲਈ ਹੈ ਕਿਉਂਕਿ ਉਹ ਲਾਈਟਾਂ ਨੂੰ ਬੰਦ ਕਰ ਰਹੇ ਹਨ।

## ਹਥਿਆਰਬੰਦ ਤੇ ਖ਼ਤਰਨਾਕ ਲੋੜੀਂਦਾ ਵਿਅਕਤੀ ਗ੍ਰਿਫ਼ਤਾਰ

ਸਰੀ-ਆਰਸੀਐਮਪੀ ਨੇ ਦੱਸਿਆ ਕਿ ਹਥਿਆਰਬੰਦ ਤੇ ਖਤਰਨਾਕ ਵਿਅਕਤੀ ਕਵਾਬੇਨਾ ਬੋਸੀਆਕੋ ਨੂੰ ਨਿਊ ਵੈਸਟਮਿਨਸਟਰ ਵਿਚ ਗ੍ਰਿਫ਼ਤਾਰ ਕਰ ਲਿਆ ਹੈ। ਉਸ ਨੂੰ ਸਰੀ ਆਰਸੀਐਮਪੀ ਸੈੱਲਜ਼ ਵਿਚ ਲਿਜਾਇਆ ਗਿਆ ਹੈ ਅਤੇ ਅਦਾਲਤ ਵਿਚ ਪੇਸ਼ ਕੀਤੇ ਜਾਣ ਤਕ ਪੁਲਿਸ ਹਿਰਾਸਤ ਵਿਚ ਰਹੇਗਾ। ਨਿਊਜ਼ ਰਿਲੀਜ਼ ਮੁਤਾਬਿਕ ਬੋਸੀਆਕੋ ਉਸ ਦੀ ਅਦਾਲਤ ਵਲੋਂ ਨਿਰਧਾਰਤ ਕੀਤੇ ਘਰ ਤੋਂ ਚਲਾ ਗਿਆ ਸੀ ਅਤੇ ਆਪਣਾ ਨਿਗਰਾਨੀ ਰੱਖਣ ਵਾਲਾ ਇਲੈਕਟ੍ਰਾਨਿਕ ਉਪਕਰਣ ਹਟਾ ਦਿੱਤਾ ਸੀ। ਉਸੇ ਦਿਨ ਤੋਂ ਸਰੀ ਆਰਸੀਐਮਪੀ ਗੈਂਗ ਇਨਫੋਰਸਮੈਂਟ ਟੀਮ ਬੋਸੀਆਕੋ ਦੀ ਭਾਲ ਕਰ ਰਹੀ ਸੀ। 7 ਜੂਨ ਨੂੰ ਸਵੇਰੇ ਲਗਪਗ 9.45 ਵਜੇ ਸਰੀ ਆਰਸੀਐਮਪੀ ਦੀ ਹਾਈ ਰਿਸਕ ਟਾਰਗੈਟ ਟੀਮ ਨੇ ਇੰਟੀਗ੍ਰੇਟਿਜ ਲੋਅਰ ਮੇਨਲੈਂਡ ਐਮਰਜੈਂਸੀ ਰਿਸਪਾਂਸ ਟੀਮ ਦੀ ਸਹਾਇਤਾ ਨਾਲ ਨਿਊ ਵੈਸਟਮਿਨਸਟਰ ਵਿਚ ਕੋਲੰਬੀਆ ਸੁਕੇਅਰ ਕੰਪਲੈਕਸ ਤੋਂ ਕਵਾਬੇਨਾ ਬੋਸੀਆਕੋ ਨੂੰ ਗ੍ਰਿਫ਼ਤਾਰ ਕਰ ਲਿਆ।




# ਸਿਹਤ ਮੰਤਰੀ ਡਿਕਸ ਵਲੋਂ ਸਰੀ ਮੈਮੋਰੀਅਲ ਹਸਪਤਾਲ ਨੂੰ ਵਿੱਤੀ ਸਹਾਇਤਾ ਦਾ ਐਲਾਨ


ਵੈਨਕੂਵਰ-ਸਿਹਤ ਮੰਤਰੀ ਐਡਰੀਅਨ ਡਿਕਸ ਨੇ ਐਲਾਨ ਕੀਤਾ ਕਿ ਸਰੀ ਮੈਮੋਰੀਅਲ ਹਸਪਤਾਲ ਨੂੰ ਬਹੁਤ ਹੀ ਲੋੜੀਂਦੀ ਮਦਦ ਦਿੱਤੀ ਜਾ ਰਹੀ ਹੈ। ਐਸਐਮਐਚ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਡਿਕਸ ਨੇ ਕਿਹਾ ਕਿ ਫਰੇਜ਼ਰ ਹੈਲਥ ਅਤੇ ਸਰੀ ਵਿਚ ਸਿਹਤ ਸੰਭਾਲ ਕਾਮਿਆਂ ਨਾਲ ਮੀਟਿੰਗ ਪਿੱਛੋਂ ਸੂਬੇ ਨੇ ਸਰੀ ਦੇ ਰੁਝੇ ਰਹਿਣ ਵਾਲੇ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨ ਵਾਲੇ ਹਸਪਤਾਲ ਵਿਖੇ ਦੇਖਭਾਲ ਵਿਚ ਸੁਧਾਰ ਤੇ ਵਿਸਥਾਰ ਲਈ ਛੋਟੀ ਮਿਆਦ, ਲੰਬੀ ਮਿਆਦ ਤੇ ਦਰਮਿਆਨੀ ਮਿਆਦ ਵਾਲੀ ਰਣਨੀਤੀਆਂ ਦੀ ਪਛਾਣ ਕੀਤੀ ਹੈ। ਡਿਕਸ ਨੇ ਕਿਹਾ ਕਿ ਉਹ ਸਰੀ ਮੈਮੋਰੀਅਲ ਹਸਪਤਾਲ ਦੇ ਬਹੁਤ ਸਾਰੇ ਸਿਹਤ ਸੰਭਾਲ ਕਾਮਿਆਂ ਲਈ ਸ਼ੁਕਰਗੁਜ਼ਾਰ ਹੈ ਜਿਨ੍ਹਾਂ ਨੇ ਆਪਣੀਆਂ ਚਿੰਤਾਵਾਂ ਮੇਰੇ ਕੋਲ ਉਠਾਈਆਂ ਹਨ। ਜਿਨ੍ਹਾਂ ਵਿਚ ਸਖਤ ਮਿਹਨਤ ਕਰਨ ਵਾਲੇ ਲੋਕ ਵੀ ਸ਼ਾਮਿਲ ਸਨ ਜਿਨ੍ਹਾਂ ਨੇ ਬੀਤੇ ਹਫ਼ਤੇ ਮੇਰੇ ਨਾਲ ਗੱਲ ਕਰਨ ਲਈ ਆਪਣਾ ਸਮਾਂ ਕੱਢਿਆ ਸੀ। ਉਨ੍ਹਾਂ ਕਿਹਾ ਕਿ ਕਲੋਵਰਡੇਲ ਵਿਚ ਬਣਾਏ ਜਾ ਰਹੇ ਨਵੇਂ ਸਰੀ ਹਸਪਤਾਲ ਤੋਂ ਇਲਾਵਾ ਐਸਐਮਐਚ ਵਿਚ ਹੋਰ ਦਾਖਲ ਤੇ ਬਾਹਰੀ ਮਰੀਜ਼ਾਂ, ਆਪਰੇਸ਼ਨਾਂ ਅਤੇ ਕਲੀਨੀਕਲ ਪ੍ਰੋਗਰਾਮਾਂ ਵਿਚ ਸੁਧਾਰ ਤੇ ਵਾਧੇ ਨਾਲ ਵਿਸਥਾਰ ਦੀ ਯੋਜਨਾ ਦਾ ਕੰਮ ਚੱਲ ਰਿਹਾ ਹੈ।
















# ਰਾਹੁਲ ਗਾਂਧੀ ਤੇ ਰਾਜਾ ਵੜਿੰਗ ਦਾ ਕੈਲੀਫੋਰਨੀਆ ਤੋਂ ਬਾਅਦ ਨਿਊਯਾਰਕ ਵਿਚ ਵੀ ਭਾਰੀ ਵਿਰੋਧ

ਨਿਊਯਾਰਕ-ਮਿਤੀ 4 ਜੂਨ ਨੂੰ ਸਿੱਖ ਕੋਰਡੀਨੇਸ਼ਨ ਕਮੇਟੀ USA ਵੱਲੋ ਅਤੇ ਹੋਰ ਸਿੱਖ ਜਥੇਬੰਦੀਆਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਰਾਹੁਲ ਗਾਂਧੀ ਦੇ ਨਿਊਯਾਰਕ ਜੈਵਿਟ ਸੈਂਟਰ ਵਿੱਚ ਪ੍ਰੋਗਰਾਮ ਦੇ ਵਿਰੋਧ ਵਿੱਚ ਮੁਜ਼ਾਹਰੇ ਦਾ ਸੱਦਾ ਦਿੱਤਾ ਗਿਆ ਸੀ ਜਿਸ ਉੱਤੇ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਇਕੱਤਰ ਹੋਈਆਂ। ਸਿੱਖ ਨਸਲਕੁਸ਼ੀ ਦੀ ਦੋਸ਼ੀ ਭਾਰਤੀ ਸਟੇਟ ਦੀਆਂ ਕਾਂਗਰਸ ਅਤੇ ਸੰਘ ਸਮੇਤ ਇਸਦੀ ਖ਼ੁਸ਼ੀ ਮਨਾਉਣ ਵਾਲੀਆਂ ਸਾਰੀਆਂ ਰਾਜਸੀ ਧਿਰਾਂ ਪ੍ਰਤੀ ਕੌਮ ਵਿੱਚ ਕਦੇ ਵੀ ਨਾ ਭੁਲਾਉਣ ਵਾਲੇ ਘੱਲੂਘਾਰੇ ਦਾ ਦਰਦ ਜਿਉਂ ਦਾ ਤਿਉਂ ਮੌਜੂਦ ਹੈ, ਤੇ ਜੂਨ ਦੇ ਪਹਿਲੇ ਹਫ਼ਤੇ ਕਾਂਗਰਸ ਵੱਲੋਂ ਸਿੱਖਾਂ ਦੇ ਜ਼ਖ਼ਮਾਂ ਤੇ ਲੂਣ ਛਿੜਕਣ ਵਾਸਤੇ ਜਾਣ ਬੁੱਝ ਕੇ ਇਸ ਤਰਾਂ ਦੇ ਪ੍ਰੋਗਰਾਮ ਕੀਤੇ ਜਾਣ ਤਾਂ ਸਿੱਖਾਂ ਵੱਲੋਂ ਇਸਦਾ ਭਾਰੀ ਵਿਰੋਧ ਹੋਣਾ ਸੁਭਾਵਿਕ ਹੈ। ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ Javits center ਵਿੱਚੋ ਬਾਹਰ ਨਿਕਲਦਾ ਸਿੰਘਾ ਦੇ ਸਾਹਮਣੇ ਆ ਗਿਆ ਤਾਂ ਸਿੰਘਾ ਨੇ ਇਸ ਇੰਦਰਾ ਗਾਂਧੀ ਦੇ ਪੁੱਤ ਕਹਾਉਣ ਵਾਲੇ ਨੂੰ ਘੇਰ ਕੇ ਇਸ ਵੱਲੋਂ ਹਮੇਸ਼ਾ ਸਿੱਖ ਤੇ ਪੰਜਾਬ ਵਿਰੋਧ ਲਈ ਸਟੈਂਡ ਤੇ ਕੀਤੇ ਕਾਰਿਆਂ ਬਾਰੇ ਜਵਾਬ ਮੰਗੇ, ਤੇ ਦੀਪ ਸਿੱਧੂ ਦੇ ਵਿਰੁੱਧ, ਤੇ ਉਸਤੋਂ ਬਾਦ ਅੰਮਿਤ੍ਰਪਾਲ ਸਿੰਘ ਤੇ ਉਸਦੇ ਸਾਥੀਆਂ ਵਿਰੁੱਧ ਜ਼ਹਿਰ ਉਗਲਣ ਤੇ ਸਰਕਾਰ ਨੂੰ ਕਾਰਵਾਈ ਕਰਨ ਲਈ ਉਕਸਾਉਣ ਲਈ ਦੋਸ਼ੀ, ਬੰਦੀ ਸਿੰਘਾਂ ਦੇ ਮਸਲੇ ਉੱਪਰ, ਸਿੱਖ ਵਿਰੋਧੀ ਕਾਰਿਆਂ ਦੇ ਦੋਸ਼ੀ ਤੇ ਖਾਲਿਸਤਾਨ ਦੇ ਪੁੱਜ ਕੇ ਵਿਰੋਧੀ ਰਾਜਾ ਵੜਿੰਗ ਦਾ ਜਦੋ ਸਿੰਘਾਂ ਵੱਲੋਂ ਘੇਰ ਕੇ ਵਿਰੋਧ ਤੇ ਸਵਾਲ ਹੋਣ ਲੱਗੇ ਤਾਂ ਉੱਥੋਂ ਭੱਜ ਨਿਕਲਿਆ। ਜਿਸ ਦੀ ਕਿ ਮੌਕੇ ਤੇ ਮੌਜੂਦ ਸਿੰਘ ਵੱਲੋਂ ਥੋੜੀ ਵੀਡੀਓ ਵੀ ਬਣ ਗਈ ਜੋ ਕਿ ਸ਼ੋਸ਼ਲ ਮੀਚੀਆਂ ਤੇ ਵਾਇਰਲ ਹੋ ਰਹੀ ਹੈ।

## ਕੈਨੇਡਾ ਵਲੋਂ ਸਭ ਤੋਂ ਵੱਧ ਸਾਊਦੀ ਅਰਬ ਨੂੰ ਬਰਾਮਦ ਕੀਤੇ ਜਾ ਰਹੇ ਹਨ ਹਥਿਆਰ

ਓਟਵਾ-ਸਾਊਦੀ ਅਰਬ ਜਿਸ ਨੇ ਪਿਛਲੇ ਮਹੀਨੇ ਮਾਨਵੀ ਹੱਕਾਂ ਬਾਰੇ ਕਾਰਕੁਨਾਂ ਨੂੰ ਲੈ ਕੇ ਪੰਜ ਸਾਲ ਤਕ ਚੱਲੇ ਕੂਟਨੀਤਕ ਵਿਗਾੜ ਪਿੱਛੋਂ ਕੈਨੇਡਾ ਨਾਲ ਸੁਲ੍ਹਾ ਕੀਤੀ ਹੈ ਅਮਰੀਕਾ ਪਿੱਛੋਂ ਕੈਨੇਡਾ ਵਿਚ ਬਣੇ ਸੈਨਿਕ ਸਾਜ਼ੋ ਸਮਾਨ ਦਾ ਸਭ ਤੋਂ ਮਹੱਤਵਪੂਰਣ ਗਾਹਕ ਬਣਿਆਂ ਹੋਇਆ ਹੈ। ਵਿਸ਼ਵ ਮਾਮਲਿਆਂ ਬਾਰੇ ਓਟਵਾ ਦੇ ਵਿਭਾਗ ਨੇ 31 ਮਈ ਨੂੰ ਜਾਰੀ ਰਿਪੋਰਟ ਵਿਚ ਕਿਹਾ ਕਿ ਸਾਊਦੀ ਅਰਬ ਰੱਖਿਆ ਸਾਜ਼ੋ ਸਮਾਨ ਵਿਚ ਇਕ ਵਾਰ ਫਿਰ ਚੋਟੀ ਦਾ ਗੈਰ-ਅਮਰੀਕੀ ਬਾਜ਼ਾਰ ਬਣ ਗਿਆ ਅਤੇ ਇਸ ਨੇ ਕੈਨੇਡਾ ਤੋਂ 1.15 ਅਰਬ ਡਾਲਰ ਦੇ ਹਥਿਆਰ ਪ੍ਰਾਪਤ ਕੀਤੇ ਸਨ। 2022 ਵਿਚ ਸਾਊਦੀ ਅਰਬ ਸੁਰੱਖਿਆ ਮਾਮਲੇ ਵਿਚ ਕੈਨੇਡਾ ਦਾ ਵਿਦੇਸ਼ੀ ਗਾਹਕ ਦੇ ਆਧਾਰ ਦਾ ਮੁੱਖ ਹਿੱਸਾ ਰਿਹਾ ਹੈ। ਕੈਨੇਡਾ ਵਲੋਂ ਗੈਰ-ਅਮਰੀਕੀ ਮੁਲਕ ਤੋਂ ਬਿਨ੍ਹਾਂ ਬਰਾਮਦ ਕੀਤੇ ਹਥਿਆਰਾਂ ਵਿਚ ਸਾਊਦੀ ਅਰਬ ਦਾ ਹਿੱਸਾ 54 ਫ਼ੀਸਦੀ ਰਿਹਾ। ਬਰਾਮਦ ਦੀ ਕੀਮਤ ਦੇ ਹਿਸਾਬ ਨਾਲ ਕੈਨੇਡਾ ਦੇ ਹਥਿਆਰਾਂ ਦਾ ਅਗਲਾ ਸਭ ਤੋਂ ਵੱਡਾ ਖਰੀਦਦਾਰ ਜਰਮਨੀ ਰਿਹਾ ਜਿਸ ਨੇ 221 ਮਿਲੀਅਨ ਡਾਲਰ ਤੋਂ ਵੀ ਜ਼ਿਆਦਾ ਕੀਮਤ ਦੇ ਹਥਿਆਰ ਖਰੀਦੇ।

## 13 ਦੇਸ਼ਾਂ ਦੇ ਨਾਗਰਿਕਾਂ ਨੂੰ ਕੈਨੇਡੀਅਨ ਵੀਜੇ ਲਈ ਛੋਟਾਂ



ਓਟਵਾ-ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਐਲਾਨ ਕੀਤਾ ਕਿ 13 ਦੇਸ਼ਾਂ ਦੇ ਘੱਟ ਜ਼ੋਖਮ ਵਾਲੇ ਯਾਤਰੀ ਜੇਕਰ ਕੈਨੇਡਾ ਦੀ ਯਾਤਰਾ ਕਰਨੀ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਵੀਜ਼ੇ ਲਈ ਅਰਜ਼ੀ ਦੇਣ ਦੀ ਲੋੜ ਨਹੀਂ। ਇਕ ਵਿਸਤ੍ਰਿਤ ਪ੍ਰੋਗਰਾਮ ਲੋਕਾਂ ਨੂੰ ਇਸ ਦੀ ਬਜਾਏ ਇਲੈਕਟ੍ਰਾਨਿਕ ਤਰੀਕੇ ਨਾਲ ਅਪਲਾਈ ਕਰਨ ਦੀ ਇਜਾਜ਼ਤ ਦੇਵੇਗਾ। ਇਲੈਕਟ੍ਰਾਨਿਕ ਡਿਜੀਟਲ ਐਥੋਰਾਈਜੇਸ਼ਨ ਇਕ ਡਿਜੀਟਲ ਟਰੈਵਲ ਦਸਤਾਵੇਜ਼ ਹੈ ਜਿਸ ਦੀ ਲਾਗਤ 7 ਡਾਲਰ ਹੈ ਅਤੇ ਉਸ ਦੀ ਪ੍ਰਕਿਰਿਆ ਮਿੰਟਾਂ ਵਿਚ ਨਬੇੜੀ ਜਾ ਸਕਦੀ ਹੈ। 13 ਦੇਸ਼ਾਂ ਦੇ ਯਾਤਰੀਆਂ ਨੇ ਜੇਕਰ ਪਿਛਲੇ 10 ਸਾਲਾਂ ਵਿਚ ਕੈਨੇਡੀਅਨ ਵੀਜ਼ਾ ਲਿਆ ਹੋਵੇ ਜਾਂ ਮੌਜੂਦਾ ਸਮੇਂ ਅਮਰੀਕਾ ਦਾ ਗੈਰ-ਪ੍ਰਵਾਸੀ ਵੀਜ਼ਾ ਹੈ ਅਤੇ ਹਵਾਈ ਯਾਤਰਾ ਕਰ ਰਹੇ ਹਨ ਉਹ ਤੇਜ਼, ਸਸਤੇ ਵਿਕਲਪ ਲਈ ਕੁਆਲੀਫਾਈ ਕਰ ਸਕਦੇ ਹਨ। ਕੈਨੇਡਾ ਨੇ ਪਾਇਲਟ ਪ੍ਰਾਜੈਕਟ ਤਹਿਤ 2017 ਵਿਚ ਬਰਾਜ਼ੀਲ, ਬਲਗਾਰੀਆ ਅਤੇ ਰੋਮਾਨੀਆਂ ਦੇ ਯਾਤਰੀਆਂ ਲਈ ਇਹ ਤਰੀਕਾ ਅਪਨਾਉਣ ਦੀ ਕੋਸ਼ਿਸ਼ ਕੀਤੀ ਸੀ। ਉਸ ਸਮੇਂ ਤੋਂ ਬਲਗਾਰੀਆ ਤੇ ਰੋਮਾਨੀਆ ਲਈ ਵੀਜ਼ਾ ਸ਼ਰਤਾਂ ਨੂੰ ਹਟਾ ਦਿੱਤਾ ਗਿਆ ਹੈ ਪਰ ਬਰਾਜ਼ੀਲ ਤੋਂ ਯੋਗ ਲੋਕ ਅਜੇ ਵੀ ਇਲੈਕਟ੍ਰਾਨਿਕ ਟਰੈਵਲ ਐਥੋਰਾਈਜੇਸ਼ਨ ਲਈ ਅਪਲਾਈ ਕਰ ਸਕਦੇ ਹਨ।



# ਵਿਧਾਇਕਾ ਮਾਣੂੰਕੇ ਨੇ 'ਨੱਪੀ' ਪਰਵਾਸੀ ਪੰਜਾਬੀ ਦੀ ਕੋਠੀ

ਜਗਰਾਉਂ-ਇੱਥੇ ਇੱਕ ਐੱਨਆਰਆਈ ਔਰਤ ਨੇ ਹਲਕਾ ਜਗਰਾਉਂ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ 'ਤੇ ਸਥਾਨਕ ਹੀਰਾ ਬਾਗ ਸਥਿਤ ਉਸ ਦੀ ਕੋਠੀ 'ਤੇ ਕਬਜ਼ਾ ਕਰਨ ਦੇ ਦੋਸ਼ ਲਾਏ ਹਨ। ਉਸ ਨੇ ਜ਼ਿਲ੍ਹਾ ਪੁਲੀਸ ਮੁਖੀ ਨੂੰ ਸ਼ਿਕਾਇਤ ਦੇ ਕੇ ਵਿਧਾਇਕਾ ਖ਼ਿਲਾਫ਼ ਕਾਰਵਾਈ ਮੰਗੀ ਹੈ। ਦੂਜੇ ਪਾਸੇ ਵਿਧਾਇਕਾ ਮਾਣੂੰਕੇ ਨੇ ਦੋਸ਼ ਨਕਾਰਦਿਆਂ ਕਿਹਾ ਕਿ ਉਨ੍ਹਾਂ ਦੀ ਸਿਆਸੀ ਸਾਖ਼ ਨੂੰ ਸੱਟ ਮਾਰਨ ਲਈ ਅਜਿਹਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕਿਰਾਏ ਵਾਲੀ ਪੁਰਾਣੀ ਕੋਠੀ ਛੱਡ ਕੇ ਉਹ ਨਵੀਂ ਕੋਠੀ 'ਚ ਵੀ ਕਿਰਾਏ 'ਤੇ ਹੀ ਆਏ ਹਨ। ਇਸ ਦਾ ਬਾਕਾਇਦਾ ਕਿਰਾਏ ਸਬੰਧੀ 'ਇਕਰਾਰ' ਹੋਣ ਦਾ ਦਾਅਵਾ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਹੁਣ ਕੋਠੀ ਦੇ ਦੋ ਮਾਲਕ ਸਾਹਮਣੇ ਆ ਗਏ ਹਨ ਤਾਂ ਇਸ ਦੀ ਜਾਂਚ ਕਰਵਾਈ ਜਾਵੇ ਅਤੇ ਜਿਹੜਾ ਅਸਲ ਮਾਲਕ ਹੋਵੇਗਾ ਉਹ ਉਸ ਨੂੰ ਕੋਠੀ ਦੀਆਂ ਚਾਬੀਆਂ ਦੇਣ ਲਈ ਤਿਆਰ ਹਨ। ਜ਼ਿਲ੍ਹਾ ਪੁਲੀਸ ਮੁਖੀ ਨੇ ਇਹ ਸ਼ਿਕਾਇਤ ਜਾਂਚ ਲਈ ਅੱਗੇ ਐੱਸਪੀ (ਡੀ) ਨੂੰ ਭੇਜ ਦਿੱਤੀ ਹੈ।



ਸ਼ਿਕਾਇਤਕਰਤਾ ਅਮਰਜੀਤ ਕੌਰ ਨੇ ਖੁਦ ਨੂੰ ਲੋਪੋਂ (ਮੋਗਾ) ਦੀ ਰਹਿਣ ਵਾਲੀ ਦੱਸਦਿਆਂ ਕਿਹਾ ਕਿ ਉਸ ਦੀ ਜਗਰਾਉਂ ਦੇ ਹੀਰਾ ਬਾਗ ਵਿੱਚ ਕੋਠੀ ਹੈ, ਜੋ ਕਈ ਸਾਲਾਂ ਤੋਂ ਖਾਲੀ ਪਈ ਸੀ। ਉਨ੍ਹਾਂ ਉਸ ਕੋਠੀ 'ਤੇ ਵਿਧਾਇਕਾ ਵੱਲੋਂ ਕਥਿਤ ਨਾਜਾਇਜ਼ ਕਬਜ਼ਾ ਕਰਨ ਅਤੇ ਉਸ 'ਚ ਦਾਖ਼ਲ ਨਾ ਹੋਣ ਦੇਣ ਦੇ ਦੋਸ਼ ਲਾਏ ਹਨ। ਦੂਜੇ ਪਾਸੇ ਵਿਧਾਇਕਾ ਨੇ ਕਰਮ ਸਿੰਘ ਨਾਂ ਦੇ ਵਿਅਕਤੀ ਤੋਂ ਕੋਠੀ ਕਿਰਾਏ 'ਤੇ ਲੈਣ ਦਾ ਦਾਅਵਾ ਕੀਤਾ। ਉਨ੍ਹਾਂ ਕਿਹਾ ਕਿ ਸ਼ਿਕਾਇਤ ਸਬੰਧੀ ਪਤਾ ਲੱਗਣ 'ਤੇ ਉਨ੍ਹਾਂ ਖੁਦ ਪੁਲੀਸ ਕੋਲ ਜਾ ਕੇ ਅਸਲ ਮਾਲਕ ਦਾ ਪਤਾ ਲਾਉਣ ਲਈ ਜਾਂਚ ਦੀ ਮੰਗ ਕੀਤੀ ਹੈ। ਸ਼ਿਕਾਇਤਕਰਤਾ ਵੱਲੋਂ ਇਸ ਸਬੰਧੀ ਮੁੱਖ ਮੰਤਰੀ ਦਫ਼ਤਰ ਤੋਂ ਲੈ ਕੇ ਵਿਧਾਨ ਸਭਾ ਦੇ ਸਪੀਕਰ ਤੇ ਹੋਰ ਮੰਤਰੀਆਂ ਨੂੰ ਵੀ ਸ਼ਿਕਾਇਤ ਕੀਤੀ ਗਈ ਹੈ।

### ਸੁਖਬੀਰ ਬਾਦਲ ਨੇ ਮਾਣੂੰਕੇ ਖ਼ਿਲਾਫ਼ ਕਾਰਵਾਈ ਮੰਗੀ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇੱਕ ਐੱਨਆਰਆਈ ਮਹਿਲਾ ਦੀ ਕੋਠੀ 'ਤੇ ਕਬਜ਼ਾ ਕਰਨ ਦੇ ਦੋਸ਼ ਹੇਠ 'ਆਪ' ਵਿਧਾਇਕਾ ਸਰਵਜੀਤ ਕੌਰ ਮਾਣੂਕੇ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕਾਰਵਾਈ ਕਰਨ ਦੀ ਜਗ੍ਹਾ ਪੰਜਾਬ ਪੁਲੀਸ ਮਾਮਲੇ ਨੂੰ ਦੱਬ ਰਹੀ ਹੈ। ਸੁਖਬੀਰ ਨੇ ਕਿਹਾ ਕਿ ਇਸ ਨਾਲ ਐੱਨਆਰਆਈ ਭਾਈਚਾਰੇ ਲਈ ਗਲਤ ਸੰਦੇਸ਼ ਜਾਂਦਾ ਹੈ ਕਿ ਪੰਜਾਬ ਵਿੱਚ ਪਰਵਾਸੀਆਂ ਦੀਆਂ ਜ਼ਮੀਨਾਂ ਸੁਰੱਖਿਅਤ ਨਹੀਂ ਹਨ। ਉਨ੍ਹਾਂ ਕਿਹਾ ਕਿ ਐੱਨਆਰਆਈ ਅਮਰਜੀਤ ਕੌਰ ਨੇ ਡੀਜੀਪੀ ਸਮੇਤ ਹੋਰ ਮੰਤਰੀਆਂ ਤੱਕ ਵੀ ਪਹੁੰਚ ਕੀਤੀ ਹੈ ਪਰ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ।

# ਸੁਖਬੀਰ ਨੂੰ ਲਿਫਾਫੇ 'ਚੋਂ ਪ੍ਰਧਾਨ ਕੱਢਣ ਤੋਂ ਰੋਕਿਆ ਸੀ, ਮੈਨੂੰ ਹੀ ਕੱਢ ਦਿੱਤਾ: ਜਗੀਰ ਕੌਰ

ਪਾਇਲ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਸ਼੍ਰੋਮਣੀ ਅਕਾਲੀ ਪੰਥਕ ਬੋਰਡ ਦਾ ਐਲਾਨ ਕਰਨ ਤੋਂ ਬਾਅਦ ਆਪਣੇ ਸਮਰਥਕਾਂ ਨਾਲ ਮੀਟਿੰਗਾਂ ਦਾ ਦੌਰ ਤੇਜ਼ ਕਰ ਦਿੱਤਾ ਹੈ। ਬੀਬੀ ਜਗੀਰ ਕੌਰ ਪਾਇਲ ਵਿੱਚ ਇੱਕ ਸ਼ੋਕ ਸਮਾਗਮ ਵਿੱਚ ਪੁੱਜੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਇਕੋ ਇੱਕ ਮਕਸਦ ਐੱਸਜੀਪੀਸੀ ਨੂੰ ਇੱਕ ਪਾਰਟੀ ਅਤੇ ਪਰਿਵਾਰ ਤੋਂ ਮੁਕਤ ਕਰਵਾਉਣਾ ਹੈ। ਬੀਬੀ ਜਗੀਰ ਕੌਰ ਨੇ ਅਕਾਲੀ ਦਲ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਐੱਸਜੀਪੀਸੀ ਦਾ ਪ੍ਰਧਾਨ ਲਿਫਾਫੇ ਵਿਚੋਂ ਹੀ ਨਿਕਲਦਾ ਸੀ, ਜਿਸ ਨੂੰ ਲੈ ਕੇ ਕਈ ਵਾਰ ਸੁਖਬੀਰ ਸਿੰਘ ਬਾਦਲ ਕੋਲ ਇਤਰਾਜ਼ ਕੀਤਾ ਸੀ ਪਰ ਸੁਖਬੀਰ ਨੇ ਗੱਲ ਮੰਨਣ ਦੀ ਬਜਾਏ ਉਨ੍ਹਾਂ ਨੂੰ ਹੀ ਪਾਰਟੀ ਵਿਚੋਂ ਕੱਢ ਦਿੱਤਾ। ਸਿੱਖ ਕੌਮ ਅੰਦਰ ਅਕਾਲ ਤਖ਼ਤ ਸਾਹਿਬ ਦੀ ਮਾਨਤਾ ਨੂੰ ਲੈ ਕੇ ਵੀ ਬੀਬੀ ਜਗੀਰ ਕੌਰ ਨੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਜਦੋਂ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਸੰਸਥਾ ਅਤੇ ਪਾਰਟੀ ਹੀ ਜਥੇਦਾਰ ਦਾ ਹੁਕਮ ਨਹੀਂ ਮੰਨੇਗੀ ਤਾਂ ਆਮ ਲੋਕ ਕਿਸ ਤਰ੍ਹਾਂ ਮੰਨਣਗੇ। ਪ੍ਰਾਪਤ ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਬੰਧੀ ਪ੍ਰਚਾਰ ਦੀ ਪਿੜ ਸਾਰੀਆਂ ਹੀ ਧਿਰਾਂ ਵੱਲੋਂ ਮਘਾ ਦਿੱਤੀ ਗਈ ਹੈ ਤੇ ਬੀਬੀ ਜਗੀਰ ਕੌਰ ਨੇ ਕੱਲ੍ਹ ਹੀ ਚੋਣਾਂ ਲੜਨ ਲਈ ਸ਼੍ਰੋਮਣੀ ਅਕਾਲੀ ਪੰਥਕ ਬੋਰਡ ਦਾ ਐਲਾਨ ਵੀ ਕੀਤਾ ਹੈ।



### ਬੀਬੀ ਜਗੀਰ ਕੌਰ ਦੇ ਹਮਾਇਤੀ ਸ਼੍ਰੋਮਣੀ ਕਮੇਟੀ ਮੈਂਬਰ ਅਕਾਲੀ ਦਲ 'ਚ ਸ਼ਾਮਲ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੀਬੀ ਜਗੀਰ ਕੌਰ ਦੇ ਦੋ ਹਮਾਇਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਦਾ ਅਕਾਲੀ ਦਲ ਵਿਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ। ਪਾਰਟੀ ਪ੍ਰਧਾਨ ਨੇ ਅੱਜ ਇੱਥੇ ਪਾਇਲ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਹਰਪਾਲ ਸਿੰਘ ਜੱਲਾ ਅਤੇ ਅੰਬਾਲਾ ਤੋਂ ਮੈਂਬਰ ਅਮਰੀਕ ਸਿੰਘ ਜਨੇਤਪੁਰ ਦਾ ਅਕਾਲੀ ਦਲ ਵਿਚ ਸ਼ਾਮਲ ਹੋਣ 'ਤੇ ਸਨਮਾਨ ਕੀਤਾ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦੀ ਉਮੀਦਵਾਰੀ ਦੀ ਹਮਾਇਤ ਕਰਨ ਵਾਲੇ 10 ਤੋਂ 15 ਹੋਰ ਸ਼੍ਰੋਮਣੀ ਕਮੇਟੀ ਮੈਂਬਰ ਜਲਦ ਅਕਾਲੀ ਦਲ ਵਿਚ ਸ਼ਾਮਲ ਹੋਣਗੇ। ਸ੍ਰੀ ਬਾਦਲ ਨੇ ਪਿਛਲੇ ਸਾਲਾਂ ਦੌਰਾਨ ਅਕਾਲੀ ਦਲ ਛੱਡ ਕੇ ਗਏ ਸਾਰੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਮਾਂ ਪਾਰਟੀ ਵਿਚ ਮੁੜ ਸ਼ਾਮਲ ਹੋਣ। ਉਨ੍ਹਾਂ ਕਿਹਾ ਕਿ ਜੇਕਰ ਮੇਰੇ ਤੋਂ ਕੋਈ ਗਲਤੀ ਹੋਈ ਹੋਵੇ ਤਾਂ ਉਹ ਮੁਆਫੀ ਮੰਗਦੇ ਹਨ ਪਰ ਪੰਥ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਰਚਣ ਵਾਲੀਆਂ ਤਾਕਤਾਂ ਨੂੰ ਮਾਤ ਪਾਉਣ ਲਈ ਸਾਡਾ ਇਕਜੁੱਟ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰਪਾਲ ਸਿੰਘ ਜੱਲਾ ਅਕਾਲੀ ਦਲ ਵਿਚ ਮੁੜ ਸ਼ਾਮਲ ਹੋਏ ਹਨ, ਉਥੇ ਹੀ ਅਮਰੀਕ ਸਿੰਘ ਜਨੇਤਪੁਰ ਇਕ ਆਜ਼ਾਦ ਜਿੱਤੇ ਹੋਏ ਮੈਂਬਰ ਹਨ। ਦੋਵਾਂ ਮੈਂਬਰਾਂ ਨੇ ਅਕਾਲੀ ਦਲ ਪ੍ਰਧਾਨ ਦੀ ਲੀਡਰਸ਼ਿਪ ਵਿਚ ਪੂਰਨ ਭਰੋਸਾ ਪ੍ਰਗਟ ਕੀਤਾ ਤੇ ਭਰੋਸਾ ਦਿਵਾਇਆ ਕਿ ਉਹ ਹਰ ਪੱਧਰ 'ਤੇ ਪਾਰਟੀ ਨੂੰ ਮਜ਼ਬੂਤ ਕਰਨ ਵਾਸਤੇ ਕੰਮ ਕਰਨਗੇ।

# ਸਿੱਧੂ ਨੇ ਮੁੱਖ ਮੰਤਰੀ ਦੀ ਕੁਰਸੀ ਮਾਨ ਨੂੰ 'ਤੋਹਫ਼ੇ' 'ਚ ਦਿੱਤੀ: ਨਵਜੋਤ ਕੌਰ



ਚੰਡੀਗੜ੍ਹ-ਕਾਂਗਰਸ ਆਗੂ ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਨੇ ਅੱਜ ਦਾਅਵਾ ਕੀਤਾ ਕਿ ਉਨ੍ਹਾਂ ਦੇ ਪਤੀ ਨੇ ਭਗਵੰਤ ਮਾਨ ਨੂੰ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ 'ਤੋਹਫੇ' ਵਿੱਚ ਦਿੱਤੀ ਹੈ। ਨਵਜੋਤ ਕੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿੱਚ ਪਾਰਟੀ ਦੀ ਕਮਾਨ ਸਾਬਕਾ ਕ੍ਰਿਕਟਰ ਨੂੰ ਸੌਂਪਣਾ ਚਾਹੁੰਦੇ ਸੀ, ਪਰ ਸਿੱਧੂ ਨੇ ਆਪਣੀ ਕਾਂਗਰਸ ਪਾਰਟੀ ਨਾਲ ਧੋਖਾ ਨਹੀਂ ਕੀਤਾ। ਸਾਬਕਾ ਵਿਧਾਇਕ ਨਵਜੋਤ ਕੌਰ ਦਾ ਇਹ ਬਿਆਨ ਪਿਛਲੇ ਕੁਝ ਸਮੇਂ ਤੋਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਨਵਜੋਤ ਸਿੰਘ ਸਿੱਧੂ ਵਿਚਾਲੇ ਚੱਲ ਰਹੀ ਸ਼ਬਦੀ ਜੰਗ ਦੇ ਮੱਦੇਨਜ਼ਰ ਆਇਆ ਹੈ।

ਨਵਜੋਤ ਕੌਰ ਨੇ ਲੜੀਵਾਰ ਟਵੀਟਾਂ ਵਿੱਚ ਕਿਹਾ, "ਮੁੱਖ ਮੰਤਰੀ ਭਗਵੰਤ ਮਾਨ ਮੈਨੂੰ ਅੱਜ ਇਕ ਰਾਜ਼ ਦਾ ਖ਼ੁਲਾਸਾ ਕਰਨ ਦਿਓ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅੱਜ ਤੁਸੀਂ ਜਿਸ ਮਾਣ ਵਾਲੀ ਕੁਰਸੀ 'ਤੇ ਬੈਠੇ ਹੋ, ਉਹ ਤੁਹਾਨੂੰ ਤੁਹਾਡੇ ਵੱਡੇ ਭਰਾ ਨਵਜੋਤ ਸਿੱਧੂ ਨੇ ਤੋਹਫ਼ੇ ਵਿਚ ਦਿੱਤੀ ਹੈ। ਤੁਹਾਡੇ ਆਪਣੇ ਸਭ ਤੋਂ ਸੀਨੀਅਰ ਨੇਤਾ ਦੀ ਇੱਛਾ ਸੀ ਕਿ ਨਵਜੋਤ ਪੰਜਾਬ ਦੀ ਕਮਾਨ ਸੰਭਾਲੇ।" ਉਨ੍ਹਾਂ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ ਕਈ ਵਾਰ ਨਵਜੋਤ ਸਿੰਘ ਸਿੱਧੂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਪਾਰਟੀ ਦੀ ਕਮਾਨ ਸੰਭਾਲਣ ਲਈ ਕਿਹਾ ਸੀ, ਪਰ ਨਵਜੋਤ ਨੇ ਕਾਂਗਰਸ ਨੂੰ ਧੋਖਾ ਨਹੀਂ ਦਿੱਤਾ। ਉਨ੍ਹਾਂ ਨੇ ਪੰਜਾਬ ਦੀ ਖ਼ੁਸ਼ਹਾਲੀ ਲਈ ਸਭ ਕੁਝ ਕੁਰਬਾਨ ਕਰ ਦਿੱਤਾ। ਨਵਜੋਤ ਕੌਰ ਨੇ ਇਕ ਹੋਰ ਟਵੀਟ ਵਿੱਚ ਕਿਹਾ, "ਤੁਸੀਂ ਸੱਚ ਦੇ ਰਾਹ 'ਤੇ ਤੁਰੋ ਤੇ ਉਹ ਤੁਹਾਡੀ ਪੂਰੀ ਹਮਾਇਤ ਕਰੇਗਾ, ਪਰ ਜਿਸ ਪਲ ਤੁਸੀਂ ਆਪਣੇ ਰਾਹ ਤੋਂ ਥਿੜਕੇ, ਉਹ ਤੁਹਾਨੂੰ ਦੋਵਾਂ ਪਾਸਿਆਂ ਤੋਂ ਨਿਸ਼ਾਨਾ ਬਣਾਏਗਾ। ਰੰਗਲਾ ਪੰਜਾਬ ਉਸ ਦਾ ਸੁਫ਼ਨਾ ਹੈ ਤੇ ਉਹ ਇਸ ਨੂੰ ਰੋਜ਼ ਜਿਊਂਦਾ ਹੈ।" ਦੱਸ ਦੇਈਏ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਦਿਨੀਂ ਜਲੰਧਰ ਵਿੱਚ ਵਿਰੋਧੀ ਧਿਰਾਂ ਦੇ ਆਗੂਆਂ ਦੇ ਹੋਏ ਇਕੱਠ ਦੇ ਹਵਾਲੇ ਨਾਲ ਇਨ੍ਹਾਂ ਆਗੂਆਂ ਨੂੰ 'ਇਕੋ ਥਾਲੀ ਦੇ ਚੱਟੇ-ਬੱਟੇ' ਕਰਾਰ ਦਿੱਤਾ ਸੀ।

# ਬਰਫ਼ਬਾਰੀ ਦੇ ਬਾਵਜੂਦ ਸ਼ਰਧਾਲੂਆਂ 'ਚ ਭਾਰੀ ਉਤਸ਼ਾਹ

ਅੰਮ੍ਰਿਤਸਰ-ਉਤਰਾਖੰਡ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਨਿਰੰਤਰ ਬਰਫਬਾਰੀ ਦੇ ਬਾਵਜੂਦ ਯਾਤਰਾ ਲਈ ਸ਼ਰਧਾਲੂਆਂ ਦੇ ਉਤਸ਼ਾਹ ਵਿੱਚ ਕੋਈ ਕਮੀ ਨਹੀਂ ਆਈ ਹੈ। ਸਾਲਾਨਾ ਯਾਤਰਾ ਦੇ ਆਰੰਭ ਹੋਣ ਤੋਂ ਲਗਪਗ ਤਿੰਨ ਹਫਤਿਆਂ ਦੌਰਾਨ ਹੁਣ ਤੱਕ 37 ਹਜ਼ਾਰ ਤੋਂ ਵੱਧ ਸ਼ਰਧਾਲੂ ਹੇਮਕੁੰਟ ਸਾਹਿਬ ਦੇ ਦਰਸ਼ਨ ਕਰ ਚੁੱਕੇ ਹਨ।



ਇਹ ਖੁਲਾਸਾ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਕੀਤਾ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਵਾਸਤੇ ਗੁਰਦੁਆਰੇ ਦੇ ਕਿਵਾੜ ਸੰਗਤ ਵਾਸਤੇ 20 ਮਈ ਨੂੰ ਖੋਲ੍ਹੇ ਗਏ ਸਨ। ਲਗਭਗ ਤਿੰਨ ਹਫ਼ਤਿਆਂ ਦੇ ਇਸ ਸਮੇਂ ਦੌਰਾਨ ਹੁਣ ਤੱਕ 37,407 ਸ਼ਰਧਾਲੂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਮੱਥਾ ਟੇਕ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉੱਤਰਾਖੰਡ ਵਿੱਚ ਸਥਾਪਤ ਸਾਰੇ ਧਾਮਾਂ ਵਿਚੋਂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਸਭ ਤੋਂ ਵਧੇਰੇ ਉਚਾਈ 15,200 ਫੁੱਟ ਉੱਤੇ ਸਥਿਤ ਹੈ। ਬਿੰਦਰਾ ਨੇ ਕਿਹਾ ਕਿ ਇਸ ਵਾਰ ਖਰਾਬ ਮੌਸਮ ਅਤੇ ਬਰਫਬਾਰੀ ਦੇ ਚੱਲਦਿਆਂ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਰਪੇਸ਼ ਹਨ ਜਿਸ ਦੇ ਬਾਵਜੂਦ ਸ਼ਰਧਾਲੂਆਂ ਦੇ ਉਤਸ਼ਾਹ ਵਿਚ ਕੋਈ ਕਮੀ ਨਹੀਂ ਆਈ ਅਤੇ ਯਾਤਰੂਆਂ ਦੇ ਉਤਸ਼ਾਹ ਸਦਕਾ ਇਹ ਯਾਤਰਾ ਨਿਰੰਤਰ ਜਾਰੀ ਹੈ।ਇਸ ਦੌਰਾਨ ਗੁਰਦੁਆਰਾ ਗੋਬਿੰਦ ਘਾਟ ਦੇ ਮੈਨੇਜਰ ਭਾਈ ਸੇਵਾ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਅਤੇ ਅਟਲਾਕੋਟੀ ਗਲੇਸ਼ੀਅਰ ਵਾਲੇ ਇਲਾਕੇ ਵਿੱਚ ਲਗਪਗ ਰੋਜ਼ ਹੀ ਹਲਕੀ ਬਰਫ਼ਬਾਰੀ ਹੋ ਰਹੀ ਹੈ। ਗੁਰਦੁਆਰੇ ਦੇ ਕਰਮਚਾਰੀਆਂ ਵੱਲੋਂ ਬਰਫ ਹਟਾ ਕੇ ਰਸਤਾ ਸਾਫ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਯਾਤਰੂਆਂ ਦੀ ਸਹੂਲਤ ਲਈ ਹੈਲੀਕਾਪਟਰ ਸੇਵਾ ਵੀ ਨਿਰੰਤਰ ਚੱਲ ਰਹੀ ਹੈ। ਮਿਲੇ ਵੇਰਵਿਆਂ ਮੁਤਾਬਕ ਜੂਨ ਮਹੀਨੇ ਵਿਚ ਸਕੂਲਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਹੋਣ ਤੋਂ ਬਾਅਦ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਸ਼ਰਧਾਲੂਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

# ਸ਼੍ਰੋਮਣੀ ਕਮੇਟੀ ਨੇ ਫ਼ਿਲਮ 'ਗਦਰ-2' ਦੀ ਗੁਰੂਘਰ ਵਿੱਚ ਸ਼ੂਟਿੰਗ 'ਤੇ ਇਤਰਾਜ਼ ਜਤਾਇਆ

ਅੰਮ੍ਰਿਤਸਰ-ਗੁਰਦਾਸਪੁਰ ਤੋਂ ਭਾਜਪਾ ਦੇ ਲੋਕ ਸਭਾ ਮੈਂਬਰ ਤੇ ਅਦਾਕਾਰ ਸੰਨੀ ਦਿਓਲ ਦੀ ਫ਼ਿਲਮ 'ਗਦਰ-2' ਦੇ ਇੱਕ ਸੀਨ ਦੀ ਗੁਰਦੁਆਰੇ ਦੀ ਹਦੂਦ ਅੰਦਰ ਕੀਤੀ ਸ਼ੂਟਿੰਗ 'ਤੇ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਕੀਤਾ ਹੈ। ਇਸ ਸਬੰਧੀ ਆਨਲਾਈਨ ਸਾਹਮਣੇ ਆਈ ਵੀਡੀਓ ਕਲਿਪ 'ਚ ਸੰਨੀ ਦਿਓਲ ਅਦਾਕਾਰਾ ਅਮੀਸ਼ਾ ਪਟੇਲ ਨੂੰ ਬਾਂਹ ਤੋਂ ਫੜ ਕੇ ਇੱਕ ਦੂਜੇ ਨੂੰ ਵੇਖਦੇ ਹੋਏ ਨਜ਼ਰ ਆ ਰਹੇ ਹਨ ਤੇ ਗਤਕੇ ਦਾ ਪ੍ਰਦਰਸ਼ਨ ਕਰ ਰਹੇ ਨੌਜਵਾਨ ਨਿਹੰਗ ਬਾਣੇ 'ਚ ਉਨ੍ਹਾਂ ਦੇ ਆਲੇ-ਦੁਆਲੇ ਪ੍ਰਦਰਸ਼ਨ ਕਰਦੇ ਦਿਖਾਈ ਦੇ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਗੁਰਦੁਆਰੇ ਵਿੱਚ ਹੀਰੋ ਅਤੇ ਹੀਰੋਇਨ ਨੂੰ ਜਿਸ ਸਥਿਤੀ ਵਿੱਚ ਦਿਖਾਇਆ ਗਿਆ ਹੈ, ਉਹ ਇਤਰਾਜ਼ਯੋਗ ਹੈ। ਉਨ੍ਹਾਂ ਕਿਹਾ ਕਿ ਸੰਨੀ ਦਿਓਲ ਤੇ ਫ਼ਿਲਮ ਦੇ ਨਿਰਦੇਸ਼ਕ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਅਜਿਹੇ ਦ੍ਰਿਸ਼ ਗੁਰਦੁਆਰੇ ਦੀ ਇਮਾਰਤ ਵਿੱਚ ਨਹੀਂ ਫਿਲਮਾਏ ਜਾ ਸਕਦੇ।










ISSN : 1703-1370

VOICE OF THE PUNJABI COMMUNITY

DESH PARDES TIMES

ਦੇਸ ਪ੍ਰਦੇਸ ਟਾਈਮਜ਼



EDITOR / ਸੰਪਾਦਕ
ਸੁਖਵਿੰਦਰ ਸਿੰਘ ਚੋਹਲਾ
SUKHWINDER SINGH CHOHLA

MANAGING EDITOR (Hon.)
GURBHALINDER SINGH SANDHU
ASST. EDITOR (EDMONTON)
DAVINDER DEEPTI

ਸੰਪਾਦਕ ਦੀ ਕਲਮ ਤੋਂ....

## ਕੈਨੇਡੀਅਨ ਸਿਆਸਤ ਵਿਚ ਵਿਦੇਸ਼ੀ ਦਖਲਅੰਦਾਜ਼ੀ ਦਾ ਮੁੱਦਾ

# ਡੇਵਿਡ ਜੌਹਨਸਟਨ ਦਾ ਅਸਤੀਫਾ...

**ਸੁਖਵਿੰਦਰ ਸਿੰਘ ਚੋਹਲਾ**



ਪ੍ਰਧਾਨ ਮੰਤਰੀ ਟਰੂਡੋ ਵਲੋਂ ਕੈਨੇਡੀਅਨ ਸਿਆਸਤ ਵਿਚ ਵਿਦੇਸ਼ੀ ਦਖਲਅੰਦਾਜੀ ਦੀ ਜਾਂਚ ਲਈ ਨਿਯੁਕਤ ਕੀਤੇ ਗਏ ਵਿਸ਼ੇਸ਼ ਜਾਂਚ ਅਧਿਕਾਰੀ ਸਾਬਕਾ ਗਵਰਨਰ ਜਨਰਲ ਡੇਵਿਡ ਜੌਹਨਸਟਨ ਨੇ ਆਖਰ ਆਪਣੇ ਅਹੁਦੇ ਤੋਂ ਹਟਣ ਦਾ ਐਲਾਨ ਕਰ ਦਿੱਤਾ ਹੈ। ਪਹਿਲਾਂ ਉਹਨਾਂ ਵਲੋਂ ਇਹ ਕਿਹਾ ਜਾ ਰਿਹਾ ਸੀ ਕਿ ਉਹਨਾਂ ਨੂੰ ਪ੍ਰਧਾਨ ਮੰਤਰੀ ਨੇ ਜੋ ਕੰਮ ਸੌਂਪਿਆ ਹੈ, ਉਸਨੂੰ ਮੁਕੰਮਲ ਕਰਨਾ ਉਸਦੀ ਪਹਿਲੀ ਜਿੰਮੇਵਾਰੀ ਹੈ। ਉਹਨਾਂ ਦੇ ਇਹਨਾਂ ਬੋਲਾਂ ਦਾ ਅਰਥ ਇਹ ਸੀ ਕਿ ਉਹ ਵਿਰੋਧੀ ਧਿਰਾਂ ਵਲੋਂ ਉਹਨਾਂ ਦੀ ਨਿਯੁਕਤੀ ਦੇ ਕੀਤੇ ਜਾ ਰਹੇ ਵਿਰੋਧ ਦੇ ਬਾਵਜੂਦ ਆਪਣਾ ਕੰਮ ਜਾਰੀ ਰੱਖਣਾ ਚਾਹੁਣਗੇ। ਉਹ ਆਪਣੀ ਇਸ ਟਿਪਣੀ ਦੇ ਨਾਲ ਇਹ ਦਾਅਵਾ ਵੀ ਕਰ ਰਹੇ ਸਨ ਕਿ ਉਹ ਕੈਨੇਡੀਅਨ ਜਮਹੂਰੀ ਪ੍ਰਣਾਲੀ ਵਿਚ ਵਿਸ਼ਵਾਸ ਮਜ਼ਬੂਤੀ ਲਈ ਕੰਮ ਕਰ ਰਹੇ ਹਨ ਪਰ ਇਸਦੇ ਨਾਲ ਹੀ ਉਹ ਸੰਸਦ ਵਿਚ ਵਿਰੋਧੀ ਐਮ ਪੀਜ਼ ਵਲੋਂ ਬਹੁਮਤ ਨਾਲ ਪਾਸ ਕੀਤੇ ਮਤੇ ਨੂੰ ਵੀ ਅਣਗੌਲਿਆਂ ਕਰ ਰਹੇ ਸਨ। ਉਹਨਾਂ ਦੀ ਇਸ ਦੁਬਿਧਾਪੂਰਣ ਸਥਿਤੀ ਚੋ ਇਹ ਅਰਥ ਕੱਢੇ ਜਾ ਰਹੇ ਸਨ ਕਿ ਉਹ ਜਿਵੇਂ ਕਿਵੇਂ ਇਸ ਮਾਮਲੇ ਵਿਚ ਪ੍ਰਧਾਨ ਮੰਤਰੀ ਟਰੂਡੋ ਨੂੰ ਬਚਾਉਣ ਦੇ ਆਹਰ ਵਿਚ ਹਨ। ਵਿਰੋਧੀ ਧਿਰ ਦੇ ਆਗੂ ਪੀਅਰ ਪੋਲੀਵਰ ਸ਼ਰੇਆਮ ਇਹ ਇਲਜਾਮ ਲਗਾ ਰਹੇ ਹਨ ਕਿ ਡੇਵਿਡ ਜੌਹਸਨਟਨ ਜਾਂਚ ਨੂੰ ਮੁਕੰਮਲ ਕਰਨ ਦੇ ਬਹਾਨੇ ਪ੍ਰਧਾਨ ਮੰਤਰੀ ਟਰੂਡੋ ਨੂੰ ਚੀਨੀ ਸੰਸਥਾਵਾਂ ਵਲੋਂ ਮਿਲੀਆਂ ਸੌਗਾਤਾਂ ਉਪਰ ਪਰਦੇ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਜੋ ਵੀ ਹੈ ਕਿ ਹੁਣ ਡੇਵਿਡ ਜੌਹਨਸਟਨ ਵਲੋਂ ਅਸਤੀਫੇ ਦੇ ਫੈਸਲੇ ਨਾਲ ਵਿਰੋਧੀ ਧਿਰਾਂ ਵਲੋਂ ਇਸ ਮਾਮਲੇ ਦੀ ਜਨਤਕ ਜਾਂਚ ਕਰਵਾਏ ਜਾਣ ਦੀ ਮੰਗ ਨੂੰ ਹੋਰ ਬਲ ਮਿਲ ਗਿਆ ਹੈ। ਡੇਵਿਡ ਜੌਹਨਸਟਨ ਨੇ ਆਪਣੇ ਅਸਤੀਫੇ ਵਿਚ ਕਿਹਾ ਹੈ ਕਿ ਉਹ ਕੈਨੇਡੀਅਨ ਸਿਆਸਤ ਵਿਚ ਵਿਦੇਸ਼ੀ ਵਿਸ਼ੇਸ਼ ਕਰਕੇ ਚੀਨੀ ਦਖਲਅੰਦਾਜੀ ਦੇ ਗੰਭੀਰ ਮੁੱਦੇ ਦੀ ਜਾਂਚ ਕਰਨ ਲਈ ਅੱਗੇ ਆਏ ਸਨ। ਇਸ ਜਾਂਚ ਦਾ ਮਕਸਦ ਵਿਦੇਸ਼ੀ ਦਖਲਅੰਦਾਜੀ ਨਾਲੋ ਕੈਨੇਡੀਅਨ ਜਮਹੂਰੀ ਪ੍ਰਣਾਲੀ ਨੂੰ ਬਚਾਉਣ ਅਤੇ ਇਸ ਵਿਚ ਲੋਕ ਵਿਸ਼ਵਾਸ ਦੀ ਮਜ਼ਬੂਤੀ ਨੂੰ ਬਣਾਈ ਰੱਖਣਾ ਵਧੇਰੇ ਹੈ। ਪਰ ਹੁਣ ਜਿਵੇਂ ਦਾ ਮਾਹੌਲ ਬਣ ਗਿਆ ਹੈ, ਅਜਿਹੀ ਹਾਲਤ ਵਿਚ ਉਹਨਾਂ ਲਈ ਕੰਮ ਕਰਨਾ ਸੰਭਵ ਨਹੀ ਬਲਕਿ ਇਸਦਾ ਉਲਟਾ ਪ੍ਰਭਾਵ ਬਣ ਗਿਆ ਹੈ। ਅਜਿਹੀ ਹਾਲਤ ਵਿਚ ਉਹਨਾਂ ਦਾ ਜਾਂਚ ਤੋ ਲਾਂਭੇ ਹੋਣਾ ਹੀ ਬੇਹਤਰ ਹੈ। ਉਹਨਾਂ ਨਾਲ ਹੀ ਕਿਹਾ ਹੈ ਕਿ ਪ੍ਰਧਾਨ ਮੰਤਰੀ ਨੇ ਉਹਨਾਂ ਨੂੰ ਇਹ ਕੰਮ ਵੀ ਸੌਂਪਿਆ ਹੈ ਕਿ ਉਹ ਸਿਆਸੀ ਮਾਹਿਰਾਂ ਤੇ ਵਿਰੋਧੀਆਂ ਪਾਰਟੀਆਂ ਨਾਲ ਗੱਲਬਾਤ ਕਰਕੇ ਕਿਸੇ ਅਜਿਹੇ ਮਾਹਿਰ ਆਗੂ ਦੀ ਚੋਣ ਕਰਨ ਜੋ ਇਸ ਜਾਂਚ ਦੀ ਬੇਹਤਰ ਅਗਵਾਈ ਕਰ ਸਕੇ। ਉਹਨਾਂ ਨੇ ਆਪਣੇ ਅਸਤੀਫੇ ਵਿਚ ਜਨਤਕ ਜਾਂਚ ਦੀ ਮੰਗ ਦਾ ਜਿਕਰ ਨਹੀ ਕੀਤਾ ਜਦੋਂਕਿ ਤਿੰਨੇ ਵਿਰੋਧੀ ਪਾਰਟੀਆਂ ਸ਼ੁਰੂ ਤੋਂ ਇਹ ਮੰਗ ਕਰ ਰਹੀਆਂ ਹਨ ਤੇ ਹੁਣ ਉਹਨਾਂ ਦੇ ਅਸਤੀਫੇ ਉਪਰੰਤ ਹੀ ਵੀ ਉਹਨਾਂ ਨੇ ਆਪਣੀ ਇਸ ਮੰਗ ਨੂੰ ਦੁਹਰਾਇਆ ਹੈ। ਪਿਛਲੇ ਦਿਨੀ ਜੌਹਨਸਟਨ ਵਲੋਂ ਪੇਸ਼ ਕੀਤੀ ਗਈ ਆਪਣੀ ਅੰਤਰਿਮ ਜਾਂਚ ਰਿਪੋਰਟ ਉਪਰੰਤ ਇਕ ਸਿਆਸੀ ਘਮਾਸਾਨ ਜਿਹਾ ਪੈਦਾ ਹੋ ਗਿਆ ਸੀ। ਵਿਰੋਧੀ ਧਿਰਾਂ ਨੇ ਜੌਹਨਸਟਨ ਦੇ ਪ੍ਰਧਾਨ ਮੰਤਰੀ ਦੇ ਪਰਿਵਾਰ ਨਾਲ ਸਬੰਧਾਂ ਨੂੰ ਲੈਕੇ ਤਿੱਖੇ ਹਮਲੇ ਕੀਤੇ ਸਨ ਪਰ ਇਸਦੇ ਬਾਵਜੂਦ ਸਰਕਾਰ ਨੂੰ ਇਹ ਉਮੀਦ ਨਹੀ ਸੀ ਕਿ ਜੌਹਨਸਟਨ ਇਸ ਤਰਾਂ ਜਾਂਚ ਤੋ ਲਾਂਭੇ ਹੋ ਜਾਣਗੇ।

ਪ੍ਰਧਾਨ ਮੰਤਰੀ ਟਰੂਡੋ ਵਲੋਂ ਜਦੋਂ ਮਾਰਚ ਮਹੀਨੇ ਵਿਚ ਜੌਹਨਸਟਨ ਦੀ ਨਿਯੁਕਤੀ ਕੀਤੀ ਗਈ ਸੀ ਤਾਂ ਉਹਨਾਂ ਕਿਹਾ ਕਿ ਸੀ ਉਹ ਉਹਨਾਂ ਦੀਆਂ ਸਿਫਾਰਸ਼ਾਂ ਉਪਰ ਅਮਲ ਲਈ ਪਾਬੰਦ ਹੋਣਗੇ। ਹੁਣ ਜੌਹਨਸਟਨ ਨੇ ਆਪਣੇ ਅਸਤੀਫੇ ਨਾਲ ਜਨਤਕ ਜਾਂਚ ਨੂੰ ਆਖਰੀ ਹੱਲ ਦੀ ਬਿਜਾਏ ਜਮਹੂਰੀਅਤ ਦੀ ਮਜ਼ਬੂਤੀ ਲਈ ਗੱਲਬਾਤ ਨੂੰ ਜਾਰੀ ਰੱਖਣ ਨੂੰ ਹੀ ਪਹਿਲੀ ਤਰਜੀਹ ਕਿਹਾ ਹੈ ਕਿਉਂਕਿ ਉਹਨਾਂ ਦਾ ਮੰਨਣਾ ਹੈ ਕਿ ਇਹ ਅਜਿਹਾ ਮਾਮਲਾ ਹੈ ਜਿਸ ਵਿਚ ਖੁਫੀਆ ਤੰਤਰ ਵੀ ਸ਼ਾਮਿਲ ਹੈ ਜਿਹਨਾਂ ਦੀਆਂ ਰਿਪੋਰਟਾਂ ਨੂੰ ਜਨਤਕ ਕਰਨਾ ਜਾਂ ਪਾਰਦਰਸ਼ੀ ਢੰਗ ਨਾਲ ਵੇਖਣਾ ਬਹੁਤ ਮੁਸ਼ਕਲ ਹੈ। ਉਹਨਾਂ ਦੀ ਅੰਤਰਿਮ ਰਿਪੋਰਟ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਵਿਰੋਧੀ ਧਿਰਾਂ ਵਲੋਂ ਉਹਨਾਂ ਨੂੰ ਅਹੁਦੇ ਤੋ ਹਟਾਉਣ ਦੀ ਮੰਗ ਕੀਤੀ ਗਈ। ਇਥੋ ਤੱਕ ਕਿ ਪਿਛਲੇ ਦਿਨੀ ਉਹ ਇਕ ਪਾਰਲੀਮੈਂਟਰੀ ਕਮੇਟੀ ਅੱਗੇ ਵੀ ਪੇਸ਼ ਹੋਏ ਜਿਥੇ ਉਹਨਾਂ ਨਾਲ ਲਗਪਗ ਤਿੰਨ ਘੰਟੇ ਸਵਾਲ ਜਵਾਬ ਕੀਤੇ ਗਏ। ਇਸ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਉਹਨਾਂ ਨੇ ਆਪਣੀ ਜਾਂਚ ਦੌਰਾਨ ਉਸ ਲਿਬਰਲ ਐਮ ਪੀ ਨਾਲ ਕੋਈ ਗੱਲਬਾਤ ਨਹੀ ਕੀਤੀ ਜਿਸ ਸਬੰਧੀ ਇਹ ਖੁਲਾਸਾ ਹੋਇਆ ਸੀ ਉਸਦੀ ਨੌਮੀਨੇਸ਼ਨ ਚੋਣ ਵੇਲੇ ਚੀਨ ਨੇ ਉਸਦੀ ਮਦਦ ਕੀਤੀ ਸੀ। ਇਹ ਉਹੀ ਲਿਬਰਲ ਐਮ ਪੀ ਹੈ ਜਿਸਦੇ ਕਹਿਣ ਉਪਰ ਚੀਨ ਸਰਕਾਰ ਨੇ ਦੋ ਕੈਨੇਡੀਅਨ ਡਿਪਲੋਮੈਟ ਦੀ ਰਿਹਾਈ ਵਿਚ ਦੇਰੀ ਕੀਤੇ ਜਾਣ ਦੀਆਂ ਰਿਪੋਰਟਾਂ ਨਸਰ ਹੋਈਆਂ । ਇਹ ਵੱਖਰੀ ਗੱਲ ਹੈ ਕਿ ਇਸ ਮੀਡੀਆ ਰਿਪੋਰਟ ਖਿਲਾਫ ਇਸ ਐਮ ਪੀ ਨੇ ਅਦਾਲਤੀ ਕਾਰਵਾਈ ਦੀ ਚਾਰਾਜੋਈ ਆਰੰਭੀ ਹੋਈ ਹੈ। ਜੌਹਨਸਟਨ ਦੀ ਜਾਂਚ ਨੂੰ ਇਕਪਾਸੜ ਅਤੇ ਹੁਣ ਤੱਕ ਦੇ ਕੀਤੇ ਕੰਮ ਉਪਰ ਅਸੰਤੁਸ਼ਟੀ ਪ੍ਰਗਟ ਕਰਦਿਆਂ ਹੀ ਵਿਰੋਧੀ ਪਾਰਟੀਆਂ ਉਹਨਾਂ ਨੂੰ ਅਹੁਦੇ ਤੋਂ ਹਟਾਉਣ ਦੇ ਨਾਲ ਮੁਕੰਮਲ ਜਨਤਕ ਜਾਂਚ ਦੀ ਮੰਗ ਉਪਰ ਅੜੀਆਂ ਹੋਈਆਂ ਹਨ।

ਖੈਰ ਜੋ ਵੀ ਹੈ ਕਿ ਜੌਹਨਸਟਨ ਵਲੋਂ ਲਿਆ ਗਿਆ ਫੈਸਲਾ ਕੈਨੇਡੀਅਨ ਜਮਹੂਰੀ ਪ੍ਰਣਾਲੀ ਨੂੰ ਬਚਾਉਣ ਅਤੇ ਵਿਸ਼ਵਾਸ ਮਜ਼ਬੂਤੀ ਲਈ ਉਹਨਾਂ ਦੇ ਕਹਿਣ ਮੁਜਬ ਸ਼ੁਭ ਕਿਹਾ ਜਾ ਸਕਦਾ ਹੈ। ਉਹਨਾਂ ਨੇ ਸਰਕਾਰ ਦਾ ਪੱਖ ਪੂਰਨ ਅਤੇ ਆਪਣੀ ਜਿਦ ਪੁਗਾਉਣ ਦੀ ਬਿਜਾਏ ਇਸ ਅਹੁਦੇ ਨਾਲ ਚਿਪਕੇ ਰਹਿਣ ਦੀ ਥਾਂ ਅਸਤੀਫਾ ਦੇਣ ਦਾ ਫੈਸਲਾ ਲੈਕੇ ਕੈਨੇਡੀਅਨ ਸਿਆਸਤ ਵਿਚ ਇਮਾਨਦਾਰੀ ਦੀ ਮਰਿਯਾਦਾ ਨੂੰ ਕਾਇਮ ਰੱਖਿਆ ਹੈ। ਹੁਣ ਪ੍ਰਧਾਨ ਮੰਤਰੀ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਵੀ ਇਮਾਨਦਾਰ ਸਿਆਸਤ ਦਾ ਵਿਖਾਵਾ ਕਰਦਿਆਂ ਇਸ ਮੁੱਦੇ ਦੀ ਜਨਤਕ ਜਾਂਚ ਕਰਵਾਉਣ ਦਾ ਐਲਾਨ ਕਰਨ।

VICTORIA, DUNCAN REP.
JAGMOHAN SINGH
250-701-1025


VANCOUVER REP.
SANDEEP SINGH DHANJU
778-926-9778


WINNIPEG REP.
HARKAMAL SINGH SAGGI
204-997-6144
NARESH SHARMA
204-955-8396


DESH PARDES TIMES.
(Punjabi Newspaper)
Editor/Publisher- Sukhwinder Singh
Place of Publication- Vancouver (B.C)
HEAD OFFICE ADDRESS
119B-7536-130 ST., SURREY BC V3W 1H8
Email :desvancouver@gmail.com, sschohla@gmail.com
PHONE : 778-772-1994


CALGARY REP.
KAMALJIT BUTTAR
403-708-5465


INDIA REP.
ANUPINDER SINGH
+91-95016-60036

**ATTENTION FOR READERS** Desh Pardes Times and people associated with it are not responsible for any claims made by the advertisers and do not endorse any product or services advertised in the Desh Pardes Times. Please consult your lawyer before buying/hiring/contracting through the ads. published in this newspaper. Desh Pardes Times is in the business of selling space and the claims made by the advertisements are not tested/confirmed by an independent source. The opinions expressed in the articles and columns are those of the writers, editor or any other staff member of Des Pardes Times assumes no responsibility of any kind.



# ਇਲਿਆਸ ਘੁੰਮਣ ਦੀ ਸੰਪਾਦਿਤ ਪੁਸਤਕ 'ਵੰਡ' ਕੈਲੀਫੋਰਨੀਆ ਵਿਚ ਲੋਕ ਅਰਪਣ

## ਚਰਨਜੀਤ ਸਿੰਘ ਪੰਨੂੰ ਦੀ ਕਹਾਣੀ ਮੁਹੰਮਦ ਸਿੰਘ ਅਜੇ ਜ਼ਿੰਦਾ ਹੈ ਸ਼ਾਮਿਲ

ਕੈਲੀਫੋਰਨੀਆ-1947 ਦੀ ਭਾਰਤ ਪਾਕਿਸਤਾਨ ਵੰਡ ਨੇ ਵਾਹਗੇ ਵਾਲੀ ਲਕੀਰ ਵਾਹ ਕੇ ਲੱਖਾਂ ਪੰਜਾਬੀਆਂ ਦੇ ਸੀਨੇ ਛੇਕ ਕਰ ਦਿੱਤੇ। ਇਹ ਦੁਨੀਆ ਭਰ ਦਾ ਸਭ ਤੋਂ ਵੱਡਾ ਉਜਾੜਾ ਗਰਦਾਨਿਆ ਗਿਆ ਜਿਸ ਵਿਚ ਦਸ ਲੱਖ ਤੋਂ ਵਧੀਕ ਮਨੁੱਖੀ ਜਾਨਾਂ ਦਾ ਵਿਨਾਸ਼ ਹੋਇਆ ਤੇ ਇਸ ਤੋਂ ਕਿਤੇ ਵਧੇਰੇ ਆਪਸ ਵਿਚ ਭਰਾਵਾਂ ਵਾਂਗ ਰਲ ਮਿਲ ਕੇ ਰਹਿੰਦੇ ਹਿੰਦੂ ਸਿੱਖ ਮੁਸਲਿਮ ਨੇ ਇੱਕ ਦੂਸਰੇ ਦੀ ਇੱਜਤ ਪਤ ਰੋਲੀ ਤੇ ਕਟੋਰੇ ਭਰ ਕੇ ਲਹੂ ਪੀਤਾ ਤੇ ਧਰਤੀ ਤੇ ਡੋਲ੍ਹਿਆ। ਪਾਕਿਸਤਾਨ ਰਹਿੰਦੇ ਪੰਜਾਬੀ ਪਿਆਰੇ ਸਿਰਮੌਰ ਕਹਾਣੀਕਾਰ ਤੇ ਪੰਜਾਬੀ ਸਾਹਿੱਤਕਾਰ ਇਲਿਆਸ ਘੁੰਮਣ ਨੇ ਆਪਣੀ 1010 ਪੰਨਿਆਂ ਵਾਲੀ ਵਡਆਕਾਰੀ ਪੁਸਤਕ 'ਵੰਡ' ਵਿਚ ਬਹੁਤ ਮਿਹਨਤ ਨਾਲ ਇਸ ਅਣਕਿਆਸੀ 'ਵੰਡ' ਦੀ ਦਰਦਨਾਕ ਤ੍ਰਾਸਦੀ ਬਿਆਨ ਕਰਦੀਆਂ 94 ਕਹਾਣੀਆਂ ਪਰੋਣ ਦਾ ਯਤਨ ਕੀਤਾ ਹੈ। ਇਸ ਪੁਸਤਕ ਵਿਚ ਕੈਲੀਫੋਰਨੀਆ ਰਹਿੰਦੇ ਵਿਸ਼ਵ ਪੰਜਾਬੀ ਸਾਹਿੱਤ ਅਕੈਡਮੀ ਦੇ ਮੀਤ ਪ੍ਰਧਾਨ ਚਰਨਜੀਤ ਸਿੰਘ ਪੰਨੂ ਦੀ ਕਹਾਣੀ 'ਮੁਹੰਮਦ ਸਿੰਘ ਅਜੇ ਜਿੰਦਾ ਹੈ' ਸ਼ਾਮਲ ਹੈ। ਸੁਰਿੰਦਰ ਧਨੋਏ ਰਾਹੀਂ ਅਮਰੀਕਾ ਪਹੁੰਚੀ ਇਹ ਕਿਤਾਬ ਸੁਰਿੰਦਰ ਧਨੋਆ ਨੇ ਇਲਿਆਸ ਘੁੰਮਣ ਦੀ ਤਰਫੋਂ ਚਰਨਜੀਤ ਸਿੰਘ ਪੰਨੂ ਨੂੰ ਭੇਟ ਕੀਤੀ ਤੇ ਇਹ ਵਿਸ਼ਵ ਸਾਹਿੱਤ ਅਕੈਡਮੀ ਦੇ ਮੈਂਬਰਾਂ ਨੇ ਮਿਲ ਕੇ ਰਿਲੀਜ਼ ਕੀਤੀ। ਸਭਾ ਦੇ ਸਾਬਕਾ ਪ੍ਰਧਾਨ ਸੁਖਵਿੰਦਰ ਕੰਬੋਜ਼ ਵੱਲੋਂ ਇਲਿਆਸ ਘੁੰਮਣ ਵੱਲੋਂ ਕੀਤੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ ਤੇ ਚਰਨਜੀਤ ਪੰਨੂ ਨੂੰ ਉਨ੍ਹਾਂ ਦੀ ਕਹਾਣੀ ਚੋਣ ਲਈ ਮੁਬਾਰਕ ਦਿੱਤੀ ਗਈ। ਚਰਨਜੀਤ ਸਿੰਘ ਪੰਨੂ ਨੇ ਦੱਸਿਆ ਕਿ ਇਲਿਆਸ ਘੁੰਮਣ ਦਾ ਇਹ ਉਪਰਾਲਾ 1995 ਤੋਂ ਜਾਰੀ ਹੈ ਜਦ ਉਸ ਨੇ ਤਲਵਿੰਦਰ ਨਾਲ ਮਿਲ ਕੇ 'ਉਜੜੇ ਗਰਾਂ ਦੇ ਵਾਸੀ' ਕਿਤਾਬ ਛਪਵਾਈ ਸੀ। ਇਸ ਸਮੇਂ ਉਹ ਦੁਨੀਆ ਭਰ ਦੇ ਸਾਰੇ ਲਿਖਿਆਰਾਂ ਤੋਂ ਅਜੇਹੀਆਂ ਹੋਰ ਕਹਾਣੀਆਂ ਦੀ ਚੋਣ ਕਰਦਾ ਆ ਰਿਹਾ ਹੈ ਤੇ ਅੱਗੇ ਵੀ ਜਾਰੀ ਹੈ। ਜੇ ਕਿਸੇ ਕੋਲ ਅਜੇਹੀ ਕੋਈ ਕਹਾਣੀ ਹੈ ਜਾਂ ਲਿਖ ਸਕਦਾ ਹੋਵੇ ਤਾਂ ਉਹ ਨਵੀਂ ਐਡੀਸ਼ਨ ਵਾਸਤੇ ਇਲਿਆਸ ਘੁੰਮਣ ਨੂੰ ਭੇਜ ਸਕਦਾ ਹੈ।

# ਵਿਦੇਸ਼ੀ ਦਖਲਅੰਦਾਜ਼ੀ ਬਾਰੇ ਵਿਸ਼ੇਸ਼ ਜਾਂਚ ਅਧਿਕਾਰੀ ਜੌਹਨਸਟਨ ਵਲੋਂ ਅਸਤੀਫ਼ਾ

ਸ਼ਫ਼ਾ 1 ਦੀ ਬਾਕੀ


ਸਿੱਟਾ ਕੱਢਿਆ ਹੈ ਕਿ, ਮੇਰੀ ਨਿਯੁਕਤੀ ਅਤੇ ਕੰਮ ਦੇ ਆਲੇ ਦੁਆਲੇ ਬਹੁਤ ਪੱਖਪਾਤੀ ਮਾਹੌਲ ਨੂੰ ਦੇਖਦੇ ਹੋਏ, ਮੇਰੀ ਲੀਡਰਸ਼ਿਪ ਦਾ ਉਲਟ ਪ੍ਰਭਾਵ ਹੋਇਆ ਹੈ। "ਇਸ ਲਈ ਮੈਂ ਆਪਣਾ ਅਸਤੀਫਾ ਦੇ ਰਿਹਾ ਹਾਂ। ਪ੍ਰੀਵੀ ਕੌਂਸਲ ਦਫਤਰ (ਪੀਸੀਓ) ਨੇ ਸ਼ੁੱਕਰਵਾਰ ਸ਼ਾਮ ਨੂੰ ਇੱਕ ਵੱਖਰੇ ਬਿਆਨ ਵਿੱਚ ਪੁਸ਼ਟੀ ਕੀਤੀ ਕਿ ਸਰਕਾਰ ਨੂੰ ਜੌਹਨਸਟਨ ਦਾ ਅਸਤੀਫਾ ਮਿਲ ਗਿਆ ਹੈ ਅਤੇ ਉਸਨੇ "ਨਿਪੁੰਨ ਪਬਲਿਕ ਸਰਵੈਂਟ" ਨੂੰ ਉਸਦੇ ਅੱਜ ਤੱਕ ਦੇ ਕੰਮ ਅਤੇ ਉਸਦੀ "ਕੈਨੇਡਾ ਅਤੇ ਕੈਨੇਡੀਅਨਾਂ ਪ੍ਰਤੀ ਵਚਨਬੱਧਤਾ" ਲਈ ਧੰਨਵਾਦ ਕੀਤਾ ਹੈ

# ਕੈਲੀਫੋਰਨੀਆ ਵਿਚ ਸਿੱਖਾਂ ਨੂੰ ਹੈਲਮਟ ਪਾਉਣ ਤੋਂ ਛੋਟ

ਸ਼ਫ਼ਾ 1 ਦੀ ਬਾਕੀ

ਉਥੇ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋਸ਼ ਲਾਇਆ ਕਿ ਬੀਬੀ ਜਗੀਰ ਕੌਰ ਨੇ ਆਪਣੇ ਇਕ ਵਿਵਾਦਤ ਬਿਆਨ ਨਾਲ ਜੂਨ 1984 ਦੇ ਘੱਲੂਘਾਰੇ ਦੀ ਯਾਦ ਮਨਾ ਰਹੀ ਸੰਗਤ ਦੀਆਂ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਕ ਇੰਟਰਵਿਊ ਦੌਰਾਨ 'ਸ਼੍ਰੋਮਣੀ ਅਕਾਲੀ ਪੰਥ ਬੋਰਡ' ਦੇ ਮੰਚ 'ਤੇ ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ ਨਾਲ ਸਬੰਧਤ ਵਿਅਕਤੀ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਲਈ ਮੌਕਾ ਦੇਣ ਦੀ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਘੱਲੂਘਾਰਾ ਹਫ਼ਤੇ ਦੌਰਾਨ ਸਿੱਖ ਕੌਮ ਭਾਵੁਕ ਪਲਾਂ 'ਚੋਂ ਲੰਘ ਰਹੀ ਹੈ, ਜਦੋਂਕਿ ਦੂਜੇ ਪਾਸੇ ਬੀਬੀ ਸਿੱਖ ਨਸਲਕੁਸ਼ੀ ਦੀ ਦੋਸ਼ੀ ਕਾਂਗਰਸ ਜਮਾਤ ਦਾ ਸ਼੍ਰੋਮਣੀ ਕਮੇਟੀ ਚੋਣਾਂ ਲਈ ਸਵਾਗਤ ਕਰ ਰਹੀ ਹੈ।

# ਆਸਾ ਸਿੰਘ ਜੌਹਲ ਦਾ ਮਰਨਉਪਰਾਂਤ ਸਨਮਾਨ




ਸਾਡੇ ਬਜ਼ੁਰਗਾਂ ਨੇ ਤਕਰੀਬਨ 130 ਸਾਲ ਪਹਿਲਾਂ ਕੈਨੇਡਾ ਦੀ ਧਰਤੀ ਉੱਪਰ ਪੈਰ ਰੱਖੇ। ਉਸ ਦਿਨ ਤੋਂ ਹੀ ਉਹਨਾਂ ਨੇ ਆਪਣੀ ਸਖਤ ਮਿਹਨਤ ਨਾਲ ਇਸ ਦੇਸ਼ ਦੀ ਤਰੱਕੀ ਵਿਚ ਅਣਮੁੱਲਾ ਯੋਗਦਾਨ ਪਾਇਆ ਹੈ। ਉਹਨਾਂ ਦੀ ਹਿੰਮਤ ਸਦਕੇ ਹੀ ਅੱਜ ਸਾਡੀ ਕਮਿਊਨਿਟੀ ਦਾ ਨਾਂ ਇਸ ਦੇਸ਼ ਵਿਚ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ। ਇਸ ਥਾਂ ਤੇ ਪਹੁੰਚਣ ਲਈ ਸਾਡੇ ਅਗੂਆਂ ਅਤੇ ਮੋਢੀਆ ਨੇ ਬਹੁਤ ਹੀ ਤਕਲੀਫਾਂ ਝੱਲੀਆਂ। ਇਹਨਾਂ ਦੀਆਂ ਕੁਰਬਾਨੀਆਂ ਦੇ ਸਿੱਟੇ ਵਜੋਂ ਹੀ ਅੱਜ ਸਾਡੀ ਕਮਿਊਨਿਟੀ ਕੈਨੇਡਾ ਵਿਚ ਬਹੁਤ ਹੀ ਪ੍ਰਭਾਵਸ਼ਾਲੀ, ਦਾਨੀ ਅਤੇ ਤਾਕਤਵਰ ਕਮਿਊਨਿਟੀ ਵਜੋਂ ਜਾਣੀ ਜਾਂਦੀ ਹੈ। ਇਹਨਾਂ ਸਤਿਕਾਰਯੋਗ ਵਿਅਕਤੀਆਂ ਵਿਚ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ,ਰਿਚਮੰਡ ਦੇ ਸਾਬਕਾ ਚੇਅਰਮੈਨ ਸੁਰਗਵਾਸੀ ਆਸਾ ਸਿੰਘ ਜੌਹਲ ਭੀ ਇਸ ਮਾਣ ਦੇ ਪਾਤਰ ਹਨ। ਉਹਨਾਂ ਦੀ ਸਾਡੀ ਕਮਿਊਨਿਟੀ, ਬੀ. ਸੀ. ਅਤੇ ਕੈਨੇਡਾ ਨੂੰ ਬਹੁਤ ਵੱਡੀ ਦੇਣ ਹੈ। ਆਸਾ ਸਿੰਘ ਜੌਹਲ 5 ਜੁਲਾਈ 2021 ਨੂੰ ਆਪਣੇ ਪਰਿਵਾਰ ਅਤੇ ਸਮੁੱਚੀ ਕਮਿਊਨਿਟੀ ਨੂੰ ਸਦੀਵੀ ਵਿਛੋੜਾ ਦੇ ਗਏ ਸਨ। 30 ਮਈ ,2023 ਨੂੰ ਕੈਨੇਡਾ ਦੀ ਜਾਣੀ ਪਹਿਚਾਣੀ ਵਪਾਰਕ ਜਥੇਬੰਦੀ ਜੇ ਏ ਬੀ ਸੀ ਨੇ ਕੁਝ ਨਾਮੀ ਕਮਿਊਨਿਟੀ ਦੇ ਲੀਡਰਾਂ ਅਤੇ ਬਿਜਨਸਮੈਨਾਂ ਨੂੰ ਸਨਮਾਨਿਤ ਕੀਤਾ। ਸਾਡੇ ਸਭ ਲਈ ਇਹ ਬਹੁਤ ਹੀ ਮਾਣ ਦੀ ਗੱਲ ਹੈ ਕਿ ਇਹਨਾਂ ਸਮਾਜ ਦੇ ਲੀਡਰਾਂ ਵਿਚ ਸੁਰਗਵਾਸੀ ਆਸਾ ਸਿੰਘ ਜੌਹਲ ਦਾ ਨਾਂ ਵੀ ਸ਼ਾਮਲ ਕੀਤਾ ਗਿਆ। ਇਸ ਮੌਕੇ ਉੱਪਰ ਭੇਜੇ ਸੁਨੇਹੇ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜੌਹਲ ਸਾਹਿਬ ਦੀਆਂ ਪ੍ਰਾਪਤੀਆਂ, ਦਾਨੀ ਸੁਭਾ, ਕਾਮਯਾਬੀ ਅਤੇ ਨਿਮਰਤਾ ਦੀ ਸ਼ਲਾਘਾ ਕੀਤੀ ਅਤੇ ਇਸ ਜਥੇਬੰਦੀ ਨੂੰ ਜੌਹਲ ਸਾਹਿਬ ਵਰਗੇ ਯੋਗ ਵਿਅਕਤੀ ਦੀ ਚੋਣ ਕਰਨ ਲਈ ਵਧਾਈ ਦਿੱਤੀ। ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ ਨੰਬਰ ਪੰਜ ਰੋਡ ਰਿਚਮੰਡ ਦੀ ਚੜ੍ਹਦੀ ਕਲਾ ਲਈ ਆਸਾ ਸਿੰਘ ਜੌਹਲ ਅਤੇ ਜੌਹਲ ਪਰਿਵਾਰ ਦਾ ਬਹੁਤ ਵੱਡਾ ਯੋਗਦਾਨ ਹੈ। ਜੌਹਲ ਸਾਹਿਬ ਦੇ ਇਸ ਸਨਮਾਨ ਲਈ ਇਸ ਗੁਰਦਵਾਰਾ ਸਾਹਿਬ ਦੀ ਸਮੁੱਚੀ ਪ੍ਰਬੰਧਕ ਕਮੇਟੀ ਅਤੇ ਸੰਗਤ ਜੌਹਲ ਪਰਿਵਾਰ ਨੂੰ ਉਹਨਾਂ ਦੇ ਇਸ ਸਨਮਾਨ ਲਈ ਹਾਰਦਿਕ ਵਧਾਈ ਦਿੰਦੀ ਹੈ।





# ਯਾਦਾਂ ਦੇ ਝਰੋਖੇ 'ਚੋਂ

## (ਨੈਣਾਂ)







# ਯਾਰਾਂ ਨਾਲ ਬਹਾਰਾਂ

*(ਲੜੀਵਾਰ ਕਾਲਮ)*



ਡਾ: ਪ੍ਰਿਤਪਾਲ ਕੌਰ ਚਾਹਲ
(ਪੀ.ਏ.ਯੂ. ਲੁਧਿਆਣਾ/ ਵਿੰਨੀਪੈਗ)

ਪੂਰੇ ਸੱਤ ਸਾਲ ਬਾਅਦ ਰਾਮਿੰਦਰ ਚਾਹਲ ਇੰਡੀਆ ਗਿਆ ਤਾਂ ਸੱਭ ਤੋਂ ਪਹਿਲਾਂ ਪਲੱਸ ਟੂ ਤੱਕ ਨਾਲ ਪੜ੍ਹੇ ਆਪਣੇ ਦੋਸਤ ਨੂੰ ਹੀ ਮਿਲਣਾ ਹੋਇਆ। ਮਿਲਦਿਆਂ ਹੀ ਪੁਰਾਣੀਆਂ ਯਾਦਾਂ ਤਾਜ਼ਾ ਹੋ ਉੱਠੀਆਂ। ਤਿਕੋਨੇ ਪਾਰਕ ਨੇੜੇ 'ਯੂ ਐੱਮ ਟੀ' ਯਾਨੀ (ਅੰਡਰ ਮੈਂਗੋ ਟਰੀ)(ਅੰਬ ਦੇ ਦਰੱਖ਼ਤ) ਦੇ ਹੇਠਾਂ ਬੈਠਦੇ ਨਾਈ ਤੋਂ ਕਦੇ ਕਦਾਈਂ ਵਾਲ ਕਟਵਾਉਣ ਤੋਂ ਲੈ ਕੇ ਪਸੰਦੀਦਾ ਗਰਮਾ ਗਰਮ ਗੁਲਾਬ ਜਾਮੁਨ ਖਾਣ ਤੋਂ ਲੈ ਕੇ ਸਰਾਭਾ ਨਗਰ ਵਾਲੇ ਮੋੜ ਤੇ ਕੁੱਝ ਅੱਥਰੇ ਜਿਹੇ ਮੁੰਡਿਆਂ ਦੇ ਨਾਲ ਹੋਈ ਅਮਿਤੋਜ ਦੀ ਝੜਪ ਨੂੰ ਯਾਦ ਕਰਕੇ ਸਾਰੇ ਹੀ ਬੜਾ ਹੱਸੇ। ਦਰਅਸਲ ਹੋਇਆ ਇਹ ਸੀ ਕਿ ਇੱਕ ਦਿਨ ਜਦੋਂ ਅਮਿਤੋਜ ਸ਼ਾਮ ਨੂੰ ਰਾਮਿੰਦਰ ਕੇ ਘਰ ਆਇਆ ਤਾਂ ਉਸਦੇ ਚਿਹਰੇ ਤੇ ਬਾਰ੍ਹਾਂ ਵੱਜੇ ਰਹੇ ਸਨ ਤੇ ਸੱਜੀ ਅੱਖ ਸੁੱਜ ਕੇ ਜਾਮੁਨੀ ਜਿਹੀ ਨੀਲੀ ਕਾਲੀ ਹੋ ਰਹੀ ਸੀ। ਰਾਮਿੰਦਰ ਦੇ ਪੁੱਛਣ ਤੇ ਕਿ ਇਹ ਕੀ ਹੋਇਆ ਤਾਂ ਉਸਨੇ ਦੱਸਿਆ ਕਿ ਜਗਰਾਉਂ ਰੋਡ ਤੋਂ ਜਦੋਂ ਉਹ ਸਰਾਭਾ ਨਗਰ ਵਾਲਾ ਮੋੜ ਮੁੜਨ ਲੱਗਾ ਤਾਂ ਹਮੇਸ਼ਾਂ ਦੀ ਤਰ੍ਹਾਂ ਉੱਥੇ ਟਰੈਫਿਕ ਜਾਮ ਲੱਗਾ ਹੋਇਆ ਸੀ। ਗਰਮੀ ਬੇਤਹਾਸ਼ਾ ਸੀ, ਅਮਿਤੋਜ ਸੜਕ ਤੇ ਆਪਣੇ ਪੈਰ ਲਗਾ ਮੋਟਰਸਾਈਕਲ ਤੇ ਬੈਠਾ, ਬੱਤੀ ਹਰੀ ਹੋਣ ਦੀ ਉਡੀਕ ਕਰ ਰਿਹਾ ਸੀ। ਐਨੀ ਦੇਰ ਵਿੱਚ ਪਿੱਛੋਂ ਦੀ ਚਾਰ ਪੰਜ ਮੋਟਰਸਾਈਕਲਾਂ ਤੇ ਕੁੱਝ ਅੱਥਰੇ ਜਿਹੇ ਮੁੰਡੇ ਭੀੜ ਵਿੱਚੋਂ ਦੀ ਰਸਤਾ ਬਣਾਉਂਦੇ ਅਤੇ ਉੱਚੀ ਉੱਚੀ ਹੌਰਨ ਵਜਾਉਂਦੇ ਹੋਏ ਆਏ ਤੇ ਅਗਾਂਹ ਲੰਘਣ ਲਈ ਅਮਿਤੋਜ ਨੂੰ ਰਸਤਾ ਦੇਣ ਲਈ ਮਜਬੂਰ ਕਰਨ ਲੱਗੇ। ਅਮਿਤੋਜ ਮੋਟਰਸਾਈਕਲ ਤੋਂ ਉਤਰਿਆ ਤੇ ਸਾਰਿਆਂ ਨੂੰ ਲਲਕਾਰ ਕੇ ਕਹਿਣ ਲੱਗਾ ਕਿ,"ਜਿਸ ਜਿਸ ਨੇ ਵੀ ਮਾਂ ਦਾ ਦੁੱਧ ਪੀਤਾ ਹੈ, 'ਕੱਲਾ 'ਕੱਲਾ ਆ ਜਾਵੇ।" ਸਾਰੇ ਜਣੇ ਉਸਨੂੰ ਸਾਹ ਰੋਕ ਕੇ ਸੁਣ ਰਹੇ ਸਨ, ਪੁੱਛਣ ਤੇ ਕਿ ਫੇਰ ਕੀ ਹੋਇਆ? ਤਾਂ ਗਹਿਰਾ ਸਾਹ ਲੈ ਕੇ ਕਹਿੰਦਾ ਕਿ, "ਹੋਣਾ ਕੀ ਸੀ, ਸੱਭ ਨੇ ਹੀ ਮਾਂ ਦਾ ਦੁੱਧ ਪੀਤਾ ਹੋਇਆ ਸੀ ਤਾਂ ਹੀ ਤਾਂ ਇਹ ਹਾਲ ਹੋਇਆ ਹੈ।" ਸੁਣਦਿਆਂ ਸਾਰ ਸਾਰੇ ਹੱਸ ਹੱਸ ਕੇ ਦੂਹਰੇ ਹੋ ਗਏ।

ਆਪਣੇ ਕਾਲਜ ਵਿੱਚ ਜਾ ਕੇ ਆਪਣੇ ਟੀਚਰਾਂ ਤੇ ਦੋਸਤਾਂ ਨੂੰ ਮਿਲਣਾ ਵੀ ਰਾਮਿੰਦਰ ਲਈ ਦਿਲ ਵਿੱਚ ਉਤਰਨ ਵਾਲਾ ਇੱਕ ਬਹੁਤ ਹੀ ਅਨੋਖਾ ਅਨੁਭਵ ਸੀ। ਕਾਲਜ ਦੇ ਡੀਨ ਡਾ ਕਵੀਪਾਲ ਸਿੰਘ ਜੀ, ਰਾਮਿੰਦਰ ਦੇ ਕਾਲਜ ਵਿੱਚ ਪੜ੍ਹਨ ਦੇ ਸਮੇਂ ਤੋਂ ਹੀ ਉਸਦੇ ਸੱਭ ਤੋਂ ਵੱਧ ਪਸੰਦੀਦਾ ਟੀਚਰ ਰਹੇ ਹੋਣ ਦੇ ਨਾਤੇ, ਉਹਨਾਂ ਨਾਲ ਕਿਸੇ ਵੀ ਤਰ੍ਹਾਂ ਦਾ ਤੇ ਕਿਸੇ ਵੀ ਵਿਸ਼ੇ ਉੱਤੇ ਕੁੱਝ ਵੀ ਵਿਚਾਰ ਵਟਾਂਦਰਾ ਕਰਨਾ ਬਹੁਤ ਹੀ ਦਿਲਚਸਪੀ ਭਰਿਆ ਸ਼ਲਾਘਾਯੋਗ ਅਨੁਭਵ ਰਿਹਾ। ਕਲਾਸ ਰੂਮਜ਼, ਆਡੀਟੋਰੀਅਮ, ਬੈਂਕ, ਕਾਲਜ ਕੰਨਟੀਨ, ਲੈਬੋਰੇਟਰੀਜ਼ ਵਿੱਚ ਜਾ ਕੇ ਕਾਲਜ ਦੇ ਦਿਨ ਜਿਵੇਂ ਉਸਨੇ ਦੁਬਾਰਾ ਜੀਅ ਲਏ ਹੋਣ। ਜਿਵੇਂ ਹਰ ਇਨਸਾਨ ਦੀ ਜ਼ਿੰਦਗੀ ਦਾ ਕੋਈ ਨਾ ਕੋਈ ਪਹਿਲਾ ਪਿਆਰ ਜ਼ਰੂਰ ਹੁੰਦਾ ਹੈ,



ਨੈਣਾਂ ਨੂੰ ਯਾਦ ਹੈ, ਰਾਮਿੰਦਰ ਚਾਹਲ ਦਾ ਪਹਿਲਾ ਪਿਆਰ ਬੁਲੇਟ ਮੋਟਰਸਾਈਕਲ ਹੈ। ਜਦੋਂ ਤੋਂ ਉਸਨੇ ਹੋਸ਼ ਸੰਭਾਲੀ ਹੈ ਉਦੋਂ ਤੋਂ ਹੀ ਪਤਾ ਨਹੀਂ ਕਿਵੇਂ ਉਹ ਹਰ ਮੋਟਰਸਾਈਕਲ ਦੀ ਆਵਾਜ਼ ਸੁਣ ਕੇ ਹੀ ਉਸਦਾ ਮੇਕ ਦੱਸ ਦਿੰਦਾ ਹੈ। ਬੁਲੇਟ ਦਾ ਸ਼ੌਂਕ ਉਸਦਾ ਹੁਣ ਵੀ ਉਵੇਂ ਦਾ ਉਵੇਂ ਹੈ। ਪੁਰਾਣੇ ਰਾਇਲ ਐਨਫੀਲਡ, ਬੁਲੇਟ ਲਈ ਉਸਦੀ ਦੀਵਾਨਗੀ ਜਨੂੰਨ ਦੀ ਹੱਦ ਤੱਕ ਹੈ। ਪਲੱਸ ਟੂ ਤੋਂ ਬਾਅਦ ਅੰਮ੍ਰਿਤਸਰ ਵਿੱਚ 'ਐੱਸ ਜੀ ਆਰ ਡੀ' ਕਾਲਜ ਵਿੱਚ 'ਬੀਡੀਐੱਸ (ਦੰਦਾਂ ਦੀ ਡਾਕਟਰੀ) ਵਿੱਚ ਦਾਖ਼ਲਾ ਲੈਣ ਸਮੇਂ ਕੀਤੇ ਵਾਦੇ ਮੁਤਾਬਿਕ ਡਾ ਇੰਦਰ ਨੇ ਰਾਮਿੰਦਰ ਚਾਹਲ ਨੂੰ ਬੁਲੇਟ ਮੋਟਰਸਾਈਕਲ ਲੈ ਦਿੱਤਾ। ਜੋ ਉਸਨੂੰ ਬੇਹੱਦ ਪਿਆਰਾ ਸੀ। ਪਰ ਉਹ ਮੋਟਰਸਾਈਕਲ ਬਹੁਤ ਹੀ ਭਾਰਾ ਸੀ ਅਤੇ ਜਦੋਂ ਰਾਮਿੰਦਰ ਕੈਨੇਡਾ ਚਲਾ ਗਿਆ ਤਾਂ ਘਾਟਾ ਖਾ ਕੇ ਉਸਨੂੰ ਵੇਚ ਦਿੱਤਾ। ਜਿਸ ਲਈ ਰਾਮਿੰਦਰ ਅੱਜ ਤੱਕ ਨੈਣਾਂ ਅਤੇ ਡਾ ਇੰਦਰ ਨੂੰ ਮਾਫ਼ ਨਹੀਂ ਕਰ ਸਕਿਆ ਹਰ ਵਕਤ ਉਹ ਮੋਟਰਸਾਈਕਲ ਉਸ ਦੀਆਂ ਅੱਖਾਂ ਸਾਹਮਣੇ ਘੁੰਮਦਾ ਰਹਿੰਦਾ ਹੈ। ਗਾਹੇ ਬ਼ਗਾਹੇ ਉਹ ਹੁਣ ਵੀ ਨੈਣਾਂ ਅਤੇ ਡਾ ਇੰਦਰ ਨੂੰ ਇਸ ਗੱਲ ਪ੍ਰਤੀ ਆਪਣ ਨਰਾਜ਼ਗੀ ਦਰਸਾ ਕੇ ਨਿਹੋਰਾ ਜ਼ਰੂਰ ਮਾਰ ਦਿੰਦਾ ਹੈ। ਉਸਦਾ ਦੂਸਰਾ ਸ਼ੌਕ ਗੰਨ ਨਾਲ ਨਿਸ਼ਾਨਾ ਲਗਾਉਣਾ ਹੈ। ਧੁਰ ਕੋਠੇ ਤੇ ਲੱਗੇ ਟੀਵੀ ਦੇ ਐਂਨਟੀਨੇ ਵਿੱਚ ਗੋਲੀ ਮਾਰਨਾ, ਜਾਂ ਟਾਰਗੈੱਟ ਦੇ ਬਿਲਕੁੱਲ




ਠੀਕ ਵਿਚਾਲੇ (ਬੁਲਜ਼ ਆਈ) ਵਿੱਚ ਨਿਸ਼ਾਨਾ ਲਗਾਉਣਾ, ਜਾਂ ਇੱਕ ਨਿਸ਼ਾਨੇ ਦੇ ਬਿਲਕੁੱਲ ਉੱਪਰ ਦੂਸਰਾ ਨਿਸ਼ਾਨਾ ਲਗਾਉਣਾ, ਉਸਦਾ ਖੱਬੇ ਹੱਥ ਦਾ ਕੰਮ ਹੈ।

'ਸਸਕੈਚਵਨ ਯੂਨੀਵਰਸਿਟੀ' ਵਿੱਚ ਪੜ੍ਹਾਈ ਦੌਰਾਨ ਰਾਮਿੰਦਰ ਚਾਹਲ ਦੇ ਬਹੁਤ ਸਾਰੇ ਦੋਸਤ ਬਣੇ। ਭਰਾਵਾਂ ਵਰਗੇ ਸਾਥੀ ਡਾ. ਨਾਥਨ ਨਾਲ ਕੰਮ ਕਰਨ ਦੇ ਨਾਲ ਨਾਲ ਕਈ ਵਾਰ ਤ਼ਫ਼ਰੀਹ ਵੀ ਕੀਤੀ। ਉਹ ਪੰਜਾਬੀ ਖਾਣੇ ਦਾ ਸ਼ੌਕੀਨ ਅਤੇ ਰਾਮਿੰਦਰ ਦੀਆਂ ਮਨਪਸੰਦ ਖੇਡਾਂ ਖੇਡਣ ਵਿੱਚ ਉਸਦਾ ਮਨਪਸੰਦ ਸਾਥੀ ਹੈ। ਦੋਵਾਂ ਦੀ ਇੱਕ ਦੂਜੇ ਨਾਲ ਖ਼ੂਬ ਮਿਜ਼ਾ ਮਿਲਦੀ ਹੈ। ਦੋਵਾਂ ਦੇ ਸੁਹਜ ਸਵਾਦ, ਸ਼ੌਂਕ ਤੇ ਖ਼ਿਆਲ ਕਾਫ਼ੀ ਹੱਦ ਤੱਕ ਮਿਲਦੇ ਜੁਲਦੇ ਹਨ। ਡਿਗਰੀ ਦੇ ਪ੍ਰੈਕਟੀਕਲਾਂ ਲਈ ਦੂਸਰੇ ਕਸਬੇ ਵਿੱਚ ਜਾ ਕੇ ਇੱਕੋ ਹੋਟਲ ਵਿੱਚ ਪੰਦਰ੍ਹਾਂ ਦਿਨਾਂ ਦੀ ਕਰੜੀ ਟ੍ਰੇਨਿੰਗ ਦੌਰਾਨ ਦੋਵਾਂ ਨੂੰ ਹੋਰ ਵੀ ਬਹੁਤ ਹੀ ਖੁਸ਼ਰੰਗ ਸਮਾਂ ਇਕੱਠਿਆਂ ਬਿਤਾਉਣ ਦਾ ਮੌਕਾ ਮਿਲਿਆ। ਰਲ ਮਿਲ ਕੇ ਕਲਾਸ ਦਾ ਕੰਮ ਕਰਨਾ, ਅਸਾਈਨਮੈਂਟ ਬਣਾਉਣੀ, ਪਿਕਚਰ ਦੇਖਣੀ ਜਾਂ ਕੋਈ ਖੇਡ ਖੇਡਣ ਲਈ ਜਾਣਾ, ਸੱਭ ਇਕੱਠਿਆਂ ਹੀ ਹੁੰਦਾ ਸੀ। ਡਿਗਰੀ ਦੌਰਾਨ ਕਾਲਜ ਦੇ ਇੱਕ ਪ੍ਰੋਫੈਸਰ ਨੂੰ ਛੱਡ ਕੇ ਬਾਕੀ ਦੇ ਸਾਰੇ ਦੇ ਸਾਰੇ ਪ੍ਰੋਫੈਸਰਾਂ ਨਾਲ ਡਾ ਰਾਮਿੰਦਰ ਚਾਹਲ ਦਾ ਚੰਗਾ ਮੇਲ ਜੋਲ ਰਿਹਾ। ਰਾਮਿੰਦਰ ਚਾਹਲ ਦੇ ਕੰਮ ਤੋਂ ਖੁਸ਼ ਹੋ ਕੇ ਬਹੁਤ ਸੀਨੀਅਰ ਡਾਕਟਰ, ਡਾਕਟਰ ਮਾਰਟਨ ਨੇ ਡਾਕਟਰੀ ਦੇ ਆਪਣੇ ਮਨਪਸੰਦ ਸੰਦ ਰਾਮਿੰਦਰ ਚਾਹਲ ਨੂੰ ਬਹੁਤ ਹੀ ਖੁਸ਼ੀ ਖੁਸ਼ੀ ਤੋਹਫ਼ੇ ਵਜੋਂ ਆਪਣੇ ਦਸਤਖ਼ਤ ਕਰਕੇ ਰੱਖਣ ਲਈ ਦੇ ਦਿੱਤੇ। ਇਸ ਤੋਂ ਵੱਡਾ ਇਨਾਮ ਦੁਨੀਆਂ ਵਿੱਚ ਸ਼ਾਇਦ ਹੀ ਕੋਈ ਹੋਰ ਹੋਵੇ।


Investment & Business

Opportunity VANCOUVER ISLAND

Sutton Group WestCoast Realty




Nanaimo, Duncan, Port Alberni, Campbell River Comox & Courtenay

5800 Turner Road Nanaimo, BC

Looking to buy or Sell real Estate or buildings Houses in Nanaimo or Vancouver Island.

Good returns on Your investment




ਕਿਸੇ ਵੀ ਕਿਸਮ ਦੀ ਜਾਇਦਾਦ ਵੇਚਣੀ ਜਾਂ ਖਰੀਦਣੀ ਹੋਵੇ ਅਤੇ ਨਵੇਂ ਮਕਾਨਾਂ ਦੀ ਉਸਾਰੀ ਕਰਨੀ ਹੋਵੇ ਤਾਂ ਭਰੋਸੇਯੋਗ ਸੇਵਾਵਾਂ ਲਈ ਸੰਪਰਕ ਕਰੋ

Please Contact or Call

RAJ BANGA

Realtor & Builder



Email rajpunjab@gmail.com / www.rajbanga.com

Cell: 250-616-7000 Office: 250-756-2112



SAHARA LAW CORPORATION

BARRISTER SOLICITOR & NOTARY PUBLIC

saharalawcorp@gmail.com 778-347-7525

ਸਹਾਰਾ ਲਾਅ ਕਾਰਪੋਰੇਸ਼ਨ

ਬੈਰਿਸਟਰ ਸਾਲਿਸਟਰ ਅਤੇ ਨੋਟਰੀ ਪਬਲਿਕ

- Areas of Practice • ਸਰਵਿਸਸ
- Family Law • ਫੈਮਲੀ ਲਾਅ
- Immigration Law • ਇੰਮੀਗ੍ਰੇਸ਼ਨ ਲਾਅ
- Criminal Law • ਕ੍ਰਿਮੀਨਲ ਲਾਅ
- Real Estate Law • ਰੀਅਲ ਅਸਟੇਟ ਲਾਅ
- Notary Services • ਨੋਟਰੀ ਸੇਵਾਵਾਂ

(Provide all Kinds of Notary Services) (ਹਰ ਤਰ੍ਹਾਂ ਦੀਆਂ ਨੋਟਰੀ ਸੇਵਾਵਾਂ ਉਪਲਬਧ ਹਨ)



Gurmeet Singh Chaina

20 YEARS OF EXPERIENCE AS A LAWER IN INDIA

Also member of Punjab & Haryana High Court Bar Association and Free consultation About your litigation matters in India.

FREE CONSULTATION

Mon-Sat 9am-5pm

205-2580 Cedar Park, Abbotsford, BC V2T 3S5





# ਸੈਂਕੜੇ ਭਾਰਤੀ ਵਿਦਿਆਰਥੀਆਂ ਨੂੰ ਦੇਸ਼ ਨਿਕਾਲੇ ਦੇ ਹੁਕਮਾਂ ਦਾ ਸਾਹਮਣਾ

ਓਟਵਾ-ਵੈਨਕੂਵਰ ਇਲਾਕੇ ਦੇ ਇਕ ਐਮ ਪੀ ਦਾ ਕਹਿਣਾ ਕਿ ਭਾਰਤ ਦੇ ਸੈਂਕੜੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦੇਸ਼ ਵਿਚੋਂ ਸੰਭਾਵਤ ਵਾਪਸ ਭੇਜੇ ਜਾਣ (ਡਿਪੋਰਟੇਸ਼ਨ) ਕੀਤੇ ਜਾਣ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਉਹ ਫੈਡਰਲ ਸਰਕਾਰ ਨੂੰ ਦਖਲਅੰਦਾਜ਼ੀ ਕਰਨ ਲਈ ਕਹਿ ਰਹੀ ਹੈ। ਬਲਬੀਰ ਸਿੰਘ ਨਾਂਅ ਦੇ ਵਿਦਿਆਰਥੀ ਰਹੇ ਵਿਅਕਤੀ ਨੇ ਕਿਹਾ ਕਿ ਉਸ ਨੂੰ ਆਸ ਹੈ ਕਿ ਫੈਡਰਲ ਸਰਕਾਰ ਉਸ ਨੂੰ ਕੈਨੇਡਾ ਵਿਚ ਰਹਿਣ ਦੀ ਇਜਾਜ਼ਤ ਦੇ ਦੇਵੇਗੀ, ਸਰੀ ਦੇ ਇਸ ਵਿਅਕਤੀ ਦਾ ਕਹਿਣਾ ਕਿ ਉਹ ਉਨ੍ਹਾਂ ਵਿਅਕਤੀਆਂ ਵਿਚ ਸ਼ਾਮਿਲ ਹੈ ਜਿਹੜੇ ਭਾਰਤ ਵਿਚ ਇਮੀਗ੍ਰੇਸ਼ਨ ਏਜੰਟ ਵਲੋਂ ਕਥਿਤ ਤੌਰ 'ਤੇ ਧੋਖਾਧੜੀ ਕੀਤੇ ਜਾਣ ਪਿੱਛੋਂ ਡਿਪੋਰਟ ਕੀਤੇ ਜਾਣ ਦਾ ਸਾਹਮਣਾ ਕਰ ਰਹੇ ਹਨ ਜਿਸ ਨੇ ਜਾਅਲੀ ਦਾਖਲਾ ਦਸਤਾਵੇਜ਼ ਤਿਆਰ ਕੀਤੇ ਸਨ। ਅਸੀਂ ਇਥੇ ਅੱਧਾ ਦਹਾਕਾ ਬਿਤਾਇਆ ਹੈ ਅਤੇ ਇਹ ਸਾਡੇ ਨਾਲ ਨਿਆਂ ਨਹੀਂ। ਅਸੀਂ ਕੋਈ ਧੋਖਾਧੜੀ ਨਹੀਂ ਕੀਤੀ, ਅਸੀਂ ਕੁਝ ਵੀ ਗਲਤ ਨਹੀਂ ਕੀਤਾ। ਮਾਈਗਰਾਂਟ ਵਰਕਰਜ਼ ਅਲਾਇੰਸ ਫਾਰ ਚੇਂਜ ਦੀ ਇਕ ਪ੍ਰਬੰਧਕ ਦਾ ਕਹਿਣਾ ਕਿ ਸਿੰਘ ਉਨ੍ਹਾਂ ਮੌਜੂਦਾ ਤੇ ਸਾਬਕਾ ਅੰਤਰਰਾਸ਼ਟਰੀ ਵਿਦਿਆਰਥੀ ਵਿਚੋਂ ਇਕ ਹੈ ਜਿਹੜੇ ਘੁਟਾਲੇ ਦਾ ਸ਼ਿਕਾਰ ਹੋਣ ਪਿੱਛੋਂ ਸੰਭਾਵਤ ਡਿਪੋਰਟ ਕੀਤੇ ਜਾਣ ਦਾ ਸਾਹਮਣਾ ਕਰ ਰਹੇ ਹਨ। ਸਰੋਮ ਰੋ ਦਾ ਕਹਿਣਾ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੰਟਰੋਲ ਤੋਂ ਬਾਹਰ ਦੇ ਕਾਰਨਾਂ ਕਰਕੇ ਸਜ਼ਾ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਜਨਤਕ ਸੁੱਰਖਿਆ ਬਾਰੇ ਮੰਤਰੀ ਮਾਰਕੋ ਮੈਂਡਚੀਨੋ ਨੂੰ ਉਨ੍ਹਾਂ ਸਾਰਿਆਂ ਦੀ ਡਿਪੋਰਟੇਸ਼ਨ ਰੋਕਣ ਦੀ ਅਪੀਲ ਕਰ ਰਹੇ ਹਾਂ ਅਤੇ ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੂੰ ਪੀਆਰ ਸਥਿਤੀ ਯਕੀਨੀ ਬਣਾਉਣ ਲਈ ਕਹਿ ਰਹੇ ਹਾਂ। ਰੋ ਚਾਹੁੰਦੀ ਹੈ ਕਿ ਫੈਡਰਲ ਸਰਕਾਰ ਉਨ੍ਹਾਂ ਦੀ ਡਿਪੋਰਟੇਸ਼ਨ ਰੋਕ ਕੇ ਉਨ੍ਹਾਂ ਨੂੰ ਪੀਆਰ ਦੇਵੇ। ਹਰ ਰੋਜ਼ ਦੀ ਦੇਰੀ ਦਾ ਮਤਲਬ ਜ਼ਿਆਦਾ ਦਬਾਅ, ਜ਼ਿਆਦਾ ਸੰਕਟ, ਜ਼ਿਆਦਾ ਸੋਸ਼ਣ ਅਤੇ ਜ਼ਿਆਦਾ ਦੁਰਵਿਵਹਾਰ ਹੈ। ਉਧਰ ਕੈਨੇਡਾ ਬਾਰਡਰ ਸਰਵਸਿਜ਼ ਏਜੰਸੀ ਨੇ ਇਕ ਬਿਆਨ ਵਿਚ ਕਿਹਾ ਕਿ ਉਹ ਕਈ ਮਾਮਲਿਆਂ ਦੀ ਜਾਂਚ ਕਰ ਰਹੇ ਹਨ ਅਤੇ ਜਿਹੜੇ ਵਿਅਕਤੀ ਕੈਨੇਡਾ ਵਿਚ ਦਾਖਲ ਹੋਣ ਜਾਂ ਕੈਨੇਡਾ ਵਿਚ ਟਿਕੇ ਰਹਿਣ ਲਈ ਆਪਣੇ ਆਪ ਨੂੰ ਗਲਤ ਢੰਗ ਨਾਲ ਪੇਸ਼ ਕਰ ਰਹੇ ਜਾਂ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕੀਤੀ ਉਹੇ ਇਮੀਗ੍ਰੇਸ਼ਨ ਐਂਡ ਰਿਫਊਜ਼ੀ ਪ੍ਰੋਟੈਕਸ਼ਨ ਐਕਟ ਦੀ ਉਲੰਘਣਾ ਕਰ ਰਹੇ ਹਨ ਅਤੇ ਖ਼ਤਰੇ ਨੂੰ ਕੈਨੇਡਾ ਤੋਂ ਦੂਰ ਕੀਤਾ ਜਾ ਰਿਹਾ ਹੈ। ਵੈਨਕੂਵਰ ਏਰੀਆ ਐਨਡੀਪੀ ਐਮਪੀ ਜੇਨ ਕਵਾਨ ਦਾ ਕਹਿਣਾ ਕਿ ਕੈਨੇਡਾ ਨੂੰ ਪ੍ਰਵਾਸੀ ਕਾਮਿਆਂ ਦੀ ਲੋੜ ਹੈ ਅਤੇ ਉਨ੍ਹਾਂ ਨੂੰ ਡਿਪੋਰਟ ਕਰਨਾ ਅਣਮਨੁੱਖੀ ਕਾਰਵਾਈ ਹੋਵੇਗੀ। ਉਧੇਰ ਇਮੀਗਰੇਸ਼ਨ, ਰਿਫਊਜ਼ੀ ਅਤੇ ਸਿਟੀਜ਼ਨਸ਼ਿਪ ਬਾਰੇ ਮੰਤਰੀ ਸੀਨ ਫਰੇਜ਼ਰ ਨੇ ਕਿਹਾ ਕਿ ਧੋਖਾਧੜੀ ਦੇ ਸ਼ਿਕਾਰ ਵਿਅਕਤੀਆਂ ਨੂੰ ਆਪਣੀ ਸਥਿਤੀ ਦੀ ਜਾਣਕਾਰੀ ਦੇਣ ਅਤੇ ਆਪਣੇ ਮਾਮਲੇ ਦੇ ਸਮਰਥਨ ਵਿਚ ਸਬੂਤ ਪੇਸ਼ ਕਰਨ ਦਾ ਮੌਕਾ ਮਿਲੇਗਾ।


## ਪੰਜਾਬੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਡਿਪੋਰਟੇਸ਼ਨ ਨੂੰ ਰੋਕਿਆ ਜਾਵੇ-ਪੋਲੀਵਰ



ਓਟਵਾ-ਕੰਸਰਵੇਟਿਵ ਨੇਤਾ ਪੀਅਰ ਪੋਲੀਵਰ ਨੇ ਪਾਰਲੀਮੈਂਟ ਵਿਚ ਮੰਗ ਕੀਤੀ ਕਿ ਪੰਜਾਬੀ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਡਿਪੋਰਟ ਕੀਤੇ ਜਾਣ ਤੋਂ ਰੋਕਿਆ ਜਾਵੇ ਜਿਹੜੇ ਧੋਖੇਬਾਜ਼ੀ ਕਨਸਲਟੈਂਟਾਂ ਦੇ ਸ਼ਿਕਾਰ ਹੋਏ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਜਾਅਲੀ ਦਾਖਲਾ ਪੱਤਰ ਮੁਹੱਈਆ ਕੀਤੇ ਸਨ। ਉਨ੍ਹਾਂ ਨੁਕਤਾ ਉਠਾਇਆ ਕਿ ਉਨ੍ਹਾਂ ਨੇ ਇਥੇ ਆ ਕੇ ਕਾਨੂੰਨ ਦੀ ਪਾਲਣਾ ਕਰਦਿਆਂ ਪੜ੍ਹਾਈ ਕੀਤੀ ਹੈ। ਉਨ੍ਹਾਂ ਵਿਚੋਂ ਬਹੁਤਿਆਂ ਨੇ ਆਪਣਾ ਪ੍ਰੋਗਰਾਮ ਮੁਕੰਮਲ ਕਰ ਲਿਆ ਹੈ ਅਤੇ ਇਹ ਅਯੋਗ ਲਿਬਰਲ ਸਰਕਾਰ ਸੀ ਜਿਸ ਨੇ ਸਭ ਤੋਂ ਪਹਿਲਾਂ ਪੱਤਰਾਂ ਨੂੰ ਸਵੀਕਾਰ ਕੀਤਾ ਸੀ। ਹੁਣ ਇਹ ਸਰਕਾਰ ਉਨ੍ਹਾਂ ਨੂੰ ਦੇਸ਼ ਵਿਚੋਂ ਬਾਹਰ ਕੱਢ ਰਹੀ ਹੈ, ਉਨ੍ਹਾਂ ਦੇ ਪਰਿਵਾਰਾਂ ਨੂੰ ਗਰੀਬੀ ਤੇ ਦੀਵਾਲੀਪਨ ਵੱਲ ਧੱਕ ਰਹੀ ਹੈ। ਪੋਲੀਵਰ ਨੇ ਪੁੱਛਿਆ ਕਿ ਸਰਕਾਰ ਥੋੜੀ ਜਿਹੀ ਵੀ ਆਮ ਸਮਝ ਤੇ ਹਮਦਰਦੀ ਦਿਖਾਉਦੀ ਹੋਈ ਆਪਣੀ ਅਯੋਗਤਾ ਨੂੰ ਉਲਟਾਉਂਦੇ ਹੋਏ ਉਨ੍ਹਾਂ ਨੂੰ ਪੀ ਆਰ ਲਈ ਅਪਲਾਈ ਕਰਨ ਦੀ ਇਜਾਜ਼ਤ ਕਿਉਂ ਨਹੀਂ ਦਿੰਦੀ ਜਿਹੜੇ ਨੇਕਨੀਅਤ ਨਾਲ ਇਥੇ ਆਏ ਅਤੇ ਸਾਡੀ ਆਰਥਿਕਤਾ ਵਿਚ ਯੋਗਦਾਨ ਪਾ ਰਹੇ ਹਨ।

# ਟਰੂਡੋ ਵੱਲੋਂ ਡਿਪੋਰਟੇਸ਼ਨ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਨੂੰ ਨਿਆਂ ਦਾ ਭਰੋਸਾ

ਓਟਵਾ-ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਫਰਜ਼ੀ ਦਾਖਲਾ ਪੱਤਰਾਂ ਕਰਕੇ ਕੈਨੇਡਾ ਤੋਂ ਜਲਾਵਤਨੀ ਦਾ ਸਾਹਮਣਾ ਕਰ ਰਹੇ 700 ਭਾਰਤੀ ਵਿਦਿਆਰਥੀਆਂ ਨੂੰ ਯਕੀਨ ਦਿਵਾਇਆ ਹੈ ਕਿ ਉਹ ਹਰੇਕ ਕੇਸ ਦੀ ਸਮੀਖਿਆ ਕਰਨਗੇ ਅਤੇ 'ਧੋਖਾਧੜੀ ਦੇ ਪੀੜਤਾਂ' ਨੂੰ ਆਪਣੇ ਕੇਸ ਦੀ ਪੈਰਵੀ ਕਰਨ ਲਈ ਸਬੂਤ ਰੱਖਣ ਤੇ ਆਪਣੇ ਹਾਲਾਤ ਬਿਆਨ ਕਰਨ ਦਾ ਪੂਰਾ ਮੌਕਾ ਮਿਲੇਗਾ। ਟਰੂਡੋ ਦੀ ਇਹ ਟਿੱਪਣੀ ਸੈਂਕੜੇ ਭਾਰਤੀ ਵਿਦਿਆਰਥੀਆਂ, ਜਿਨ੍ਹਾਂ ਵਿਚੋਂ ਬਹੁਗਿਣਤੀ ਪੰਜਾਬ ਦੇ ਹਨ, ਲਈ ਅਹਿਮ ਹੈ, ਜੋ ਖ਼ੁਦ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਉਧਰ ਕੈਨੇਡਾ ਦੀ ਸੰਸਦੀ ਕਮੇਟੀ ਨੇ ਸਰਬਸੰਮਤੀ ਨਾਲ ਲਏ ਇਕ ਫੈਸਲੇ ਵਿੱਚ ਸਰਹੱਦੀ ਸੇਵਾਵਾਂ ਬਾਰੇ ਏਜੰਸੀ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ 700 ਭਾਰਤੀ ਵਿਦਿਆਰਥੀਆਂ ਨੂੰ ਡਿਪੋਰਟ ਨਾ ਕਰੇ। ਅਥਾਰਿਟੀਜ਼ ਵੱਲੋਂ ਇਨ੍ਹਾਂ ਦੇ ਸਿੱਖਿਆ ਸੰਸਥਾਵਾਂ ਲਈ 'ਦਾਖ਼ਲਾ ਪੇਸ਼ਕਸ਼ ਪੱਤਰ' (ਐਡਮਿਸ਼ਨ ਆਫ਼ਰ ਲੈਟਰਜ਼) ਜਾਅਲੀ ਪਾਏ ਜਾਣ ਮਗਰੋਂ ਵਿਦਿਆਰਥੀਆਂ 'ਤੇ ਜਲਾਵਤਨੀ ਦੀ ਤਲਵਾਰ ਲਟਕੀ ਹੋਈ ਹੈ। ਸਬੰਧਤ ਵਿਦਿਆਰਥੀਆਂ ਵੱਲੋਂ ਕੈਨੇਡਾ ਵਿਚ ਸਥਾਈ ਨਿਵਾਸ (ਪੀਆਰ) ਲਈ ਅਪਲਾਈ ਕਰਨ ਮੌਕੇ ਮਾਰਚ ਮਹੀਨੇ ਇਸ ਪੂਰੇ ਮਾਮਲੇ ਤੋਂ ਪਰਦਾ ਉੱਠਿਆ ਸੀ। ਟਰੂਡੋ ਨੇ ਬੁੱਧਵਾਰ ਨੂੰ ਸੰਸਦ ਵਿੱਚ ਹੋਈ ਵਿਚਾਰ ਚਰਚਾ ਦੌਰਾਨ ਕਿਹਾ, "ਜਲਾਵਤਨੀ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਦੇ ਕੇਸਾਂ ਬਾਰੇ ਸਾਨੂੰ ਪੂਰੀ ਜਾਣਕਾਰੀ ਹੈ। ਸਾਫ਼ ਕਰ ਦਿਆਂ, ਸਾਡਾ ਸਾਰਾ ਧਿਆਨ ਦੋਸ਼ੀਆਂ ਦੀ ਪਛਾਣ ਕਰਨਾ ਹੈ ਨਾ ਕਿ ਪੀੜਤਾਂ ਨੂੰ ਸਜ਼ਾ ਦੇਣਾ।" ਟਰੂਡੋ ਨੇ ਸਿੱਖ ਮੂਲ ਦੇ ਐੱਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਪ੍ਰਗਟਾਏ ਫ਼ਿਕਰਾਂ ਨੂੰ ਮੁਖਾਤਿਬ ਹੁੰਦਿਆਂ ਕਿਹਾ, "ਠੱਗੀ ਦੇ ਸ਼ਿਕਾਰ ਪੀੜਤਾਂ ਨੂੰ ਆਪਣੇ ਹਾਲਾਤ ਬਿਆਨ ਕਰਨ ਤੇ ਕੇਸ ਦੀ ਹਮਾਇਤ 'ਚ ਸਬੂਤ ਪੇਸ਼ ਕਰਨ ਦਾ ਪੂਰਾ ਮੌਕਾ ਦਿੱਤਾ ਜਾਵੇਗਾ। ਅਸੀਂ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਸਾਡੇ ਮੁਲਕ ਵਿੱਚ ਪਾ? ਵੱਡੇ ਯੋਗਦਾਨ ਨੂੰ ਮਾਨਤਾ ਦਿੰਦੇ ਹਾਂ ਤੇ ਅਸੀਂ ਧੋਖਾਧੜੀ ਦੇ ਪੀੜਤਾਂ ਦੀ ਹਮਾਇਤ ਲਈ ਵਚਨਬੱਧ ਹਾਂ। ਅਸੀਂ ਹਰੇਕ ਕੇਸ ਦਾ ਮੁਲਾਂਕਣ ਕਰਾਂਗੇ।" 'ਦਿ ਟੋਰਾਂਟੋ ਸਟਾਰ' ਅਖ਼ਬਾਰ ਨੇ ਆਪਣੀ ਇਕ ਰਿਪੋਰਟ ਵਿੱਚ ਕਿਹਾ ਕਿ ਸਰਬ-ਪਾਰਟੀ ਇਮੀਗ੍ਰੇਸ਼ਨ ਕਮੇਟੀ ਨੇ ਬੁੱਧਵਾਰ ਨੂੰ ਸਰਬਸੰਮਤੀ ਨਾਲ ਵੋਟ ਪਾ ਕੇ ਕੈਨੇਡਾ ਸਰਹੱਦੀ ਸਰਵਿਸਿਜ਼ ਏਜੰਸੀ (ਸੀਬੀਐੱਸਏ) ਨੂੰ ਸੱਦਾ ਦਿੱਤਾ ਹੈ ਕਿ ਪੀੜਤ ਵਿਦਿਆਰਥੀਆਂ ਨੂੰ ਜਲਾਵਤਨੀ ਤੋਂ ਛੋਟ ਦਿੱਤੀ ਜਾਵੇ। ਕਮੇਟੀ ਨੇ ਸੀਬੀਐੱਸਏ ਨੂੰ ਕਿਹਾ ਕਿ ਉਹ ਵਿਦਿਆਰਥੀਆਂ, ਜਿਨ੍ਹਾਂ ਵਿੱਚੋਂ 700 ਦੇ ਕਰੀਬ ਭਾਰਤੀ ਹਨ, ਨੂੰ ਮਾਨਵੀ ਅਧਾਰ 'ਤੇ ਜਾਂ ਫਿਰ 'ਰੈਗੂਲਰਾਈਜ਼ੇਸ਼ਨ' ਪ੍ਰੋਗਰਾਮ ਜ਼ਰੀਏ ਸਥਾਈ ਨਿਵਾਸ (ਪੀਆਰ) ਲਈ ਬਦਲ ਮੁਹੱਈਆ ਕਰਵਾਏ। ਮਤਾ ਰੱਖਣ ਵਾਲੀ ਕਾਨੂੰਨਸਾਜ਼ ਜੈਨੀ ਕਵਾਨ ਨੇ ਵਿਦਿਆਰਥੀਆਂ ਨੂੰ ਠੱਗੀ ਦਾ ਸ਼ਿਕਾਰ ਦੱਸਦਿਆਂ ਕਿਹਾ, "ਪਹਿਲਕਦਮੀ ਵਜੋਂ ਇਹ ਬਹੁਤ ਜ਼ਰੂਰੀ ਤੇ ਅਹਿਮ ਹੈ। ਵਿਦਿਆਰਥੀ ਠੱਗੀ ਦਾ ਸ਼ਿਕਾਰ ਹਨ ਤੇ ਉਨ੍ਹਾਂ ਨੂੰ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ। ਇਹ ਵਿਦਿਆਰਥੀ, ਜਿਨ੍ਹਾਂ ਵਿਚੋਂ ਬਹੁਤਿਆਂ ਨੂੰ ਮੈਂ ਮਿਲ ਚੁੱਕੀ ਹਾਂ, ਹੁਣ ਬਹੁਤ ਭਿਆਨਕ ਹਾਲਾਤ ਵਿੱਚ ਹਨ। ਉਹ ਪੈਸਾ ਧੇਲਾ ਗੁਆ ਚੁੱਕੇ ਹਨ ਤੇ ਉਹ ਬਹੁਤ ਮੁਸ਼ਕਲ ਹਾਲਾਤ ਵਿੱਚ ਹਨ। ਅਤੇ ਇਨ੍ਹਾਂ ਵਿਚੋਂ ਕਈਆਂ ਕੋਲ ਜਲਾਵਤਨੀ ਦੇ ਹੁਕਮ ਹਨ। ਹੋਰਨਾਂ ਕਈਆਂ ਦੀ ਸੀਬੀਐੱਸਏ ਨਾਲ ਬੈਠਕਾਂ ਬਕਾਇਆ ਹਨ।" ਉਧਰ ਇਮੀਗ੍ਰੇਸ਼ਨ ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਮੰਤਰੀ ਸੀਨ ਫਰੇਜ਼ਰ ਨੇ ਟਵਿੱਟਰ 'ਤੇ ਕਿਹਾ, "ਅਸੀਂ ਇਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਨਾਲ ਜੁੜੇ ਮਸਲੇ ਦੇ ਹੱਲ ਲਈ ਸਰਗਰਮੀ ਨਾਲ ਕੰਮ ਕਰ ਰਹੇ ਹਾਂ। ਜਿਨ੍ਹਾਂ ਲੋਕਾਂ ਨੇ ਸਹੀ ਮਾਅਨਿਆਂ ਵਿੱਚ ਪੜ੍ਹਨ ਦੇ ਇੱਛੁਕ ਵਿਦਿਆਰਥੀਆਂ ਦਾ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਨੂੰ ਆਪਣੇ ਕੀਤੇ ਦਾ ਸਿੱਟਾ ਭੁਗਤਣਾ ਹੋਵੇਗਾ।"



## ਭਾਰੀ ਟਰੈਫਿਕ ਵਾਲੇ ਸਮੇਂ ਦੌਰਾਨ ਵਿਦਿਆਰਥੀ ਟਰੱਕ ਡਰਾਈਵਰਾਂ ਨੂੰ ਸੜਕਾਂ 'ਤੇ ਆਉਣ ਤੋਂ ਰੋਕਿਆ ਜਾਵੇ-ਕੌਂਸਲਰ ਕੂਨਰ



ਸਰੀ-ਕੌਂਸਲਰ ਪ੍ਰਦੀਪ ਕੂਨਰ ਦਾ ਕਹਿਣਾ ਕਿ ਲੋਕਾਂ ਦੀ ਸਹੂਲਤ ਲਈ ਵਿਦਿਆਰਥੀ ਟਰੱਕ ਡਰਾਈਵਰਾਂ ਨੂੰ ਭਾਰੀ ਆਵਾਜਾਈ ਸਮੇਂ ਦੌਰਾਨ ਸੜਕਾਂ 'ਤੇ ਆਉਣ ਤੋਂ ਰੋਕਿਆ ਜਾਵੇ। ਉਨ੍ਹਾਂ ਕਿਹਾ ਕਿ ਭੀੜ ਵਾਲੇ ਸਮੇਂ ਦੌਰਾਨ ਵਿਦਿਆਰਥੀ ਟਰੱਕ ਡਰਾਈਵਰਾਂ ਨੂੰ ਸੜਕਾਂ, ਖ਼ਾਸਕਰ ਨਿਊਟਨ ਦੇ ਇੰਡਸਟਰੀਅਲ ਏਰੀਆ ਵਿਚ ਰੋਕਣ ਤੋਂ ਬਿਨ੍ਹਾਂ ਸਰੀ ਦੇ ਰੋਜ਼ਾਨਾਂ ਆਉਣ ਜਾਣ ਵਾਲੇ ਯਾਤਰੀਆਂ ਨੂੰ ਜ਼ਿਆਦਾ ਤਕਲੀਫ ਹੋਵੇਗੀ। ਕੂਨਰ ਨੇ ਕਿਹਾ ਕਿ ਅਸੀਂ ਲੋਕਾਂ ਦੀਆਂ ਜਿੰਦਗੀਆਂ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਅਤੇ ਇਹੀ ਸਾਡਾ ਟੀਚਾ ਹੈ। ਕੌਂਸਲਰ ਕੂਨਰ ਨੇ ਕੌਂਸਲ ਨੂੰ ਮਤੇ ਦਾ ਨੋਟਿਸ ਦੇ ਕਿਹਾ ਕਿ ਸਿਟੀ ਸਟਾਫ ਨੂੰ ਭੀੜ ਵਾਲੇ ਸਮੇਂ ਦੌਰਾਨ ਟਰੱਕ ਡਰਾਈਵਿੰਗ ਸਕੂਲਾਂ ਨੂੰ ਆਪਣੇ ਵਿਦਿਆਰਥੀਆਂ ਨਾਲ ਸੜਕਾਂ 'ਤੇ ਆਉਣ ਦੀ ਇਜਾਜ਼ਤ ਨਾ ਦੇਣ ਲਈ ਬਿਜਨਸ ਲਾਇਸੰਸ ਵਿਚ ਸੋਧ ਦਾ ਪਤਾ ਲਗਾਉਣ ਲਈ ਕਿਹਾ ਜਾਵੇ। ਉਂਜ ਕੂਨਰ ਨੇ ਨਾਊ-ਲੀਡਰ ਨੂੰ ਦੱਸਿਆ ਕਿ ਉਸ ਦੇ ਮਤੇ ਦਾ ਨਿਸ਼ਾਨਾ ਕਾਰਾਂ ਸਿੱਖਣ ਵਾਲੇ ਲੋਕਾਂ ਲਈ ਡਰਾਈਵਿੰਗ ਹਦਾਇਤਾਂ ਕਰਨ ਸਬੰਧੀ ਨਹੀਂ। ਇਹ ਸਿਰਫ ਟਰੱਕ ਡਰਾਈਵਰਾਂ ਲਈ ਹੈ ਕਿਉਂਕਿ ਉਹ ਲਾਈਟਾਂ ਨੂੰ ਬੰਦ ਕਰ ਰਹੇ ਹਨ।


canadian scholarship trust plan™

C.S.T. Consultants Inc.

BC Helps Parents Boost their Education Savings!



Start saving for your child's future education in a Registered Education Savings Plan (RESP) and receive up to $8,400 in government grants.[1]

Open a CST RESP now and you'll start receiving the Canada Education Savings grant (CESG). The CESG can add up to $7,200 to your child's RESP.

When your child turns six, they can receive an additional $1,200 from the B.C. Government.



SURJIT S. MADHOPURI
Sales Representative
C.S.T. Consultants Inc., Branch 789
Tel: 604.594.7200 / Cell: 604.377.4171
Email: surjit.madhopuri@cstresp.com
http://www.cstresp.com/6117

1 The Canada Education Savings Grant matches 20% of the first $2,500 you contribute to your child's RESP each year up to a lifetime maximum of $7,200. BC Training and Education Savings Grant (BCTESG) is a one-time $1,200 grant available to BC resident children born on or after January 1st, 2006. Children are eligible for the BCTESG on their sixth birthday. You have until the day before your child's ninth birthday to apply for the BCTESG. Conditions apply. ™ The Canadian Scholarship Trust Plan is a registered trademark of the Canadian Scholarship Trust Foundation.

**The CST Plan is only sold by Prospectus. You can get copies of the prospectus from www.cst.org or by calling 1.877.333.RESP(7377).**


MH1100(2017-04)

ਕਿਸ਼ਤ ਦਰ ਕਿਸ਼ਤ

# ਪੱਤਰਕਾਰੀ ਕਿ ਤਰਕਾਰੀ

ਲੇਖਕ : ਬਖ਼ਸ਼ਿੰਦਰ






*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਮਿੱਥੇ ਸਮੇਂ 'ਤੇ ਮੈਂ ਤੇ ਲਖਵਿੰਦਰ ਜੌਹਲ, 'ਹਿੰਦ ਸਮਾਚਾਰ' ਦੇ ਦਫ਼ਤਰ ਵੱਲ ਤੁਰ ਪਏ। ਅਸੀਂ ਉੱਥੇ ਜਾ ਕੇ, ਮੇਰੇ ਵੱਲੋਂ ਸਬ ਐਡੀਟਰ ਦੇ ਅਹੁਦੇ ਲਈ ਦਰਖ਼ਾਸਤ ਲਿਖ ਕੇ ਦੇ ਦਿੱਤੀ, ਜੋ ਫੜਦਿਆਂ ਹੀ ਅਸ਼ਵਨੀ ਮਿੰਨ੍ਹੇ ਨੇ ਪੁੱਛਿਆ, "ਪਹਿਲਾਂ ਕਿੱਥੇ ਕੰਮ ਕਰਦੇ ਹੋ?" ਮੈਂ 'ਨਵਾਂ ਜ਼ਮਾਨਾ' ਦਾ ਨਾਂ ਲਿਆ ਤਾਂ ਉਸ ਨੇ ਪੁੱਛਿਆ, "ਉੱਥੇ ਕਿੰਨੇ ਪੈਸੇ ਮਿਲਦੇ ਨੇ?" ਮੇਰੇ ਕੋਲ਼ੋਂ ਸਹਿਜ ਹੀ "ਤਿੰਨ ਸੌ ਰੁਪਏ" ਕਿਹਾ ਗਿਆ। ਉਸ ਨੇ ਮੇਰੀ ਦਰਖ਼ਾਸਤ ਦੇ ਸਿਖ਼ਰ ਬਾਰੀਕ ਜਿਹਾ '350/-' ਲਿਖ ਕੇ, ਦਰਖ਼ਾਸਤ ਇਕ ਫਾਈਲ ਵਿਚ ਰੱਖ ਲਈ। ਮੈਂ ਮੁੜ ਕੇ ਆਉਂਦੇ ਨੇ ਜੌਹਲ ਨੂੰ ਕਿਹਾ, "ਜੇ ਲਾਲ਼ਿਆਂ ਨੇ ਆਪਾਂ ਨੂੰ ਰੱਖ ਲਿਆ ਤਾਂ ਤਨਖ਼ਾਹ 'ਸਾਢੇ ਤਿੰਨ ਸੌ' ਦੇਣਗੇ।" "ਆਪਾਂ ਨੂੰ ਨਹੀਂ, ਤੈਨੂੰ," ਜੌਹਲ ਨੇ ਹੱਸ ਕੇ ਮੇਰਾ ਫ਼ਿਕਰਾ ਸੋਧਿਆ ਤਾਂ ਮੈਂ ਉਸ ਨੂੰ ਕਿਹਾ, "ਨਾ ਸੱਚ, ਛੋਟੇ ਭਾਈ ਤੂੰ ਤਾਂ ਐਪਲੀਕੇਸ਼ਨ ਦਿੱਤੀਓ ਈ ਨਹੀਂ। ਤੈਨੂੰ ਵੀ ਤਾਂ ਐਪਲੀਕੇਸ਼ਨ ਦੇ ਦੇਣੀ ਚਾਹੀਦੀ ਸੀ।" ਇਸ ਦੇ ਜੁਆਬ ਵਿਚ ਜੌਹਲ ਨੇ ਕਿਹਾ ਕਿ ਉਹ ਮੇਰੀ ਦਰਖ਼ਾਸਤ ਦੁਆਉਣ ਹੀ ਆਇਆ ਸੀ ਤੇ ਆਪਣੇ ਦਰਖ਼ਾਸਤ ਨਾ ਦੇਣ ਦੇ ਸਬੰਧ ਵਿਚ ਉਸ ਨੇ ਹੱਸਦਿਆਂ ਕਿਹਾ, "ਜੇ ਮੈਨੂੰ ਇਨ੍ਹਾਂ ਨੇ ਨਾ ਰੱਖਿਆ ਤਾਂ ਮੈਥੋਂ 'ਨਵਾਂ ਜ਼ਮਾਨਾ' ਵੀ ਜਾਊ।" "ਜੇ ਤੈਨੂੰ ਨਾ ਰੱਖਿਆ, ਮੈਨੂੰ ਕਦੋਂ ਰੱਖਣਗੇ ਫੇ?" ਮੈਂ ਕਿਹਾ ਤਾਂ ਉਸ ਨੇ ਆਪਣੀਆਂ ਕੁੱਝ ਮਜਬੂਰੀਆਂ ਦੱਸੀਆਂ ਤੇ ਕਿਹਾ ਕਿ ਉਨ੍ਹਾਂ ਦੀ ਵਜ੍ਹਾ ਨਾਲ਼, ਉਸ ਨੇ ਉੱਥੇ ਦਰਖ਼ਾਸਤ ਨਹੀਂ ਦਿੱਤੀ। "ਨਾਲ਼ੇ ਤੇਰੇ ਇੱਥੇ ਆ ਜਾਣ ਨਾਲ਼ ਰਾਹ ਬਣ ਜਾਊ, ਮੈਂ ਫੇਰ ਆ ਜਾਊਂ," ਕਹਿ ਕੇ ਲਖਵਿੰਦਰ ਜੌਹਲ ਨੇ ਮੇਰਾ ਮੋਢਾ ਥਾਪੜ ਕੇ ਗੱਲ ਟਾਲ਼ੇ ਪਾ ਦਿੱਤੀ। ਉਸ ਦਿਨ ਅਸੀਂ ਦੋਹਾਂ ਨੇ ਬਿਲਗੇ ਜਾਣ ਵਾਲ਼ੀ ਬੱਸ ਫੜ ਲਈ ਤੇ ਰਾਹ ਵਿਚ ਬੜੀਆਂ ਹੀ ਗੱਲਾਂ ਕੀਤੀਆਂ, ਜੰਡਿਆਲੇ ਉੱਤਰਨ ਲੱਗਿਆਂ, ਉਹ ਮੈਨੂੰ ਵੀ ਉੱਤਰਨ ਲਈ ਜ਼ੋਰ ਲਾਉਣ ਲੱਗਿਆ, ਪਰ ਮੈਂ ਸਵੇਰੇ ਕੱਪੜੇ ਲੈ ਕੇ ਆਉਣ ਦਾ ਬਹਾਨਾ ਮਾਰ ਕੇ ਨਾ ਉੱਤਰਿਆ। ਇਕ ਦਿਨ, ਇਹ ਗੱਲ ਉੱਡ ਗਈ ਕਿ ਲਾਲ਼ਿਆਂ ਨੇ ਆਪਣੇ ਪੰਜਾਬੀ ਅਖ਼ਬਾਰ (ਜੋ ਉਦੋਂ ਵੀ 'ਜਵਾਲਾ' ਹੀ ਵੱਜਦਾ ਸੀ) ਦਾ ਇੰਚਾਰਜ ਅਜੀਤ ਸੈਣੀ ਨੂੰ ਬਣਾਇਆ ਹੈ। 'ਨਵਾਂ ਜ਼ਮਾਨਾ' ਗਿਆ ਤਾਂ ਲਖਵਿੰਦਰ ਜੌਹਲ ਨੇ ਪੈਂਦੀ ਸੱਟੇ, ਇਹ ਗੱਲ ਮੇਰੇ ਕੰਨੀਂ ਕੱਢ ਦਿੱਤੀ ਤੇ ਇਹ ਵੀ ਕਹਿ ਦਿੱਤਾ, "ਸੈਣੀ ਤਕ ਕੋਈ ਪਹੁੰਚ ਹੈਗੀ ਏ ਤਾਂ ਕਰ ਲੈ।"

'ਦ ਟ੍ਰਿਬਿਊਨ' ਦੇ ਦਫ਼ਤਰੋਂ ਸੱਜਰੀ ਹੀ ਕੁੱਤੇਖਾਣੀ ਕਰਾ ਕੇ




ਆਉਣ ਮਗਰੋਂ ਵੀ ਪਤਾ ਨਹੀਂ ਕਿਉਂ, ਮੈਨੂੰ ਇਹੋ ਲੱਗੀ ਜਾਂਦਾ ਸੀ ਕਿ 'ਇੱਥੇ ਅਗਲਿਆਂ ਨੇ ਮੈਨੂੰ ਰੱਖਣ ਦਾ ਮਨ ਬਣਾਇਆ ਹੋਇਆ ਹੈ, ਜਿਸ ਲਈ ਇੱਥੇ ਸਿਫ਼ਾਰਸ਼ ਦੀ ਕੀ ਲੋੜ ਏ?' ਮੈਨੂੰ ਇਹ ਵੀ ਲੱਗਦਾ ਹੁੰਦਾ ਸੀ ਕਿ ਸੈਣੀ ਸਾਹਿਬ ਨੂੰ ਮੇਰੇ, 'ਨਵਾਂ ਜ਼ਮਾਨਾ' ਵਿਚ ਕੰਮ ਕਰਦੇ ਹੋਣ ਬਾਰੇ ਵੀ ਪਤਾ ਹੀ ਹੈ ਤੇ ਮੈਂ ਆਪਣੀ ਦਰਖ਼ਾਸਤ ਵਿਚ ਵੀ 'ਨਵਾਂ ਜ਼ਮਾਨਾ' ਵਿਚ ਕੰਮ ਕਰਦੇ ਹੋਣ ਦਾ ਹਵਾਲਾ ਦਿੱਤਾ ਹੋਇਆ ਹੈ। ਖ਼ੈਰ, ਜੌਹਲ ਦੀ ਕਹੀ ਹੋਈ ਇਸ ਗੱਲ ਨੇ ਮੈਨੂੰ ਰਤਾ ਕੁ ਤੋੜਾ-ਖੋਹੀ ਜਿਹੀ ਲਾ ਦਿੱਤੀ ਤਾਂ ਮੈਂ ਉਸ ਨੂੰ ਦੱਸਿਆ ਕਿ ਮੈਂ ਅੰਮ੍ਰਿਤਸਰੋਂ ਡਾ. ਕੁਲਬੀਰ ਸਿੰਘ 'ਕਾਂਗ' ਦੀ ਮਦਦ ਨਾਲ਼, ਅਨੁਵਾਦ ਦਾ ਕੰਮ ਲੈ ਕੇ ਕਰਦਾ ਰਿਹਾਂ ਹਾਂ ਤੇ ਡਾ. ਕਾਂਗ, ਅਜੀਤ ਸੈਣੀ ਦੇ ਨਿੱਘੇ ਦੋਸਤ ਹਨ। ਇੱਥੋਂ ਤਕ ਗੱਲ ਸੁਣ ਕੇ ਜੌਹਲ (ਜੋ ਉਦੋਂ ਅਜੇ 'ਡਾ. ਜੌਹਲ' ਨਹੀਂ ਬਣਿਆ ਸੀ) ਦਾ ਚਿਹਰਾ ਖਿੜ ਗਿਆ ਤੇ ਉਸ ਨੇ ਮੇਰੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਇਹ ਕਿਹਾ, "ਕਾਂਗ ਸਾਹਬ ਨੂੰ ਫੋਨ ਕਰ ਅੱਜ ਹੀ।"

ਮੈਂ ਉਸੇ ਦਿਨ ਸੰਖੇਪ ਜਿਹਾ ਇਕ ਜੁਆਬੀ ਪੋਸਟ ਕਾਰਡ, ਡਾ. ਕਾਂਗ ਨੂੰ ਲਿਖ ਕੇ, ਜਲ਼ੰਧਰ ਦੇ ਵੱਡੇ ਡਾਕਖ਼ਾਨੇ ਦੇ ਲੈਟਰ ਬਾਕਸ ਵਿਚ ਪਾ ਦਿੱਤਾ ਕਿਉਂ ਕਿ ਸਮਝਿਆ ਜਾਂਦਾ ਸੀ ਕਿ ਉੱਥੇ ਪਾਈ ਚਿੱਠੀ ਤਾਰ ਵਾਂਗ ਜਾਂਦੀ ਹੈ। 'ਸੰਖੇਪ ਤੇ ਤੁਰੰਤ ਜੁਆਬ' ਦੇਣ ਵਿਚ ਡਾ. ਕਾਂਗ ਦਾ ਕੋਈ ਜੁਆਬ ਨਹੀਂ ਸੀ। ਤੀਜੇ ਦਿਨ ਮੇਰੇ ਜੁਆਬੀ ਕਾਰਡ ਉੱਤੇ ਡਾ. ਕਾਂਗ ਵੱਲੋਂ 'ਸੈਣੀ ਨੂੰ ਕਹਿ ਦਿੱਤਾ ਹੈ, ਫ਼ਿਕਰ ਨਾ ਕਰੀਂ।' ਲਿਖਿਆ ਹੋਇਆ ਮੇਰੇ ਹੱਥਾਂ ਵਿਚ ਸੀ।

ਮੈਨੂੰ ਦੁੱਧ ਤੋਂ ਸੜੇ ਹੋਏ ਨੂੰ ਲੱਸੀ ਤਾਂ ਕੀ, ਹਰ ਚੀਜ਼ ਹੀ ਫੂਕ ਮਾਰ-ਮਾਰ ਪੀਣ ਦੀ ਆਦਤ ਪੈ ਗਈ ਸੀ। ਮੈਂ, ਜੌਹਲ ਸਮੇਤ ਕਿਸੇ ਨੂੰ ਵੀ ਦੱਸੇ ਬਗ਼ੈਰ, ਇਕ ਦਿਨ ਮਦਨ ਫਲੋਰ ਮਿੱਲ ਚੌਕ ਦੇ ਨੇੜੇ ਸੈਣੀ ਸਾਹਬ ਦੇ ਘਰ ਦੀ ਡੋਰ ਬੈੱਲ ਵਜਾ ਦਿੱਤੀ। ਬੂਹਾ ਸੈਣੀ ਸਾਹਬ ਨੇ ਹੀ ਖੋਲ੍ਹਿਆ ਤੇ ਖੋਲ੍ਹਿਆ ਵੀ ਖਿੜੇ ਮੱਥੇ। ਉਨ੍ਹਾਂ ਨੇ ਮੈਨੂੰ ਡਰਾਇੰਗ ਵਿਚ ਬਿਠਾ ਕੇ ਚਾਹ-ਪਾਣੀ ਪੁੱਛਿਆ।

"ਤੁਹਾਨੂੰ ਡਾ. ਕਾਂਗ ਹੁਰਾਂ ਦਾ ਕੋਈ ਚਿੱਠੀ-ਚੀਰਾ ਆਇਐ?" ਮੇਰੇ ਮੂੰਹੋਂ, ਚਾਹ-ਪਾਣੀ ਲਈ ਮਾਰੀ ਗਈ ਸੁਲ੍ਹਾ ਦੇ ਜੁਆਬ ਵਿਚ ਇਹੋ ਸਰਿਆ।

"ਆਹੋ! ਆਈ ਆ ਉਦ੍ਹੀ ਚਿੱਠੀ। ਦਸ ਜੂਨ ਨੂੰ ਇੰਟਰਵਿਊ ਆ, ਆ ਜਾਈਂ ਟੈਮ ਨਾਲ਼। ਅਖ਼ਬਾਰੀ ਕੰਮ ਦਾ ਤਾਂ ਤੈਨੂੰ ਪਤਾ ਈ ਏ, ਅਨੁਵਾਦ ਬਾਰੇ ਵੀ ਡਾ. ਕਾਂਗ ਨੇ ਤੇਰੀ ਸਿਫ਼ਤ ਕੀਤੀ ਏ। ਬੰਦੇ ਤਾਂ ਉਨ੍ਹਾਂ ਨੂੰ ਕੰਮ ਆਲ਼ੇ ਚਾਹੀਦੇ ਹੀ ਨੇ। ਤੂੰ ਬੈਠ, ਆਪਾਂ ਚਾਹ ਪੀਨੇਂ ਆਂ..." ਉਨ੍ਹਾਂ ਨੇ ਕਿਹਾ ਤਾਂ ਮੈਂ ਕਮਾਣੀ ਵਾਲ਼ੇ ਚਾਕੂ ਦੇ ਖੁੱਲ੍ਹਣ ਵਾਂਗ ਉੱਠ ਖੜ੍ਹਾ ਹੋਇਆ। "ਬੈਠ!" ਉਨ੍ਹਾਂ ਦੇ ਇਸ ਇਕ ਸ਼ਬਦ ਵਿਚ ਹੀ ਡਾ. ਕਾਂਗ ਦਾ ਪਿਆਰ ਵੀ ਸੀ। "ਹੁਣ ਮੇਰਾ ਡਿਊਟੀ ਦਾ ਟਾਈਮ ਹੋ ਚੱਲਿਐ। ਕਦੇ ਫੇਰ ਆਊਂਗਾ। ਅੱਛਾ ਜੀ..." ਮੈਂ ਹੱਥ ਜੋੜੇ ਤਾਂ ਉਨ੍ਹਾਂ ਨੇ ਹੱਥ ਮਿਲਾਉਣ ਲਈ ਹੱਥ ਵਧਾਇਆ, ਜੋ ਮੈਂ ਝਿਜਕਦਿਆਂ ਜਿਹਿਆ ਫੜ ਲਿਆ, ਪਰ ਹੱਥ ਫੜਦਿਆਂ ਹੀ ਝਿਜਕ 'ਫੁਰਰ' ਹੋ ਚੁੱਕੀ ਸੀ। #

## 8.
## 'ਆਰ-ਪਾਰ'

ਮੰਜ਼ਿਲ ਦੇ ਨੇੜੇ, ਪਰ ਮੰਜ਼ਿਲ 'ਤੇ ਪਹੁੰਚਣ ਤੋਂ ਪਹਿਲਾਂ ਵਾਲ਼ੇ ਸਫ਼ਰ ਦੇ ਪਲ, ਇਮਤਿਹਾਨ ਦਾ ਨਤੀਜਾ ਐਲਾਨੇ ਜਾਣ ਤੋਂ ਪਹਿਲਾਂ ਉਡੀਕ ਦੇ ਪਲ, ਮਰੀਜ਼ ਦਾ ਆਪ੍ਰੇਸ਼ਨ ਹੋਣ ਦੌਰਾਨ, ਆਪ੍ਰੇਸ਼ਨ ਥਿਏਟਰ ਦੇ ਅੱਗੇ ਖੜ੍ਹੇ-ਬੈਠੇ ਰਿਸ਼ਤੇਦਾਰਾਂ ਦੇ ਸਿਰਾਂ ਉੱਤੋਂ ਲੰਘਦੇ ਪਲ ਤੇ ਇਸੇ ਤਰ੍ਹਾਂ ਦੇ ਹੋਰ ਹਾਲਾਤ ਦੌਰਾਨ ਬੀਤਦੇ ਪਲ ਰਲ਼ ਕੇ, ਮੇਰੇ ਦੁਆਲ਼ੇ ਝੁਰਮਟ ਪਾ ਰਹੇ ਸਨ ਕਿ ਜੂਨ ਮਹੀਨੇ ਦੇ ਇਕ ਬਹੁਤ ਹੀ ਗਰਮ ਦਿਨ, ਮੈਂ ਆਪਣੇ ਪਿੰਡੋਂ ਇੰਟਰਵਿਊ ਦੇਣ ਲਈ ਜਾਣ ਖ਼ਾਤਰ ਅਤੇ ਮੇਰੇ ਘਰ ਦੇ ਜੀਅ, ਸਾਡੀ ਰਿਸ਼ਤੇਦਾਰੀ ਵਿਚ ਇਕ ਮੁੰਡੇ ਦੇ ਵਿਆਹ ਜਾਣ ਖ਼ਾਤਰ ਤਿਆਰ ਹੋ ਰਹੇ ਸਨ। ਨੌਕਰੀ ਦਾ ਮਾਮਲਾ ਹੋਣ ਕਰ ਕੇ, ਘਰ ਦੇ ਮੈਨੂੰ ਇਸ ਸ਼ਰਤ 'ਤੇ ਛੱਡ ਕੇ ਜਾਣਾ ਮੰਨ ਗਏ ਕਿ ਇੰਟਰਵਿਊ ਦੇ ਕੇ, ਮੈਂ ਉੱਥੋਂ ਸਿੱਧਾ ਹੀ ਵਿਆਹ ਵਾਲ਼ੇ ਪਿੰਡ ਪਹੁੰਚਾਂਗਾ।

ਇੰਟਰਵਿਊ ਦਾ ਕੰਮ ਨਿੱਬੜ ਗਿਆ। ਇੰਟਰਵਿਊ ਲੈਣ ਵਾਲ਼ਿਆਂ ਵਿਚ ਮੈਨੂੰ ਤਾਂ ਸੈਣੀ ਸਾਹਿਬ ਹੀ ਮੁਖੀ ਲੱਗਦੇ ਸਨ। ਉਹ, ਇੰਟਰਵਿਊ ਕਰ ਕੇ, ਸਬੰਧਤ ਉਮੀਦਵਾਰ ਦੀ ਦਰਖ਼ਾਸਤ ਉੱਤੇ ਕੁੱਝ ਲਿਖ ਕੇ, ਉਹ ਦਰਖ਼ਾਸਤ ਆਪਣੇ ਨਾਲ਼ ਬੈਠੇ ਮਾਹਰ ਨੂੰ ਫੜਾ ਦਿੰਦੇ ਤੇ ਦਰਖ਼ਾਸਤ ਅੱਗੇ ਤੋਂ ਅੱਗੇ ਤੁਰ ਜਾਂਦੀ। ਅੰਤ ਵਿਚ ਸੈਣੀ ਸਾਹਿਬ ਨੇ (ਹੋਰ ਕਿਸੇ ਦਾ ਪਤਾ ਨਹੀਂ) ਮੈਨੂੰ ਇਹ ਕਿਹਾ, "ਤੁਸੀਂ ਕੁੱਝ ਸਮਾਂ, ਬਾਹਰ 'ਵੇਟ' ਕਰੋ।"

ਇਹ ਸੁਣ ਕੇ ਮੈਂ ਹੈਰਾਨ ਵੀ ਹੋਇਆ ਕਿ ਆਮ ਤੌਰ 'ਤੇ ਇਹੋ ਸੁਣਨ ਨੂੰ ਮਿਲਦਾ ਹੁੰਦਾ ਸੀ, "ਅਸੀਂ ਤੁਹਾਨੂੰ ਚਿੱਠੀ ਪਾਵਾਂਗੇ, ਹੁਣ ਤੁਸੀਂ ਜਾਓ।" ਮੈਂ ਜਿਸ ਕੁਰਸੀ ਤੋਂ ਉੱਠ ਕੇ ਗਿਆ ਸੀ, ਉਸੇ

ਮੈਨੂੰ ਦੁੱਧ ਤੋਂ ਸੜੇ ਹੋਏ ਨੂੰ ਲੱਸੀ ਤਾਂ ਕੀ, ਹਰ ਚੀਜ਼ ਹੀ ਫੂਕ ਮਾਰ-ਮਾਰ ਪੀਣ ਦੀ ਆਦਤ ਪੈ ਗਈ ਸੀ। ਮੈਂ, ਜੌਹਲ ਸਮੇਤ ਕਿਸੇ ਨੂੰ ਵੀ ਦੱਸੇ ਬਗ਼ੈਰ, ਇਕ ਦਿਨ ਮਦਨ ਫਲੋਰ ਮਿੱਲ ਚੌਕ ਦੇ ਨੇੜੇ ਸੈਣੀ ਸਾਹਬ ਦੇ ਘਰ ਦੀ ਡੋਰ ਬੈੱਲ ਵਜਾ ਦਿੱਤੀ। ਬੂਹਾ ਸੈਣੀ ਸਾਹਬ ਨੇ ਹੀ ਖੋਲ੍ਹਿਆ ਤੇ ਖੋਲ੍ਹਿਆ ਵੀ ਖਿੜੇ ਮੱਥੇ। ਉਨ੍ਹਾਂ ਨੇ ਮੈਨੂੰ ਡਰਾਇੰਗ ਵਿਚ ਬਿਠਾ ਕੇ ਚਾਹ-ਪਾਣੀ ਪੁੱਛਿਆ। "ਤੁਹਾਨੂੰ ਡਾ. ਕਾਂਗ ਹੁਰਾਂ ਦਾ ਕੋਈ ਚਿੱਠੀ-ਚੀਰਾ ਆਇਐ?" ਮੇਰੇ ਮੂੰਹੋਂ, ਚਾਹ-ਪਾਣੀ ਲਈ ਮਾਰੀ ਗਈ ਸੁਲ੍ਹਾ ਦੇ ਜੁਆਬ ਵਿਚ ਇਹੋ ਸਰਿਆ।

ਉੱਤੇ ਆ ਬੈਠਿਆ। ਕੁੱਝ ਹੋਰ ਉਮੀਦਵਾਰ ਵੀ ਬੈਠੇ ਸਨ, ਪਰ ਉਦੋਂ ਇਹ ਪਤਾ ਨਹੀਂ ਸੀ ਲੱਗਦਾ ਕਿ ਉਹ, ਇੰਟਰਵਿਊ ਦੇ ਆਏ ਹਨ ਜਾਂ ਉਨ੍ਹਾਂ ਨੇ ਅਜੇ ਜਾਣਾ ਸੀ। ਇੰਟਰਵਿਊ ਹੋਣ ਮਗਰੋਂ ਇਕ ਆਦਮੀ ਨੇ ਨਾਵਾਂ ਦੀ ਇਕ ਲਿਸਟ ਪੜ੍ਹ ਕੇ ਕਿਹਾ, "ਇਹ ਸਾਰੇ ਜਣੇ ਹੈਗੇ ਨੇ? ਇਨ੍ਹਾਂ ਤੋਂ ਇਲਾਵਾ ਤਾਂ ਕੋਈ ਨਹੀਂ ਹੈ ਨਾ?" ਰੋਕੇ ਹੋਏ ਉਮੀਦਵਾਰਾਂ ਵਿਚੋਂ ਇਕੱਲੇ-ਇਕੱਲੇ ਦਾ ਨਾਂ ਲੈ ਕੇ ਅੰਦਰ ਬੁਲਾਇਆ ਗਿਆ। ਮੈਂ ਦੇਖਿਆ ਕਿ ਅੰਦਰੋਂ ਨਿੱਕਲਦਾ ਹਰ ਉਮੀਦਵਾਰ ਖ਼ੁਸ਼ ਸੀ। ਮੇਰਾ ਨਾਂ ਬੋਲਿਆ ਗਿਆ। ਮੈਂ ਅੰਦਰ ਗਿਆ ਤਾਂ ਦੇਖਿਆ ਕਿ ਇੰਟਰਵਿਊ ਲੈਣ ਵਾਲ਼ਿਆਂ ਵਿਚੋਂ ਸੈਣੀ ਸਾਹਿਬ ਦੇ ਨਾਲ਼ ਦੋ ਚਿੱਟੇ ਲਿਬਾਸਾਂ ਵਾਲ਼ੇ ਬੰਦੇ ਹਾਜ਼ਰ ਸਨ। ਉਹ ਦੋਵੇਂ ਮਾਲਕ ਸਨ ਸ਼ਾਇਦ। ਉਨ੍ਹਾਂ ਵਿਚੋਂ ਇਕ ਜਣੇ ਨੇ ਮੈਨੂੰ ਇਕ ਲਿਫ਼ਾਫ਼ਾ ਫੜਾਇਆ ਤੇ ਕਿਹਾ, "ਤੁਹਾਨੂੰ ਛੇ ਮਹੀਨੇ ਲਈ ਪ੍ਰੋਬੇਸ਼ਨ ਉੱਤੇ ਰੱਖ ਲਿਆ ਗਿਆ ਏ। ਇਸ ਦੌਰਾਨ ਤੁਹਾਡੇ ਕੰਮ ਦਾ ਜਾਇਜ਼ਾ ਲਿਆ ਜਾਏਗਾ। ਜੇ ਤੁਹਾਡਾ ਕੰਮ ਤਸੱਲੀਬਖ਼ਸ਼ ਹੋਇਆ ਤਾਂ ਤੁਹਾਡੀਆਂ ਸੇਵਾਵਾਂ ਪੱਕੀਆਂ ਕਰ ਦਿੱਤੀਆਂ ਜਾਣਗੀਆਂ, ਨਹੀਂ ਤਾਂ ਤੁਹਾਡਾ ਪ੍ਰੋਬੇਸ਼ਨ ਦਾ ਸਮਾਂ ਛੇ ਮਹੀਨੇ ਹੋਰ ਵਧਾ ਦਿੱਤਾ ਜਾਵੇਗਾ।" ਸਾਨੂੰ ਦਿੱਤੀ ਗਈ ਚਿੱਠੀ ਵਿਚ ਇਹ ਵੀ ਲਿਖਿਆ ਹੋਇਆ ਸੀ ਕਿ ਅਸੀਂ 10 ਜੁਲਾਈ ਨੂੰ ਆ ਕੇ, ਜੁਆਨਿੰਗ ਰਿਪੋਰਟ ਦੇ ਕੇ ਕੰਮ 'ਤੇ ਲੱਗ ਜਾਣਾ ਹੈ।

*(ਬਾਕੀ ਅਗਲੇ ਅੰਕ ਵਿਚ...)*








# ਬਰੈਂਪਟਨ ਵਿਚ ਨਗਰ ਕੀਰਤਨ ਦੌਰਾਨ ਇੰਦਰਾ ਗਾਂਧੀ ਦੀ ਹੱਤਿਆ ਦੀ ਝਾਕੀ ਉਪਰ ਭਾਰਤ ਸਰਕਾਰ ਨੇ ਰੋਸ ਪ੍ਰਗਟਾਇਆ

ਨਵੀਂ ਦਿੱਲੀ-ਕਾਂਗਰਸ ਨੇ ਕੈਨੇਡਾ ਦੇ ਬਰੈਂਪਟਨ 'ਚ ਪਰੇਡ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਨੂੰ ਦਰਸਾਉਂਦੀ ਝਾਕੀ ਕੱਢੇ ਜਾਣ ਦੀ ਆਲੋਚਨਾ ਕਰਦਿਆਂ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੂੰ ਅਪੀਲ ਕੀਤੀ ਹੈ ਕਿ ਉਹ ਇਹ ਮਸਲਾ ਕੈਨੇਡਾ ਸਰਕਾਰ ਕੋਲ ਮਜ਼ਬੂਤੀ ਨਾਲ ਚੁੱਕਣ। ਇਸ ਤੋਂ ਪਹਿਲਾਂ ਕੈਨੇਡਾ ਦੇ ਭਾਰਤ 'ਚ ਨਿਯੁਕਤ ਹਾਈ ਕਮਿਸ਼ਨਰ ਕੈਮਰੌਨ ਮੈਕੇ ਨੇ ਕਿਹਾ ਕਿ ਉਹ ਆਪਣੇ ਮੁਲਕ (ਕੈਨੇਡਾ) ਵਿੱਚ ਸਾਬਕਾ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੱਤਿਆ ਦੇ ਜਸ਼ਨ ਮਨਾਏ ਜਾਣ ਦੀਆਂ ਰਿਪੋਰਟਾਂ ਤੋਂ ਬਹੁਤ ਪ੍ਰੇਸ਼ਾਨ ਹਨ। ਉਨ੍ਹਾਂ ਟਵੀਟ ਕੀਤਾ, 'ਕੈਨੇਡਾ 'ਚ ਨਫਰਤ ਜਾਂ ਹਿੰਸਾ ਨੂੰ ਉਤਸ਼ਾਹਿਤ ਕਰਨ ਲਈ ਕੋਈ ਥਾਂ ਨਹੀਂ ਹੈ। ਮੈਂ ਅਜਿਹੀਆਂ ਗਤੀਵਿਧੀਆਂ ਦੀ ਆਲੋਚਨਾ ਕਰਦਾ ਹਾਂ।' ਕਾਂਗਰਸ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਮਿਲਿੰਦ ਦਿਓੜਾ ਨੇ ਟਵੀਟ ਕੀਤਾ, 'ਇੱਕ ਭਾਰਤੀ ਵਜੋਂ ਮੈਨੂੰ ਇਹ ਦੇਖ ਕੇ ਦੁਖ ਹੋਇਆ ਕਿ ਕੈਨੇਡਾ ਦੇ ਬਰੈਂਪਟਨ 'ਚ ਪੰਜ ਕਿਲੋਮੀਟਰ ਲੰਮੀ ਪਰੇਡ ਕੱਢੀ ਗਈ ਜਿਸ ਵਿੱਚ ਇੱਕ ਝਾਕੀ 'ਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਨੂੰ ਦਿਖਾਇਆ ਗਿਆ ਹੈ। ਇਹ ਕਿਸੇ ਧਿਰ ਦਾ ਪੱਖ ਲੈਣ ਦੀ ਗੱਲ ਨਹੀਂ ਹੈ ਬਲਕਿ ਦੇਸ਼ ਦੇ ਇਤਿਹਾਸ ਤੇ ਸਾਬਕਾ ਪ੍ਰਧਾਨ ਮੰਤਰੀ ਦੀ ਹੱਤਿਆ ਨਾਲ ਹੋਏ ਦੁਖ ਤੇ ਸੰਵੇਦਨਾ ਦੀ ਗੱਲ ਹੈ।' ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਦਿਓੜਾ ਦੇ ਟਵੀਟ ਨੂੰ ਰੀਟਵੀਟ ਕਰਦਿਆਂ ਕਿਹਾ, 'ਮੈਂ ਪੂਰੀ ਤਰ੍ਹਾਂ ਸਹਿਮਤ ਹਾਂ। ਇਹ ਗਲਤ ਹੈ। ਡਾ. ਜੈਸ਼ੰਕਰ ਨੂੰ ਅਪੀਲ ਕਰਦਾ ਹਾਂ ਕਿ ਕੈਨੇਡਾ ਸਾਹਮਣੇ ਇਸ ਮੁੱਦੇ ਨੂੰ ਮਜ਼ਬੂਤੀ ਨਾਲ ਚੁੱਕਿਆ ਜਾਣਾ ਚਾਹੀਦਾ ਹੈ।' ਸ਼ਸ਼ੀ ਥਰੂਰ ਨੇ ਕਿਹਾ, 'ਮਿਲਿੰਦ ਦਿਓੜਾ, ਤੁਸੀਂ ਪੂਰੀ ਤਰ੍ਹਾਂ ਸਹੀ ਹੋ। ਇਸ ਭੱਦੇ ਕੰਮ ਦੀ ਪਾਰਟੀ ਪੱਧਰ ਤੋਂ ਉੱਪਰ ਉਠ ਕੇ ਆਲੋਚਨਾ ਕਰਨ 'ਚ ਕੋਈ ਰਾਜਨੀਤੀ ਨਹੀਂ ਹੋਣੀ ਚਾਹੀਦੀ।

## ਘਟਨਾ ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ ਲਈ ਠੀਕ ਨਹੀਂ- ਐੱਸ. ਜੈਸ਼ੰਕਰ



ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਵੱਖਵਾਦੀਆਂ ਤੇ ਅਤਿਵਾਦੀਆਂ ਨੂੰ ਮਹੱਤਵ ਦੇਣ ਲਈ ਕੈਨੇਡਾ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਕੈਨੇਡਾ ਦਾ ਆਪਣੀ ਧਰਤੀ ਤੋਂ ਭਾਰਤ ਵਿਰੋਧੀ ਤੱਤਾਂ ਨੂੰ ਕੰਮ ਕਰਨ ਦੇਣ ਦੀ ਇਜਾਜ਼ਤ ਦੇਣਾ ਨਾ ਸਿਰਫ਼ ਉਸ ਲਈ ਬਲਕਿ ਦੁਵੱਲੇ ਰਿਸ਼ਤਿਆਂ ਲਈ ਵੀ ਠੀਕ ਨਹੀਂ ਹੈ। ਉਨ੍ਹਾਂ ਕਿਹਾ, 'ਮੈਂ ਸੋਚਦਾ ਹਾਂ ਕਿ ਵੱਡਾ ਮੁੱਦਾ ਇਹ ਹੈ ਕਿ ਕੈਨੇਡਾ 'ਚ ਵੱਖਵਾਦੀਆਂ, ਅਤਿਵਾਦੀਆਂ ਅਤੇ ਹਿੰਸਾ ਦੀ ਵਕਾਲਤ ਕਰਨ ਵਾਲਿਆਂ ਨੂੰ ਅਜਿਹਾ ਕਰਨ ਦਿੱਤਾ ਜਾ ਰਿਹਾ ਹੈ।' ਉਨ੍ਹਾਂ ਕਿਹਾ, 'ਸਪੱਸ਼ਟ ਤੌਰ 'ਤੇ ਅਸੀਂ ਇਹ ਸਮਝ ਨਹੀਂ ਪਾ ਰਹੇ ਕਿ ਵੋਟ ਬੈਂਕ ਦੀ ਰਾਜਨੀਤੀ ਤੋਂ ਇਲਾਵਾ ਅਜਿਹਾ ਕੋਈ ਕਿਉਂ ਕਰੇਗਾ ਕਿਉਂਕਿ ਜੇਕਰ ਤੁਸੀਂ ਇਤਿਹਾਸ ਨੂੰ ਦੇਖੋ ਤਾਂ ਤੁਸੀਂ ਕਲਪਨਾ ਕਰੋਗੇ ਕਿ ਉਹ ਇਤਿਹਾਸ ਤੋਂ ਸਿੱਖਦੇ ਹਨ ਤੇ ਉਹ ਇਤਿਹਾਸ ਦੁਹਰਾਉਣਾ ਨਹੀਂ ਚਾਹੁਣਗੇ।'



# ਪ੍ਰਦੇਸੀ ਸਾਹਿਤਕਾਰਾਂ ਨੂੰ ਡਾਇਰੈਕਟਰੀ ਲਈ ਜਾਣਕਾਰੀ ਭੇਜਣ ਦੀ ਅਪੀਲ





ਸਰੀ, (ਹਰਦਮ ਮਾਨ)-ਵਿਦੇਸ਼ਾਂ ਵਿੱਚ ਪੰਜਾਬੀ ਮਾਂ ਬੋਲੀ ਦੀ ਸੇਵਾ ਵਿਚ ਕਾਰਜਸ਼ੀਲ ਸਾਹਿਤਕਾਰਾਂ, ਕਲਮਕਾਰਾਂ ਅਤੇ ਮਾਂ ਬੋਲੀ ਦੇ ਪਿਆਰਿਆਂ ਲਈ ਇਕ ਡਾਇਰੈਕਟਰੀ ਤਿਆਰ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਡਾ. ਜਸਬੀਰ ਸਿੰਘ ਸਰਨਾ ਅਤੇ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਦੱਸਿਆ ਹੈ ਕਿ ਇਸ ਡਾਇਰੈਕਟਰੀ ਵਿਚ ਭਾਰਤ ਨੂੰ ਛੱਡ ਕੇ ਅਮਰੀਕਾ, ਕੈਨੇਡਾ, ਇੰਗਲੈਂਡ, ਪਾਕਿਸਤਾਨ, ਯੂਰਪ ਆਦਿ ਦੇਸ਼ਾਂ ਦੇ ਪੰਜਾਬੀ ਸਾਹਿਤਕਾਰ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਸਾਰੇ ਅਦੀਬਾਂ ਨੂੰ ਬੇਨਤੀ ਹੈ ਕਿ ਇਕ ਮਹੀਨੇ ਦੇ ਅੰਦਰ ਅੰਦਰ ਆਪਣੇ ਬਾਰੇ ਜਾਣਕਾਰੀ ਭੇਜਣ ਦੀ ਅਪੀਲ ਕੀਤੀ ਹੈ। ਸਾਹਿਤਕਾਰਾਂ ਨੂੰ ਆਪਣਾ ਨਾਮ, ਜਨਮ ਮਿਤੀ, ਜਨਮ ਸਥਾਨ, ਮਾਤਾ ਪਿਤਾ ਦਾ ਨਾਂ, ਕਿੱਤਾ, ਪੁਸ਼ਤਨੀ ਪਿੰਡ ਅਤੇ ਦੇਸ਼, ਛਪੀਆਂ ਪੁਸਤਕਾਂ ਅਤੇ ਵਰ੍ਹਾ, ਇਨਾਮ-ਸਨਮਾਨ, ਪੂਰਾ ਪਤਾ, ਇਕ ਰੰਗਦਾਰ ਫੋਟੋ, ਮੋਬਾਇਲ ਫੋਨ, ਈਮੇਲ ਦੀ ਜਾਣਕਾਰੀ ਭੇਜਣ ਲਈ ਕਿਹਾ ਗਿਆ ਹੈ।

ਇਹ ਜਾਣਕਾਰੀ ਇਕ ਮਹੀਨੇ ਦੇ ਅੰਦਰ ਅੰਦਰ ਡਾ. ਜਸਬੀਰ ਸਿੰਘ ਸਰਨਾ ਨੂੰ WhatsApp. 099065-66604, Email jbs-ingh.801gmail.com ਉੱਪਰ ਅਤੇ ਡਾ. ਚਰਨਜੀਤ ਸਿੰਘ ਗੁਮਟਾਲਾ ਨੂੰ WhatsApp. 9194175-33060, Email gumtalacs'gmail.com ਉੱਪਰ ਭੇਜੀ ਜਾ ਸਕਦੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਨ੍ਹਾਂ ਸ਼ਖ਼ਸੀਅਤਾਂ ਵੱਲੋਂ ਅਦਬਨਾਮਾ ਖਾਲਸਾ ਕਾਲਜ ਅੰਮ੍ਰਿਤਸਰ ਦੇ ਦੋ ਐਡੀਸ਼ਨ ਪ੍ਰਕਾਸ਼ਿਤ ਕੀਤੇ ਜਾ ਚੁੱਕੇ ਹਨ।

# ਛੇਵੇਂ ਪਾਤਸ਼ਾਹ ਜੀ ਦੇ 428 ਸਾਲਾ ਪ੍ਰਕਾਸ਼ ਪੁਰਬ 'ਤੇ ਬਾਬਾ ਬੁੱਢਾ ਵੰਸ਼ਜ ਵਲੋਂ 428 ਘਿਓ ਦੇ ਦੀਵੇ ਜਗਾਏ

ਛੇਹਰਟਾ ਸਾਹਿਬ-ਬਾਬਾ ਬੁੱਢਾ ਸਾਹਿਬ ਜੀ ਦੀ ਵੰਸ਼ਜ ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ ਸਪੁੱਤਰ ਸੰਤ ਅਮਰੀਕ ਸਿੰਘ ਰੰਧਾਵਾ ਮੁੱਖੀ ਸੰਪਰਦਾ ਬਾਬਾ ਬੁੱਢਾ ਵੰਸ਼ਜ ਗੁਰੂ ਕੇ ਹਾਲੀ ਰੰਧਾਵੇ ਗੁਰੂ ਕੀ ਵਡਾਲੀ-ਛੇਹਰਟਾ ਵਲੋਂ ਬੇਅੰਤ ਸੰਗਤਾਂ ਜਪੁਜੀ ਸਾਹਿਬ ਦੇ ਪਾਠ ਅਤੇ ਵਾਹਿਗੁਰੂ ਜੀ ਦਾ ਨਾਮ ਜਪਾਉਂਦੇ ਹੋਏ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ 428ਵੇਂ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਰਾਤ 12 ਵੱਜਕੇ 20 ਮਿੰਟ 'ਤੇ ਗੁਰੂ ਕੀ ਵਡਾਲੀ ਵਿਖੇ ਲੰਗਰ ਹਾਲ ਬਾਬਾ ਖੜਕ ਸਿੰਘ ਦੀ ਛੱਤ 'ਤੇ 4 ਜੂਨ ਦੀ ਰਾਤ 12 ਵੱਜ ਕੇ 20 ਮਿੰਟ 'ਤੇ ਦੀਵਾਨ ਦੀ ਸਮਾਪਤੀ ਦੀ ਅਰਦਾਸ ਅਤੇ ਹੁਕਮਨਾਮੇ ਤੋਂ ਬਾਅਦ 428 ਘਿਓ ਦੇ ਦੀਵਿਆਂ ਦੀ ਅਕ੍ਰਿਤੀ 428 ਸਾਲਾ ਪ੍ਰਕਾਸ਼ ਪੁਰਬ ਬਣਾਕੇ ਘਿਓ ਦੇ ਦੀਵੇ ਜਗਾਏ ਗਏ। ਪ੍ਰੋ: ਬਾਬਾ ਰੰਧਾਵਾ ਦੇ ਨਾਲ ਸੰਗਤਾਂ ਤੋਂ ਇਲਾਵਾ ਬਾਬਾ ਰਘਬੀਰ ਸਿੰਘ ਰੰਧਾਵਾ, ਭਾਈ ਗੁਰਦੇਵ ਸਿੰਘ, ਭਾਈ ਸੰਤਾ ਸਿੰਘ, ਭਾਈ ਹਰਜਿੰਦਰ ਸਿੰਘ ਗਿਲ, ਭਾਈ ਸ਼ਮਸ਼ੇਰ ਸਿੰਘ, ਐਡ: ਪਰਮਜੀਤ ਸਿੰਘ ਤੇਗ, ਭਾਈ ਨਿਰਮਲ ਸਿੰਘ ਗਿੱਲ, ਭਾਈ ਬਿਅੰਤ ਸਿੰਘ ਮਾਨ ਆਦਿ ਹਾਜ਼ਰ ਸਨ। ਇਥੇ ਇਹ ਵਰਨਣਯੋਗ ਹੈ ਕਿ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਜੀ ਦਾ ਪ੍ਰਕਾਸ਼ 19 ਜੂਨ 1595 ਈ: (21 ਹਾੜ ਵਦੀ 7 ਸੰਮਤ 1652) ਨੂੰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਅਤੇ ਮਾਤਾ ਗੰਗਾ ਸਾਹਿਬ ਜੀ ਦੀ ਕੁੱਖੋਂ ਨਗਰ ਗੁਰੂ ਕੀ ਵਡਾਲੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ ਸੀ।

# ਸਿਨਸਿਨਾਟੀ ਵਿਖੇ ਰੀਜਨਲ ਸਿੱਖ ਯੂਥ ਸਿਮਪੋਜ਼ੀਅਮ 2023 ਕਰਵਾਇਆ



ਸਿਨਸਿਨਾਟੀ, ਓਹਾਇਓ (ਸਮੀਪ ਸਿੰਘ ਗੁਮਟਾਲਾ)-ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਵਲੋਂ ਕਰਵਾਏ ਜਾਂਦੇ ਸਲਾਨਾ ਸਿੱਖ ਯੂਥ ਸਿਮਪੋਜ਼ੀਅਮ 2023 ਸੰਬੰਧੀ ਖੇਤਰੀ (ਰੀਜਨਲ) ਪੱਧਰ ਦੇ ਭਾਸ਼ਨ ਮੁਕਾਬਲੇ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਵਿਖੇ ਕਰਵਾਏ ਗਏ। ਓਹਾਇਓ ਅਤੇ ਪੈਨਸਿਲਵੇਨੀਆ ਸੂਬੇ ਦੇ ਇਸ ਰੀਜਨਲ ਸਿਮਪੋਜ਼ੀਅਮ ਵਿੱਚ ਸਿਨਸਿਨਾਟੀ, ਕਲੀਵਲੈਂਡ ਅਤੇ ਪਿਟਸਬਰਗ ਸ਼ਹਿਰਾਂ ਦੇ 6 ਤੋਂ 23 ਸਾਲ ਤੱਕ ਦੇ 26 ਬੱਚਿਆਂ ਨੇ ਭਾਗ ਲਿਆ। ਇਸ ਤੋਂ ਪਹਿਲਾਂ ਅਪ੍ਰੈਲ ਮਹੀਨੇ ਵਿੱਚ ਇਹਨਾਂ ਤਿੰਨਾ ਸ਼ਹਿਰਾਂ ਦੇ ਸਥਾਨਕ ਪੱਧਰ ਦੇ ਸਿਮਪੋਜ਼ੀਅਮ ਮੁਕਾਬਲੇ ਕਰਵਾਏ ਗਏ ਸਨ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਸਿਮਪੋਜ਼ੀਅਮ ਲਈ ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਸਥਾਨਕ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਅਪ੍ਰੈਲ ਦੇ ਮਹੀਨੇ ਵਿੱਚ ਤਿੰਨਾ ਸ਼ਹਿਰਾਂ ਦੇ ਸਥਾਨਕ ਪੱਧਰ 'ਤੇ ਹੋਏ ਸਿਮਪੋਜ਼ੀਅਮ ਦੇ ਜੇਤੂ ਬੱਚੇ ਰੀਜਨਲ ਸਿਮਪੋਜ਼ੀਅਮ ਵਿੱਚ ਭਾਗ ਲੈਂਦੇ ਹਨ। ਗੁਮਟਾਲਾ ਨੇ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ ਪਹਿਲਾਂ ਜਨਵਰੀ ਦੇ ਮਹੀਨੇ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਭਾਗ ਲੈਣ ਵਾਲਿਆਂ ਨੇ ਉਸ ਦੇ ਵਿਚੋਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ। ਇਸ ਸਾਲ ਪਹਿਲੇ ਗਰੁੱਪ ਨੂੰ ਬੇਸਿਕ ਨੋਲੇਜ ਆਫ ਸਿੱਖਇਜ਼ਮ , ਦੂਜੇ ਨੂੰ ਸਿੱਖ ਸਾਖੀਜ਼ ਫਾਰ ਯੂਥ , ਤੀਜੇ ਨੂੰ ਦੀ ਟਰਬਨ , ਅਤੇ ਚੌਥੇ ਨੂੰ ਗੁਰੂ ਗ੍ਰੰਥ ਸਾਹਿਬ - ਸੁਪਰੀਮ ਟਰੇਜ਼ਰ ਕਿਤਾਬ ਦਿੱਤੀ ਗਈ ਜਿਸ ਵਿੱਚੋਂ ਉਹਨਾਂ ਦਿੱਤੇ ਗਏ ਸਵਾਲਾਂ ਦੇ ਜਵਾਬ ਵਿੱਚ ਭਾਸਨ ਦਿੱਤੇ। ਗਰੁਪ 5 ਨੂੰ ਸਿੱਖ ਜੀਵਨ ਜਾਚ / ਸਿੱਖ ਰਹਿਤ ਮਰਿਆਦਾ ਅਤੇ ਗੁਰਬਾਣੀ ਦਾ ਵਿਸ਼ਾ ਦਿੱਤਾ ਗਿਆ ਸੀ। ਇਸ ਸਾਲ ਸਿਨਸਿਨਾਟੀ ਤੋਂ 11, ਕਲੀਵਲੈਂਡ ਤੋਂ 10 ਅਤੇ ਪਿਟਸਬਰਗ ਤੋਂ 6 ਨੌਜਵਾਨਾਂ ਨੇ ਰੀਜਨਲ ਲਈ ਭਾਗ ਲਿੱਤਾ। ਸਿਮਪੋਜ਼ੀਅਮ ਦੀ ਅਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ। ਬੱਚਿਆਂ ਨੇ ਭਾਸ਼ਣ ਤਿਆਰ ਕਰਨ ਲਈ ਬਹੁਤ ਮਿਹਨਤ ਕੀਤੀ। ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਇਨਾਮ ਵਿੱਚ ਟਰੌਫੀਆਂ ਦਿੱਤੀਆਂ ਗਈਆਂ। ਪੰਜਾਬੀ ਵਿੱਚ ਭਾਸ਼ਣ ਦੇਣ ਵਾਲੇ ਬੱਚਿਆਂ ਨੂੰ ਵੱਖਰਾ ਵਿਸ਼ੇਸ਼ ਅਵਾਰਡ ਵੀ ਦਿੱਤਾ ਗਿਆ। ਗਰੁੱਪ 1 ਵਿੱਚ ਜਸਦੀਪ ਸਿੰਘ, ਗਰੁੱਪ 2 ਵਿੱਚ ਤ੍ਰਿਸ਼ਾ ਕੌਰ, ਗਰੁੱਪ 3 ਵਿੱਚ ਬਰਨਤ ਕੌਰ, ਗਰੁੱਪ 4 ਵਿੱਚ ਮਾਨਿਤ ਸਿੰਘ ਅਤੇ ਗਰੁੱਪ 5 ਵਿੱਚ ਹਰਜੋਤ ਕੌਰ ਪਹਿਲੇ ਸਥਾਨ 'ਤੇ ਆਏ। ਇਹ ਜੇਤੂ ਬੱਚੇ 3 ਤੋਂ 6 ਅਗਸਤ, 2023 ਵਿੱਚ ਸ਼ਾਰਲੈਟ, ਨਾਰਥ ਕੈਰੋਲਾਈਨਾ ਵਿਖੇ ਹੋਣ ਵਾਲੇ ਅੰਤਰਰਾਸ਼ਟਰੀ ਸਿਮਪੋਜ਼ੀਅਮ ਵਿੱਚ ਭਾਗ ਲੈਣਗੇ। ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਦੇ ਨੈਸ਼ਨਲ ਕਨਵੀਨਰ ਸ. ਕੁਲਦੀਪ ਸਿੰਘ ਅਨੁਸਾਰ ਸੰਸਥਾ ਵਲੋਂ ਸੰਨ 2000 ਤੋਂ ਹਰ ਸਾਲ ਮਾਰਚ-ਅਪ੍ਰੈਲ ਦੇ ਮਹੀਨੇ ਵਿਚ ਇਹ ਮੁਕਾਬਲੇ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਕਰਵਾਏ ਜਾਂਦੇ ਹਨ, ਫਿਰ ਰਾਜ ਪੱਧਰੀ ਤੇ ਅੰਤ ਵਿਚ ਅਗਸਤ ਦੇ ਮਹੀਨੇ ਵਿਚ ਅੰਤਰ-ਰਾਸ਼ਰਟੀ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਵਿਚ ਰਾਜ ਪੱਧਰੀ ਮੁਕਾਬਲਿਆਂ ਦੇ ਜੇਤੂ ਬੱਚੇ ਭਾਗ ਲੈਂਦੇ ਹਨ। ਰਾਜ ਪੱਧਰੀ ਮੁਕਾਬਲਿਆਂ ਲਈ ਅਮਰੀਕਾ ਅਤੇ ਕੈਨੇਡਾ ਨੂੰ 13 ਹਿੱਸਿਆਂ ਵਿਚ ਵੰਡਿਆ ਗਿਆ ਹੈ ਤੇ ਹਰ ਖਿੱਤੇ ਤੋਂ ਜੇਤੂ ਬੱਚੇ ਫਾਈਨਲ ਮੁਕਾਬਲਿਆਂ ਵਿਚ ਜਾਂਦੇ ਹਨ।

# ਦੇਸ਼ ਨਿਕਾਲੇ ਦੇ ਹੁਕਮਾਂ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਦਾ ਮੁੱਦਾ ਕੈਨੇਡੀਅਨ ਸੰਸਦ 'ਚ ਗੂੰਜਿਆ

ਸ.ਫ਼ਾ 1 ਦੀ ਬਾਕੀ

ਕੈਨੇਡਾ ਪੁੱਜਣ ਤੋਂ ਬਾਅਦ, ਸਲਾਹਕਾਰ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਉਹ ਉਸ ਵਿਸ਼ੇਸ਼ ਕਾਲਜ ਵਿੱਚ ਦਾਖਲਾ ਨਹੀਂ ਲੈ ਸਕਦੇ ਹਨ ਅਤੇ ਉਨ੍ਹਾਂ ਨੂੰ ਦੂਜੇ ਕਾਲਜਾਂ ਵਿੱਚ ਅਡਜਸਟ ਕਰਵਾ ਦਿੱਤਾ ਗਿਆ ਹੈ। ਉਨ੍ਹਾਂ ਵਿੱਚੋਂ ਕਈਆਂ ਨੇ ਆਪਣੀ ਪੜ੍ਹਾਈ ਪੂਰੀ ਕੀਤੀ ਅਤੇ ਫਿਰ ਵਰਕ ਪਰਮਿਟ ਪ੍ਰਾਪਤ ਕੀਤੇ। ਦਾਖਲੇ ਦੇ ਜਾਅਲੀ ਦਸਤਾਵੇਜ਼ CBSA ਦੇ ਨੋਟਿਸ ਵਿੱਚ ਉਦੋਂ ਆਏ ਜਦੋਂ ਉਨ੍ਹਾਂ ਨੇ ਪੀ ਆਰ ਲਈ ਅਰਜ਼ੀ ਦਿੱਤੀ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਲਗਭਗ 700 ਵਿਦਿਆਰਥੀਆਂ ਨੂੰ ਸੀਬੀਐਸਏ ਦੁਆਰਾ ਅਸਲ ਦਾਖਲਾ ਪੱਤਰ ਨਾ ਹੋਣ ਕਾਰਨ ਦੇਸ਼ ਨਿਕਾਲੇ ਦੇ ਹੁਕਮ ਜਾਰੀ ਕੀਤੇ ਗਏ ਸਨ। ਸਾਬਕਾ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਕੈਨੇਡੀਅਨ ਸਰਕਾਰ ਉਨ੍ਹਾਂ ਨਾਲ ਦੂਸਰੀ ਵਾਰ ਧੋਖਾ ਕਰ ਰਹੀ ਹੈ। ਸਾਡੇ ਕੋਲ ਵਧੀਆ ਅਕਾਦਮਿਕ ਰਿਕਾਰਡ ਹੈ ਅਤੇ ਅਸੀਂ ਲੋੜੀਂਦੇ ਬੈਂਡਾਂ ਨਾਲ ਆਈਲੈਟਸ ਦੀ ਪ੍ਰੀਖਿਆ ਪਾਸ ਕੀਤੀ ਹੈ। ਫਿਰ ਸਾਨੂੰ ਕੈਨੇਡਾ ਪਹੁੰਚਣ ਲਈ ਜਾਅਲੀ ਦਾਖਲਾ ਪੱਤਰ ਦੀ ਲੋੜ ਕਿਉਂ ਪਵੇਗੀ? ਪਰ ਇਸ ਦੌਰਾਨ ਇਕ ਜਾਂਚ ਟ੍ਰਿਬਿਊਨਲ, ਜਿਸ ਨੇ ਕੁਝ ਸਾਬਕਾ ਵਿਦਿਆਰਥੀਆਂ ਦੇ ਕੇਸਾਂ ਦੀ ਸੁਣਵਾਈ ਕੀਤੀ, ਨੇ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇਣ ਦੀ ਬਾਰਡਰ ਏਜੰਸੀ ਦੀ ਸਿਫ਼ਾਰਸ਼ ਨੂੰ ਬਰਕਰਾਰ ਰੱਖਿਆ ਹੈ।




## ਮਾਮਲਾ ਹਾਊਸ ਆਫ ਕਾਮਨਜ਼ ਵਿਚ ਗੂੰਜਿਆ

ਇਸੇ ਦੌਰਾਨ ਫੈਡਰਲ ਕੰਸਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲੀਵਰ ਨੇ ਕੌਮਾਂਤਰੀ ਵਿਦਿਆਰਥੀ ਨੂੰ ਡਿਪੋਰਟ ਕੀਤੇ ਜਾਣ ਦੇ ਹੁਕਮਾਂ ਦੀ ਸਖਤ ਨਿੰਦਾ ਕਰਦਿਆਂ ਇਸਨੂੰ ਲਿਬਰਲ ਸਰਕਾਰ ਦੀ ਨਾਲਾਇਕੀ ਕਰਾਰ ਦਿੱਤਾ ਹੈ। ਉਹਨਾਂ ਸੰਸਦ ਵਿਚ ਇਹ ਮੁੱਦਾ ਉਠਾਉਂਦਿਆਂ ਕਿਹਾ ਕਿ ਇਸ ਘਟਨਾ ਨੇ ਕੈਨੇਡੀਅਨ ਇਮੀਗ੍ਰੇਸ਼ਨ ਪ੍ਰਣਾਲੀ ਦੀ ਇਮਾਨਦਾਰੀ ਉਪਰ ਵੀ ਪ੍ਰਸ਼ਨ ਚਿੰਨ ਲਗਾ ਦਿੱਤਾ ਹੈ। ਉਹਨਾਂ ਕਿਹਾ ਕਿ ਹੁਣ ਜਦੋਂ ਵਿਦਿਆਰਥੀਆਂ ਪੜਾਈ ਪੂਰੀ ਕਰ ਚੁੱਕੇ ਹਨ ਤਾਂ ਉਹਨਾਂ ਨੂੰ ਦਾਖਲਾ ਪੱਤਰਾਂ ਦੇ ਜਾਅਲੀ ਹੋਣ ਕਰਕੇ ਨਿਸ਼ਾਨਾ ਨਹੀ ਬਣਾਇਆ ਜਾਣਾ ਚਾਹੀਦਾ। ਕੰਸਰਵੇਟਿਵ ਦੇ ਕੁਝ ਐਮ ਪੀ ਵਜੋਂ ਇਮੀਗ੍ਰੇਸ਼ਨ ਮੰਤਰੀ ਨੂੰ ਇਕ ਖੁੱਲਾ ਪੱਤਰ ਲਿਖਕੇ ਵੀ ਇਹਨਾਂ ਵਿਦਿਆਰਥੀਆਂ ਦਾ ਮਸਲਾ ਹੱਲ ਕਰਨ ਦੀ ਅਪੀਲ ਕੀਤੀ ਹੈ। ਇਸੇ ਦੌਰਾਨ ਲਿਬਰਲ ਐਮ ਪੀ ਸੁੱਖ ਧਾਲੀਵਾਲ ਨੇ ਕਿਹਾ ਹੈ ਕਿ ਲਿਬਰਲ ਸਰਕਾਰ ਇਹਨਾਂ ਕੌਮਾਂਤਰੀ ਵਿਦਿਆਰਥੀਆਂ ਦੀ ਜੋ ਵੀ ਸੰਭਵ ਮਦਦ ਹੋਵੇਗੀ ਉਹ ਕਰੇਗੀ। ਉਹਨਾਂ ਅਜਿਹੀ ਧੋਖਾਧੜੀ ਦਾ ਸ਼ਿਕਾਰ ਹੋਣ ਵਾਲੇ ਵਿਦਿਆਰਥੀਆਂ ਨੂੰ ਉਹਨਾਂ ਦੇ ਦਫਤਰ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਹੈ।

# ਜਾਅਲੀ ਕਾਲਜ ਦਾਖਲਾ ਪੱਤਰ ਨੂੰ ਲੈ ਕੇ ਡਿਪੋਰਟ ਕੀਤੇ ਜਾਣ ਦਾ ਹੁਕਮ ਮਿਸਾਲ ਕਾਇਮ ਕਰ ਸਕਦਾ ਹੈ-ਵਕੀਲਾਂ ਦਾ ਕਹਿਣਾ

ਓਟਵਾ-ਐਡਮਿੰਟਨ ਵਿਚ ਰਹਿੰਦੀ ਇਕ ਕੁੜੀ ਪੰਜ ਸਾਲ ਪਹਿਲਾਂ ਦੇਸ਼ ਵਿਚ ਦਾਖਲ ਹੋਣ ਲਈ ਪ੍ਰਾਪਤ ਕੀਤਾ ਕਾਲਜ ਦਾ ਦਾਖਲਾ ਪੱਤਰ ਜਾਅਲੀ ਨਿਕਲਣ ਪਿੱਛੋਂ ਪਿਛਲੇ ਮਹੀਨੇ ਡਿਪੋਰਟ ਕੀਤੇ ਜਾਣ ਦਾ ਸਾਹਮਣਾ ਕਰ ਰਹੀ ਸੀ। ਭਾਵੇਂ 25 ਸਾਲਾ ਕਮਲਜੀਤ ਕੌਰ ਨੇ ਇਹ ਸਾਬਤ ਕਰ ਦਿੱਤਾ ਕਿ ਉਸ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ ਕਿ ਪੱਤਰ ਧੋਖਾਧੜੀ ਸੀ ਤਾਂ ਵੀ ਇਮੀਗ੍ਰੇਸ਼ਨ ਐਂਡ ਰਿਫਊਜ਼ੀ ਬੋਰਡ ਆਫ ਕੈਨੇਡਾ ਨੇ ਫ਼ੈਸਲਾ ਕੀਤਾ ਸੀ ਕਿ ਉਸ ਨੂੰ 29 ਮਈ ਤੱਕ ਡਿਪੋਰਟ ਕੀਤੇ ਜਾਵੇ। ਇਸ ਫ਼ੈਸਲੇ ਦਾ ਕੈਨੇਡਾ ਵਿਚ ਦੂਸਰੇ ਸੈਂਕੜੇ ਵਿਦਿਆਰਥੀਆਂ 'ਤੇ ਪ੍ਰਭਾਵ ਪੈਣ ਦੀ ਸੰਭਾਵਨਾ ਹੈ ਜਿਨ੍ਹਾਂ ਨੂੰ ਭਾਰਤ ਵਿਚ ਉਸੇ ਸਿੱਖਿਆ ਏਜੰਟ ਤੋਂ ਉਸੇ ਤਰ੍ਹਾਂ ਦੇ ਜਾਅਲੀ ਦਾਖਲਾ ਪੱਤਰ ਮਿਲੇ ਸਨ। ਕੈਨੇਡੀਅਨ ਪ੍ਰੈਸ ਨਾਲ ਗੱਲਬਾਤ ਕਰਦਿਆਂ ਵਕੀਲਾਂ ਤੇ ਕਾਰਕੁਨਾਂ ਨੇ ਕਿਹਾ ਕਿ ਇਹ ਸਥਿਤੀ ਬਾਰਡਰ ਐਂਡ ਇਮੀਗ੍ਰੇਸ਼ਨ ਅਥਾਰਟੀਜ਼ ਦੀ ਜਵਾਬਦੇਹੀ ਦੀ ਘਾਟ ਦਾ ਪ੍ਰਗਟਾਵਾ ਕਰਦੀ ਹੈ। ਕੌਰ ਦੇ ਪੇਂਡੂ ਗਰੀਬ ਪਰਿਵਾਰ ਨੇ ਆਪਣੀ ਜਿੰਦਗੀ ਦੀਆਂ ਬੱਚਤਾਂ ਖਰਚ ਕੀਤੀਆਂ ਤਾਂ ਜੋ ਉਹ ਵਿਦੇਸ਼ ਵਿਚ ਪੜ੍ਹ ਕੇ ਕੰਮ ਕਰ ਸਕੇ। ਉਹ ਹੁਣ ਐਡਮਿੰਟਨ ਵਿਚ ਕੰਪਨੀ ਲਈ ਸੁਪਰਵਾਈਜ਼ਰ ਵਜੋਂ ਕੰਮ ਕਰਦੀ ਹੈ। ਉਹ ਕੈਨੇਡੀਅਨ ਨਾਗਰਿਕ ਨਾਲ ਵਿਆਹੀ ਹੋਈ ਹੈ ਅਤੇ ਨਵੰਬਰ ਤਕ ਉਸ ਨੂੰ ਵਰਕ ਪਰਮਿਟ ਮਿਲਿਆ ਹੈ ਅਤੇ ਉਹ ਪੀਆਰ ਲੈਣ ਦੇ ਰਸਤੇ 'ਤੇ ਹੈ। ਨੰਦਾ ਐਂਡ ਕੰਪਨੀ ਲਾਅ ਫਰਮ ਜਿਹੜੀ ਕੌਰ ਦੇ ਮਾਮਲੇ ਦੀ ਪੈਰਵੀ ਕਰ ਰਹੀ ਹੈ ਦੀ ਅਵਨੀਸ਼ ਨੰਦਾ ਦਾ ਕਹਿਣਾ ਕਿ ਉਹ ਉਸ ਕਿਸਮ ਦਾ ਵਿਅਕਤੀ ਹੈ ਜੋ ਕੈਨੇਡਾ ਚਾਹੁੰਦਾ ਹੈ। ਕੌਰ ਦੀ ਪੀਆਰ ਲਈ ਅਰਜ਼ੀ ਦੇ ਆਖਰੀ ਪੜਾਅ ਦੌਰਾਨ 2021 ਵਿਚ ਕੈਨੇਡਾ ਬਾਰਡਰ ਸਰਵਿਸ ਏਜੰਸੀ ਨੇ ਉਸ ਨੂੰ ਦੱਸਿਆ ਕਿ ਟੋਰਾਂਟੋ ਸੇਨੇਕਾ ਕਾਲਜ ਦਾ ਦਾਖਲਾ ਪੱਤਰ ਜਿਹੜਾ ਉਸ ਨੇ ਵਿਦਿਆਰਥੀ ਵੀਜ਼ਾ ਲੈਣ ਲਈ ਪ੍ਰਾਪਤ ਕੀਤਾ ਸੀ ਉਹ ਜਾਅਲੀ ਸੀ। ਕੌਰ ਨੇ ਦੱਸਿਆ ਕਿ ਕੈਨੇਡਾ ਪਹੁੰਚਣ ਪਿੱਛੋਂ ਭਾਰਤ ਵਿਚ ਏਜੰਟ ਨੇ ਕੇਵਲ ਉਸ ਨੂੰ ਇਹੀ ਦੱਸਿਆ ਕਿ ਸੇਨੇਕਾ ਕਾਲਜ ਵਿਚ ਹੁਣ ਸੀਟ ਉਪਲਬਧ ਨਹੀਂ। ਆਖਰਕਾਰ ਕੌਰ ਐਡਮਿੰਟਨ ਵਿਚ ਨੌਰਕੁਏਸਟ ਕਾਲਜ ਚਲੀ ਗਈ ਜਿਥੋਂ ਉਸ ਨੇ 2020 ਵਿਚ ਬਿਜਨਸ ਐਂਡ ਐਡਮਨਿਸਟਰੇਸ਼ਨ ਮੈਨੇਜਮੈਂਟ ਪ੍ਰੋਗਰਾਮ ਵਿਚ ਗਰੈਜੂਏਸ਼ਨ ਕੀਤੀ ਸੀ। ਕੈਨੇਡੀਅਨ ਪ੍ਰੈਸ ਨਾਲ ਇਕ ਮੁਲਾਕਾਤ ਵਿਚ ਕੌਰ ਨੇ ਦੱਸਿਆ ਕਿ ਅਸੀਂ ਸੋਚਿਆ ਕਿ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਕਿਰਿਆ ਬਹੁਤ ਸਖਤ ਹੈ ਅਤੇ ਉਨ੍ਹਾਂ ਨੇ ਹਰ ਚੀਜ਼ ਦੀ ਤਸਦੀਕ ਕਰਕੇ ਉਨ੍ਹਾਂ ਨੂੰ ਵੀਜ਼ਾ ਦੇ ਰਹੇ ਹਨ। ਉਸ ਨੂੰ ਸੱਚਮੁੱਚ ਝਟਕਾ ਲੱਗਾ ਹੈ। ਉਹ ਇਥੇ ਪੰਜ ਸਾਲਾਂ ਤੋਂ ਰਹਿ ਰਹੀ ਹੈ ਅਤੇ ਕੈਨੇਡਾ ਹੁਣ ਮੇਰਾ ਦੇਸ਼ ਹੈ। ਨੰਦਾ ਨੇ ਕਿਹਾ ਕਿ ਭਾਰਤ ਅਤੇ ਕੈਨੇਡਾ ਵਿਚ ਇਮੀਗ੍ਰੇਸ਼ਨ ਅਧਿਕਾਰੀਆਂ ਦਾ ਮੰਨਣਾ ਸੀ ਕਿ ਕੌਰ ਦਾ ਕਾਲਜ ਦਾਖਲਾ ਪੱਤਰ ਜਾਇਜ਼ ਸੀ। ਉਨ੍ਹਾਂ ਵਿਦਿਆਰਥੀਆਂ ਜਿਹੜੇ ਕੈਨੇਡਾ ਤੋਂ ਕੱਢੇ ਜਾਣ ਦਾ ਸਾਹਮਣਾ ਕਰ ਰਹੇ ਹਨ ਦੀ ਮਦਦ ਕਰਨ ਦੀ ਕੋਸ਼ਿਸ਼ ਕਰ ਰਹੇ ਵਿਅਕਤੀਆਂ ਦਾ ਕਹਿਣਾ ਕਿ ਉਸੇ ਸਿੱਖਿਆ ਏਜੰਟ ਨੇ ਕੈਨੇਡੀਅਨ ਪੋਸਟ ਸੈਕੰਡਰੀ ਸਕੂਲਾਂ ਲਈ 700 ਵਿਦਿਆਰਥੀਆਂ ਨੂੰ ਜਾਅਲੀ ਦਾਖਲਾ ਪੱਤਰ ਦਿੱਤੇ ਸਨ। ਇਹ ਏਜੰਟ ਭਾਰਤ ਵਿਚ ਹੁਣ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਕੈਨੇਡਾ ਬਾਰਡਰ ਸਰਵਸਿਜ਼ ਏਜੰਸੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਹ ਇਮੀਗ੍ਰੇਸ਼ਨ ਐਂਡ ਰਿਫਊਜ਼ੀ ਪ੍ਰੋਟੈਕਸ਼ਨ ਐਕਟ ਦੇ ਕਈ ਮਾਮਲਿਆਂ ਦੀ ਜਾਂਚ ਕਰ ਰਹੀ ਹੈ ਜਿਸ ਵਿਚ ਸਟੱਡੀ ਪਰਮਿਟ ਦੇ ਮਾਮਲੇ ਵੀ ਸ਼ਾਮਿਲ ਹਨ। ਬਾਰਡਰ ਏਜੰਸੀ ਨੇ ਜਾਂਚ ਦਾ ਹਵਾਲਾ ਦਿੰਦਿਆਂ ਹੋਰ ਵੇਰਵੇ ਮੁਹੱਈਆ ਨਹੀਂ ਕੀਤੇ ਅਤੇ ਕਿਹਾ ਕਿ ਉਹ ਵਿਸ਼ੇਸ਼ ਮਾਮਲਿਆਂ 'ਤੇ ਟਿੱਪਣੀ ਨਹੀਂ ਕਰਦਾ। ਜਨਵਰੀ 2023 ਵਿਚ ਫੈਡਰਲ ਕੋਰਟ ਦੇ ਜੱਜ ਨੇ ਇਮੀਗ੍ਰੇਸ਼ਨ ਬੋਰਡ ਦੇ ਡਿਪੋਰਟ ਕੀਤੇ ਜਾਣ ਦੇ ਹੁਕਮ ਦੀ ਨਿਆਇਕ ਸਮੀਖਿਆ ਕਰਨ ਲਈ ਕੌਰ ਵਲੋਂ ਕੀਤੀ ਬੇਨਤੀ ਨੂੰ ਰੱਦ ਕਰ ਦਿੱਤਾ ਸੀ। ਜੱਜ ਨੇ ਪਾਇਆ ਕਿ ਕੌਰ ਨੇ ਸੱਚਮੁੱਚ ਇਹ ਵਿਸ਼ਵਾਸ਼ ਕੀਤਾ ਸੀ ਕਿ ਉਸ ਨੂੰ ਸੇਨੇਕਾ ਕਾਲਜ ਨੇ ਸਵੀਕਾਰ ਕਰ ਲਿਆ ਪਰ ਕਿਹਾ ਕਿ ਕੌਰ ਨੇ ਆਪਣੇ ਦਾਖਲੇ ਦੀ ਤਸਦੀਕ ਲਈ ਕਦੇ ਵੀ ਕਾਰਵਾਈ ਨਹੀਂ ਕੀਤੀ ਅਤੇ ਕਦੇ ਵੀ ਇਹ ਪੁੱਛਗਿੱਛ ਕਰਨ ਲਈ ਯੂਨੀਵਰਸਿਟੀ ਨਾਲ ਸੰਪਰਕ ਨਹੀਂ ਕੀਤਾ ਕਿ ਉਸ ਦੀ ਕਥਿਤ ਸਵੀਕ੍ਰਿਤੀ ਵਾਪਸ ਕਿਉਂ ਲਈ ਗਈ ਹੈ। ਨੰਦਾ ਨੇ ਕਿਹਾ ਕਿ ਕੌਰ ਦੇ ਡਿਪੋਰਟ ਕੀਤੇ ਜਾਣ ਦੇ ਹੁਕਮ ਨੇ ਮਾਮਲਿਆਂ ਦੀ ਸੁਣਵਾਈ ਦੇ ਨਤੀਜਿਆਂ ਦੀ ਉਡੀਕ ਕਰ ਰਹੇ ਦੂਸਰੇ ਵਿਦਿਆਰਥੀਆਂ ਲਈ ਇਕ ਸਥਾਪਤ ਕਾਨੂੰਨੀ ਮਿਸਾਲ ਕਾਇਮ ਕਰ ਦਿੱਤੀ ਹੈ। ਕੌਰ ਨੇ ਕੈਨੇਡਾ ਵਿਚ ਮਾਨਵੀ ਤੇ ਤਰਸ ਦੇ ਆਧਾਰ 'ਤੇ ਸਪਾਂਸਰਸ਼ਿਪ ਰਾਹੀਂ ਕੈਨੇਡਾ ਵਿਚ ਪੀਆਰ ਅਪਲਾਈ ਕੀਤੀ ਹੋਈ ਹੈ। ਕੌਰ ਤੇ ਦਰਜਨਾਂ ਦੂਸਰੇ ਵਿਅਕਤੀਆਂ ਨੇ ਤਿੰਨ ਮਈ ਨੂੰ ਟੋਰਾਂਟੋ ਵਿਚ ਜਨਤਕ ਸੁਰੱਖਿਆ ਬਾਰੇ ਮੰਤਰੀ ਮਾਰਕੋ ਮੈਂਡੀਸਿਨੋ ਦੇ ਹਲਕਾ ਦਫ਼ਤਰ ਦੇ ਬਾਹਰ ਕੈਨੇਡੀਅਨ ਇਮੀਗ੍ਰੇਸ਼ਨ ਅਧਿਕਾਰੀਆਂ ਵਲੋਂ ਪਹਿਲਾਂ ਉਨ੍ਹਾਂ ਦੀ ਜਾਅਲੀ ਪੱਤਰਾਂ ਨੂੰ ਸਵੀਕਾਰ ਕਰਨ ਲਈ ਉਨ੍ਹਾਂ 'ਤੇ ਜ਼ਿੰਮੇਵਾਰੀ ਪਾਉਣ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ।



# ਮੈਨੀਟੋਬਾ ਲੈਜਿਸਲੇਚਰ ਦਾ ਸੈਸ਼ਨ ਸਮਾਪਤ

## ਅਗਾਮੀ ਚੋਣ ਮੁਹਿੰਮ ਲਈ ਖਿੱਚੀ ਤਿਆਰੀ



ਵਿਨੀਪੈਗ-ਗਰਮੀਆਂ ਦੀਆਂ ਛੁੱਟੀਆਂ ਲਈ ਮਨੀਟੋਬਾ ਲੈਜਿਸਲੇਚਰ ਦਾ ਸੈਸ਼ਨ ਖਤਮ ਹੋ ਗਿਆ ਹੈ ਅਤੇ ਅਗਾਮੀ ਚੋਣ ਮੁਹਿੰਮ ਵਿਚ ਸਿਹਤ ਸੰਭਾਲ, ਟੈਕਸਾਂ ਤੇ ਜ਼ੁਰਮ 'ਤੇ ਧਿਆਨ ਕੇਂਦਰਿਤ ਕੀਤੇ ਜਾਣ ਦੀ ਆਸ ਹੈ। 3 ਅਕਤੂਬਰ ਨੂੰ ਹੋ ਰਹੀਆਂ ਚੋਣਾਂ ਤੋਂ ਪਹਿਲਾਂ ਆਖਰੀ ਬੈਠਕ ਵਿਚ ਸੱਤਾਧਾਰੀ ਪ੍ਰੌਗਰੈਸਿਵ ਕੰਸਰਵੇਟਿਵਾਂ ਨੇ ਕਾਨੂੰਨ ਬਣਾਉਣ ਲਈ ਦਰਜਨਾਂ ਬਿੱਲ ਪਾਸ ਕੀਤੇ। ਇਨ੍ਹਾਂ ਵਿਚ ਬਜਟ ਨਾਲ ਸਬੰਧਤ ਬਿੱਲ ਹਨ ਅਤੇ ਬਜਟ ਵਿਚ ਸਰਕਾਰ ਨੇ ਕਈ ਸਾਲ ਵਿੱਤੀ ਘਾਟੇ ਨਾਲ ਲੜਨ ਪਿੱਛੋਂ ਤੇਜ਼ੀ ਨਾਲ ਖਰਚ ਨੂੰ ਹੁਲਾਰਾ ਦਿੱਤਾ ਹੈ। ਅਪਰਾਧ ਵਿਰੋਧੀ ਉਪਾਵਾਂ ਵਾਲੇ ਬਿੱਲ ਵੀ ਹਨ, ਜਿਵੇਂ ਮਿਉਂਸਪਲਟੀਜ਼ ਨੂੰ ਟਰਾਂਜਿਟ ਲਈ ਸਕਿਓਰਟੀ ਸਟਾਫ ਤਾਇਨਾਤ ਕਰਨ ਦੀ ਤਾਕਤ ਦੇਣਾ ਅਤੇ ਪੀੜਤਾਂ ਲਈ ਉਨ੍ਹਾਂ ਲੋਕਾਂ ਖਿਲਾਫ ਮੁਕੱਦਮੇ ਨੂੰ ਅਸਾਨ ਬਣਾਉਣ ਲਈ ਬਿੱਲ ਹੈ ਜਿਹੜੇ ਬਦਲਾ ਲੈਣ ਲਈ ਅਸ਼ਲੀਲ ਤਸਵੀਰਾਂ ਨੂੰ ਪੋਸਟ ਕਰਦੇ ਹਨ ਪਰ ਪੰਜ ਬਿੱਲਾਂ ਨੂੰ ਵਿਰੋਧੀ ਧਿਰ ਨਿਊ ਡੈਮੋਕਰੈਟਸ ਨੇ ਪਾਸ ਨਹੀਂ ਹੋਣ ਦਿੱਤਾ ਜਿਸ ਵਿਚ ਨਿਗਰਾਨੀ ਅਧੀਨ ਨਸ਼ੀਲੇ ਪਦਾਰਥਾਂ ਦੀ ਖਪਤ ਵਾਲੀਆਂ ਥਾਵਾਂ ਲਈ ਇਕ ਲਾਇਸੈਂਸਿੰਗ ਅਤੇ ਰੈਗੂਲੇਟਰੀ ਪ੍ਰਬੰਧ ਸਥਾਪਤ ਕੀਤਾ ਜਾਣਾ ਸੀ। ਪ੍ਰੀਮੀਅਰ ਹੀਥਰ ਸਟੀਫਨਸਨ ਇਸ ਨੂੰ ਪ੍ਰਚਾਰ ਮੁੱਦਾ ਬਣਾਵੇਗੀ। ਸਟੀਫਨਸਨ ਨੇ ਕਿਹਾ ਕਿ ਉਸ ਨੂੰ ਯਕੀਨ ਹੈ ਕਿ ਇਹ ਬਿੱਲ ਸਾਡੇ ਸੂਬੇ ਵਿਚ ਨਸ਼ਿਆਂ ਤੋਂ ਪੀੜਤ ਲੋਕਾਂ ਨੂੰ ਸੁਰੱਖਿਆ ਦੇਣ ਸਬੰਧੀ ਸੀ, ਮੈਨੂੰ ਲਗਦਾ ਹੈ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਬਿੱਲ ਪਾਸ ਨਹੀਂ ਹੋਇਆ।

## ਐਮ.ਪੀ. ਜਸਰਾਜ ਹੱਲਣ ਨੇ ਮਹਿੰਗਾਈ ਲਈ ਲਿਬਰਲ ਸਰਕਾਰ ਦੀ ਵਿੱਤ ਮੰਤਰੀ ਨੂੰ ਘੇਰਿਆ

ਓਟਵਾ-ਹਾਊਸ ਆਫ ਕਾਮਨਜ਼ ਵਿਚ ਸਪੀਕਰ ਨੂੰ ਸੰਬੋਧਨ ਕਰਦਿਆਂ ਕੰਸਰਵੇਟਿਵ ਐਮ ਪੀ ਜਸਰਾਜ ਹੱਲਣ ਨੇ ਕਿਹਾ ਕਿ ਵਿੱਤ ਮੰਤਰੀ ਨੇ ਸਵੀਕਾਰ ਕੀਤਾ ਕਿ ਵਿੱਤੀ ਘਾਟੇ ਨੇ ਮਹਿੰਗਾਈ ਨੂੰ ਵਧਾਇਆ ਹੈ। ਉਨ੍ਹਾਂ ਕਿਹਾ ਕਿ ਇਹ ਵਿਸ਼ਵਾਸ਼ ਕਰਨਾ ਔਖਾ ਹੈ ਕਿ ਉਹ ਇਸ ਧਾਰਨਾ ਨੂੰ ਸਮਝਦੀ ਹੈ ਕਿਉਂਕਿ ਉਸ ਦੀ ਸਰਕਾਰ ਨੇ ਕਿਸੇ ਵੀ ਹੋਰ ਕੈਨੇਡੀਅਨ ਸਰਕਾਰ ਨਾਲ ਜ਼ਿਆਦਾ ਕਰਜ਼ਾ ਸਿਰ ਚੜ੍ਹਾਇਆ ਹੈ। ਇਸ ਕਾਰਨ



ਇਕ ਦਹਾਕੇ ਵਿਚ ਕੈਨੇਡਾ ਵਿਚ ਬੈਂਕ ਵਿਆਜ ਸਭ ਤੋਂ ਜ਼ਿਆਦਾ ਹੋ ਗਿਆ ਹੈ ਅਤੇ ਹੁਣ 63 ਫ਼ੀਸਦੀ ਕੈਨੇਡੀਅਨ ਪੇਅਚੈੱਕ ਇਕੱਲੇ ਮਾਸਿਕ ਮੌਰਟਗੇਜ ਭੁਗਤਾਨਾਂ ਲਈ ਦਿੱਤੇ ਜਾ ਰਹੇ ਹਨ। ਇਹ ਸਭ ਕੁਝ ਜਾਣਦੇ ਹੋਏ ਉਸ ਨੇ 63 ਅਰਬ ਡਾਲਰ ਬਾਲਣ ਦਾ ਜੈਰੀ ਕੈਨ ਮਹਿੰਗਾਈ ਦੀ ਅੱਗ 'ਤੇ ਸੁੱਟ ਦਿੱਤਾ ਹੈ ਜਿਸ ਨਾਲ ਮੌਰਟਗੇਜ ਸੰਕਟ ਪੈਦਾ ਹੋ ਗਿਆ ਹੈ। ਇਹ ਮਹਿੰਗਾਈ ਉਨ੍ਹਾਂ ਦੇ ਨਾਕਾਮ ਬਜਟ ਨਾਲ ਸ਼ੁਰੂ ਹੋਈ ਸੀ। ਉਨ੍ਹਾਂ ਪੁੱਛਿਆ ਕਿ ਕੀ ਉਹ ਸਾਨੂੰ ਦੱਸ ਸਕਦੀ ਹੈ ਕਿ ਆਪਣਾ ਮਹਿੰਗਾਈ ਵਾਲਾ ਖਰਚ ਕਦੋਂ ਬੰਦ ਕਰੇਗੀ ਅਤੇ ਬਜਟ ਨੂੰ ਸੰਤੁਲਤ ਕਰੇਗੀ ਤਾਂ ਜੋ ਵਿਆਜ ਦਰਾਂ ਆਖਰਕਾਰ ਹੇਠਾਂ ਆਉਣ। ਉਨ੍ਹਾਂ ਕਿਹਾ ਕਿ ਸਪੀਕਰ ਸਾਹਿਬ ਪਿਛਲੇ ਦਿਨੀ ਹੋਰ ਅਲਬਰਟਾ ਵਾਸੀਆਂ ਵਾਂਗ ਉਸ ਦੇ ਹਲਕੇ ਦੇ ਲੋਕਾਂ ਨੇ ਵੀ ਲਿਬਰਲ-ਐਨਡੀਪੀ ਸਰਕਾਰ ਨੂੰ ਰੱਦ ਕਰਕੇ ਇਕ ਮਜ਼ਬੂਤ ਕੰਸਰਵੇਟਿਵ ਸਰਕਾਰ ਦੀ ਚੋਣ ਕੀਤੀ ਹੈ।

## ਅੱਲੜ੍ਹ ਕੁੜੀਆਂ ਨੂੰ ਨਸ਼ਾ ਖੁਆ ਕੇ ਉਨ੍ਹਾਂ ਦੀ ਪੱਤ ਲੁੱਟਣ ਵਾਲੇ ਕੈਲਗਰੀ ਦੇ ਪਿਉ-ਪੁੱਤ ਪੁਲਿਸ ਅੜਿੱਕੇ

ਕੈਲਗਰੀ-ਪੁਲਿਸ ਨੇ ਦੱਸਿਆ ਕਿ ਕਈ ਕਿਸ਼ੋਰ ਲੜਕੀਆਂ ਦਾ ਕਈ ਮਹੀਨਿਆਂ ਤੱਕ ਜਿਣਸੀ ਸੋਸ਼ਣ ਕਰਨ ਪਿੱਛੋਂ ਪਿਉ-ਪੁੱਤ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਨ੍ਹਾਂ 'ਤੇ ਦੋਸ਼ ਲਗਾਏ ਗਏ ਹਨ। ਪੁਲਿਸ ਨੇ ਇਕ ਬਿਆਨ ਵਿਚ ਦੱਸਿਆ ਕਿ ਉਨ੍ਹਾਂ ਨੂੰ ਅਪ੍ਰੈਲ ਵਿਚ 13 ਸਾਲਾ ਲੜਕੀ ਮਿਲੀ ਜਿਸ ਦੇ ਪਹਿਲਾਂ ਲਾਪਤਾ ਹੋਣ ਬਾਰੇ ਰਿਪੋਰਟ ਕੀਤੀ ਗਈ ਸੀ। ਲੜਕੀ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੇ 24 ਸਾਲਾ ਲੜਕੇ ਨਾਲ ਸਬੰਧ ਸਨ ਜਿਸ ਨੇ ਸੈਕਸ ਬਦਲੇ ਉਸ ਨੂੰ ਸ਼ਰਾਬ, ਨਸ਼ੀਲੇ ਪਦਾਰਥ ਅਤੇ ਵੈਪਸ ਦਿੱਤੇ ਸਨ। ਪੁਲਿਸ ਨੇ ਦੱਸਿਆ ਕਿ ਇਸ ਵਿਅਕਤੀ ਅਤੇ ਉਸ ਦੇ 56 ਸਾਲਾ ਬਾਪ ਜਿਸ ਦਾ ਆਪਣਾ ਹੈਡਨ ਕਨਵੀਨੀਐਂਸ ਸਟੋਰ ਹੈ ਵਿਖੇ ਲੜਕੀਆਂ ਦੀ ਪੱਤ ਲੁੱਟੀ ਸੀ। ਪੁਲਿਸ ਨੇ ਦੋਸ਼ ਲਗਾਇਆ ਕਿ ਦੋਵੇਂ ਜਣੇ ਦਸੰਬਰ ਤੋਂ ਲੈ ਕੇ ਮਈ ਮਹੀਨੇ ਤਕ ਕਈ ਕਿਸ਼ੋਰ ਲੜਕੀਆਂ ਨੂੰ ਨਸ਼ੀਲੇ ਪਦਾਰਥ ਅਤੇ ਸ਼ਰਾਬ ਮੁਹੱਈਆ ਕਰਕੇ ਉਨ੍ਹਾਂ ਦਾ ਜਿਣਸੀ ਸੋਸ਼ਣ ਕਰਦੇ ਰਹੇ। ਪੁਲਿਸ ਨੇ ਦੱਸਿਆ ਕਿ 16 ਸਾਲ ਤੋਂ ਘੱਟ ਉਮਰ ਹੋਣ ਕਾਰਨ ਲੜਕੀਆਂ ਹਮਬਿਸਤਰ ਹੋਣ ਲਈ ਸਹਿਮਤ ਨਹੀਂ ਸੀ ਹੋ ਸਕਦੀਆਂ ਜਿਸ ਕਾਰਨ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ। 24 ਸਾਲਾ ਪੁੱਤਰ ਸੁਮਿਤ ਵਾਲੀਆਂ 20 ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਉਸ ਦਾ 56 ਸਾਲਾ ਬਾਪ ਗੁਰਪ੍ਰਤਾਪ ਸਿੰਘ ਵਾਲੀਆਂ ਖਿਲਾਫ ਵੀ ਜਿਣਸੀ ਹਮਲੇ, ਨਾਬਾਲਗ ਨਾਲ ਜਿਣਸੀ ਸਬੰਧ ਬਣਾਉਣ ਅਤੇ ਮਨਾਹੀ ਵਾਲਾ ਤੰਬਾਕੂ ਵੇਚਣ ਦੇ ਦੋਸ਼ ਲਗਾਏ ਗਏ ਹਨ।

## ਗਿਲਫੋਰਡ ਮਾਲ ਵਿਚ ਰਿਟੇਲ ਚੋਰੀ ਨੂੰ ਲੈ ਕੇ ਪੁਲਿਸ ਵਲੋਂ ਇਕ ਦਿਨ ਵਿਚ 26 ਗ੍ਰਿਫ਼ਤਾਰੀਆਂ

ਸਰੀ-ਗਿਲਡਫੋਰਡ ਵਿਚ ਸਰੀ ਪੁਲਿਸ ਨੇ ਟਰਾਂਜਿਟ ਪੁਲਿਸ ਐਂਡ ਡੈਲਟਾ ਪੁਲਿਸ ਨਾਲ ਇਕ ਦਿਨ ਦੇ ਤਾਲਮੇਲ ਯਤਨਾਂ ਨਾਲ ਗਿਲਡਫੋਰਡ ਟਾਊਨ ਸੈਂਟਰ ਨੂੰ ਨਿਸ਼ਾਨਾ ਬਣਾਉਂਦੇ ਹੋਏ 26 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਸਿੱਟੇ ਵਜੋਂ ਹਜ਼ਾਰਾਂ ਡਾਲਰ ਦੇ ਚੋਰੀ ਕੀਤੇ ਮਾਲ ਦੀ ਬਰਾਮਦਗੀ ਕੀਤੀ ਹੈ। ਸਰੀ ਆਰ ਸੀ ਐਮ ਪੀ ਕਾਰਪੋਰਲ ਵਨੇਸਾ ਮੁਨ ਨੇ ਦੱਸਿਆ ਕਿ ਸਰੀ ਆਰਸੀਐਮਪੀ ਦੀ ਨੌਰਥ ਕਮਿਊਨਿਟੀ ਰਿਸਪਾਂਸ ਯੂਨਿਟ, ਮੈਟਰੋ ਵੈਨਕੂਵਰ ਟਰਾਂਜ਼ਿਟ ਪੁਲਿਸ ਸਰਵਿਸ ਕਰਾਈਮ ਸੁਪਰੈਸ਼ਨ ਟੀਨਮ ਅਤੇ ਡੈਲਟਾ ਪੁਲਿਸ ਸਰਵਿਸ ਪੈਟਰੋਲ ਸੁਪੋਰਟ ਟੀਮ ਨੇ ਇਕੱਠੇ ਹੋ ਕੇ ਗਿਲਡਫੋਰਡ ਟਾਊਨ ਸੈਂਟਰ ਵਿਖੇ ਰਿਟੇਲ ਚੋਰੀ ਨੂੰ ਨਿਸ਼ਾਨਾ ਬਣਾਇਆ ਸੀ। ਇਕ ਦਿਨ ਵਿਚ 26 ਗ੍ਰਿਫ਼ਤਾਰੀਆਂ ਕੀਤੀਆਂ ਜਿਸ ਵਿਚ ਪੰਜ ਗ੍ਰਿਫ਼ਤਾਰੀ ਵਾਰੰਟ ਦੀ ਤਾਮੀਲ ਸ਼ਾਮਿਲ ਹੈ ਅਤੇ 15 ਖਿਲਾਫ ਅਪਰਾਧਿਕ ਦੋਸ਼ਾਂ ਦੀ ਸਿਫਾਰਸ਼ ਕੀਤੀ। ਭੋਜਨ, ਕੱਪੜਿਆਂ, ਇਲੈਕਟ੍ਰਾਨਿਕਸ ਤੇ ਹਾਰ ਸ਼ਿੰਗਾਰ ਦੀਆਂ ਵਸਤਾਂ ਸਮੇਤ ਪੰਜ ਹਜ਼ਾਰ ਡਾਲਰ ਤੋਂ ਵੀ ਜ਼ਿਆਦਾ ਕੀਮਤ ਦਾ ਮਾਲ ਬਰਾਮਦ ਕੀਤਾ ਗਿਆ। ਗ੍ਰਿਫ਼ਤਾਰ ਕੀਤੇ ਵਿਅਕਤੀਆਂ ਵਿਚ ਕਿਸ਼ੋਰਾਂ ਤੋਂ ਲੈ ਕੇ 40 ਸਾਲ ਦੀ ਉਮਰ ਦੇ ਬਾਲਗ ਸ਼ਾਮਿਲ ਹਨ।

## ਮਹਾਰਾਣੀ ਐਲਿਜਾਬੈਥ ਦਾ ਬੁੱਤ ਮੁਰੰਮਤ ਪਿੱਛੋਂ ਮੁੜ ਸਥਾਪਿਤ

ਵਿਨੀਪੈਗ-ਮਹਾਰਾਣੀ ਐਲਿਜ਼ਾਬੈਥ ਦਾ ਕਾਂਸੀ ਦਾ ਬੁੱਤ ਜਿਸ ਨੂੰ ਦੋ ਸਾਲ ਪਹਿਲਾਂ ਮੁਜ਼ਾਹਰਾਕਾਰੀਆਂ ਨੇ ਪੁੱਟ ਕੇ ਨੁਕਸਾਨ ਪਹੁੰਚਾਇਆ ਸੀ ਨੂੰ ਲੰਬੀ ਮੁਰੰਮਤ ਪਿੱਛੋਂ ਮੁੜ ਮਨੀਟੋਬਾ ਲੈਜਿਸਲੇਚਰ ਦੇ ਮੈਦਾਨਾਂ ਵਿਚ ਸਥਾਪਤ ਕਰ ਦਿੱਤਾ ਗਿਆ ਹੈ। ਬ੍ਰਿਟਿਸ਼ ਕੋਲੰਬੀਆ ਵਿਚ ਕੈਮਲੂਪਸ ਦੇ ਇਕ ਸਾਬਕਾ ਰੈਜ਼ੀਡੈਂਸ਼ਲ ਸਕੂਲ ਵਿਚ ਸ਼ੱਕੀ ਨਿਸ਼ਾਨ ਰਹਿਤ ਕਬਰਾਂ ਮਿਲਣ ਪਿੱਛੋਂ ਮੁਜ਼ਾਹਰਾਕਾਰੀਆਂ ਨੇ 2021 ਵਿਚ ਕੈਨੇਡਾ ਦਿਵਸ 'ਤੇ ਲਗਪਗ ਤਿੰਨ ਮੀਟਰ ਲੰਬੇ ਬੁੱਤ ਨੂੰ ਪੁੱਟ ਕੇ ਜ਼ਮੀਨ 'ਤੇ ਸੁੱਟ ਦਿੱਤਾ ਸੀ। ਜ਼ਮੀਨ 'ਤੇ ਡਿਗਣ ਕਾਰਨ ਬੁੱਤ ਦਾ ਚਿਹਰਾ ਅੰਦਰ ਨੂੰ ਧਸ ਗਿਆ ਸੀ ਅਤੇ ਬਾਹਾਂ ਖੁਰਚੀਆਂ ਗਈਆਂ ਸਨ। ਬੁੱਤ ਦਾ ਆਧਾਰ ਵੀ ਟੇਢਾ ਹੋ ਗਿਆ ਸੀ।

## ਬਹੁਗਿਣਤੀ ਕੈਨੇਡੀਅਨ ਚਾਹੁੰਦੇ ਹਨ ਦੇਸ਼ ਦੀ ਰਾਜਨੀਤੀ ਵਿਚ ਚੀਨੀ ਦਖਲਅੰਦਾਜ਼ੀ ਦੀ ਜਨਤਕ ਜਾਂਚ


ਓਟਵਾ-ਬਹੁਗਿਣਤੀ ਕੈਨੇਡੀਅਨ ਚਾਹੁੰਦੇ ਹਨ ਕਿ ਲਿਬਰਲ ਸਰਕਾਰ ਇਸ ਦੇਸ਼ ਦੇ ਲੋਕਤੰਤਰ ਵਿਚ ਚੀਨ ਦੀ ਸਰਕਾਰੀ ਦਖਲਅੰਦਾਜ਼ੀ ਦੀ ਜਨਤਕ ਜਾਂਚ ਕਰਵਾਏ ਅਤੇ ਬੀਜਿੰਗ ਵਲੋਂ ਕਥਿਤ ਚੋਣ ਦਖਲਅੰਦਾਜ਼ੀ ਲਈ ਜ਼ਿਆਦਾ ਪ੍ਰਭਾਵਸ਼ਾਲੀ ਤਰੀਕੇ ਨਾਲ ਜਵਾਬ ਦਿੱਤਾ ਜਾਵੇ। ਗਲੋਬ ਐਂਡ ਮੇਲ ਅਤੇ ਸੀਟੀਵੀ ਨਿਊਜ਼ ਵਲੋਂ ਕਰਵਾਈ ਨੈਨੋ ਰਿਸਰਚ ਸਰਵੇਖਣ ਵਿਚ 72 ਫ਼ੀਸਦੀ ਕੈਨੇਡੀਅਨ ਨੇ ਕਿਹਾ ਕਿ ਉਹ ਇਕ ਵਿਦੇਸ਼ੀ ਏਜੰਟ ਰਜਿਸਟਰੀ ਦਾ ਸਮਰਥਨ ਕਰਨਗੇ ਜਿਸ ਵਿਚ ਲੋਕਾਂ ਨੂੰ ਵਿਦੇਸ਼ੀ ਸਰਕਾਰ ਦੀ ਤਰਫੋਂ ਆਪਣੇ ਕੰਮ ਦਾ ਖੁਲਾਸਾ ਕਰਨ ਦੀ ਲੋੜ ਹੁੰਦੀ ਹੈ। ਸਰਵੇਖਣ ਵਿਚ ਬਹੁਤ ਸਾਰੇ ਲੋਕਾਂ ਨੇ ਉਨ੍ਹਾਂ ਲੋਕਾਂ ਨੂੰ ਸਜ਼ਾ ਦੇਣ ਦਾ ਸਮਰਥਨ ਕੀਤਾ ਜਿਹੜੇ ਕੈਨੇਡਾ ਵਿਚ ਦਖਲਅੰਦਾਜ਼ੀ ਕਰਦੇ ਹਨ। 86 ਫ਼ੀਸਦੀ ਲੋਕਾਂ ਨੇ ਕਿਹਾ ਕਿ ਜਿਹੜਾ ਵੀ ਵਿਦੇਸ਼ੀ ਦਖਲਅੰਦਾਜ਼ੀ ਲਈ ਕਸੂਰਵਾਰ ਪਾਇਆ ਜਾਂਦਾ ਹੈ ਉਸ ਲਈ ਅਪਰਾਧਿਕ ਦੋਸ਼ ਅਤੇ ਜੇਲ੍ਹ ਵਿਚ ਕੈਦ ਸਭ ਤੋਂ ਢੁਕਵੀਂ ਸਜ਼ਾ ਹੈ। ਕੈਨੇਡਾ ਵਿਚ ਵਿਦੇਸ਼ੀ ਦਖਲਅੰਦਾਜ਼ੀ ਲਈ ਵਿਸ਼ੇਸ਼ ਕ੍ਰਿਮੀਨਲ ਕੋਡ ਅਫੈਂਸਜ਼ ਮੌਜੂਦ ਨਹੀਂ ਉਂਜ ਫੈਡਰਲ ਸਰਕਾਰ ਨੇ ਇਸ ਸਾਲ ਦੇ ਅਖੀਰ ਵਿਚ ਉਨ੍ਹਾਂ ਲੋਕਾਂ ਲਈ ਵਿਦੇਸ਼ੀ ਏਜੰਟ ਰਜਿਸਟਰੀ ਕਾਇਮ ਕਰਨ ਲਈ ਬਿੱਲ ਲਿਆਉਣ ਦਾ ਵਾਅਦਾ ਕੀਤਾ ਹੈ ਜਿਹੜੇ ਵਿਦੇਸ਼ੀ ਤਾਕਤ ਦੀ ਤਰਫੋਂ ਕੰਮ ਕਰਦੇ ਹਨ, ਪੈਸੇ ਵੰਡ ਰਹੇ ਹਨ ਅਤੇ ਉਸ ਦੀ ਤਰਫੋਂ ਲਾਬਿੰਗ ਕਰ ਰਹੇ ਹਨ। ਪੋਲਸਟਰ ਨਿਕ ਜੋਨਸ ਨੇ ਕਿਹਾ ਕਿ ਉਨ੍ਹਾਂ ਦਾ ਸਰਵੇਖਣ ਦਰਸਾਉਂਦਾ ਹੈ ਕਿ ਸਰਕਾਰ ਕੋਲ ਵਿਦੇਸ਼ੀ ਦਖਲਅੰਦਾਜ਼ੀ ਦਾ ਮੁਕਾਬਲਾ ਕਰਨ ਲਈ ਉਪਾਅ ਕਰਨ ਵਾਸਤੇ ਮਹੱਤਵਪੂਰਣ ਆਜ਼ਾਦੀ ਹੈ।

## ਸਿੱਧੂ-ਮਜੀਠੀਆ ਦੀ ਜੱਫੀ 'ਤੇ ਬਿੱਟੂ ਨੇ ਚੁੱਕੇ ਸਵਾਲ

ਲੁਧਿਆਣਾ-ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਦੀ ਸਰਬ ਪਾਰਟੀ ਮੀਟਿੰਗ 'ਚ ਜੱਫੀ 'ਤੇ ਸਿਆਸਤ ਗਰਮਾ ਗਈ ਹੈ। ਇਸ ਨੂੰ ਲੈ ਕੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ 6 ਸਾਲ ਤੋਂ ਨਵਜੋਤ ਸਿੰਘ ਸਿੱਧੂ ਨੇ ਰੈਲੀਆਂ ਕਰਕੇ ਸਿਰਫ਼ ਇਕ ਹੀ ਗੱਲ ਕਹੀ ਸੀ ਕਿ ਨਸ਼ਾ ਤਸਕਰ ਮਜੀਠੀਆ ਨੇ ਪੰਜਾਬ ਦੀ ਜਵਾਨੀ ਖਤਮ ਕੀਤੀ ਹੈ। ਉਨ੍ਹਾਂ ਕਿਹਾ ਕਿ ਆਮ ਜ਼ਿੰਦਗੀ 'ਚ ਮਿਲਣਾ, ਹੱਥ ਮਿਲਾਉਣਾ ਵੱਖਰੀ ਗੱਲ ਹੈ ਪਰ ਸਿੱਧੂ ਦੇ ਮਜੀਠੀਆ ਪ੍ਰਤੀ ਰਵੱਈਏ ਤੋਂ ਕਾਂਗਰਸ ਵਰਕਰ ਪ੍ਰੇਸ਼ਾਨ ਹੋ ਗਏ ਹਨ। ਦੋ ਦਿਨ ਪਹਿਲਾਂ ਮਜੀਠੀਆ ਨੂੰ ਜੱਫੀ ਪਾਉਣ ਤੋਂ ਬਾਅਦ ਸਿੱਧੂ ਨੇ ਕਿਹਾ ਸੀ ਕਿ ਉਨ੍ਹਾਂ ਦੇ ਆਪਸੀ ਮੱਤਭੇਦ ਵਿਚਾਰਧਾਰਕ ਤੇ ਪਾਰਟੀ ਅਨੁਸਾਰ ਹਨ ਜੋ ਅੱਗੇ ਵੀ ਰਹਿਣਗੇ।

## ਨਿਆਗਰਾ ਫਾਲ ਵਿਚ ਡੁਬਕੇ ਮਰੀ ਕੁੜੀ ਨੇ ਖੁਦਕੁਸ਼ੀ ਕੀਤੀ-ਪੁਲਿਸ ਵਲੋਂ ਖੁਲਾਸਾ

ਟੋਰਾਂਟੋ-ਪਿਛਲੇ ਦਿਨੀਂ ਨਿਆਗਰਾ ਫਾਲਜ਼ 'ਚ ਡੁੱਬ ਕੇ ਮਰੀ ਪੰਜਾਬ ਤੋਂ ਪੜ੍ਹਾਈ ਵੀਜ਼ੇ 'ਤੇ ਪਿਛਲੇ ਸਾਲ ਕੈਨੇਡਾ ਆਈ ਜਲੰਧਰ ਜ਼ਿਲ੍ਹੇ ਦੇ ਮਲਸੀਆਂ ਨੇੜਲੇ ਪਿੰਡ ਘੁਦੋਵਾਲ ਦੀ ਪੂਨਮਦੀਪ ਕੌਰ (21) ਬਾਰੇ ਨਿਆਗਰਾ ਪੁਲੀਸ ਨੇ ਜਾਂਚ ਤੋਂ ਬਾਅਦ ਖੁਲਾਸਾ ਕੀਤਾ ਕਿ ਉਹ ਤਿਲਕ ਕੇ ਨਹੀਂ ਡਿੱਗੀ ਸਗੋਂ ਉਸ ਨੇ ਖੁਦਕੁਸ਼ੀ ਦੇ ਇਰਾਦੇ ਨਾਲ ਨਿਆਗਰਾ ਫਾਲਜ਼ ਤੋਂ ਛਾਲ ਮਾਰੀ ਸੀ। ਪੁਲੀਸ ਨੇ ਕਿਹਾ ਕਿ ਉਸ ਦੀ ਭਾਲ ਅਜੇ ਜਾਰੀ ਹੈ। ਪੁਲੀਸ ਅਨੁਸਾਰ ਕੈਨੇਡਾ ਆਈ ਲੜਕੀ ਆਪਣੇ ਦੋਸਤ ਜਾਂ ਸਹੇਲੀ ਨਾਲ ਨਿਆਗਰਾ ਆਈ ਸੀ। ਪੁਲੀਸ ਨੇ ਦੱਸਿਆ ਕਿ ਬੇਸ਼ੱਕ ਪਹਿਲੀ ਨਜ਼ਰੇ ਸਮਝਿਆ ਗਿਆ ਸੀ ਕਿ ਉਹ ਪੈਰ ਫਿਸਲ ਕੇ ਦਰਿਆ 'ਚ ਡਿੱਗੀ ਪਰ ਜਾਂਚ ਦੌਰਾਨ ਪਤਾ ਲੱਗਿਆ ਕਿ ਕੁੜੀ ਨੇ ਖੁਦ ਉੱਥੇ ਛਾਲ ਮਾਰ ਸੀ ਅਤੇ ਪਾਣੀ ਦੇ ਤੇਜ਼ ਵਹਾਅ 'ਚ ਰੁੜ੍ਹ ਗਈ।




# ਕੈਬਨਿਟ ਮੰਤਰੀ ਖੁੱਡੀਆਂ ਵੱਲੋਂ ਲੰਬੀ ਦੇ ਲੋਕਾਂ ਨੂੰ ਸਿਜਦਾ







ਲੰਬੀ-ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ, ਕਿਸਾਨ ਭਲਾਈ ਤੇ ਪਸ਼ੂ ਪਾਲਣ ਤੇ ਫੂਡ ਪ੍ਰੋਸੈਸਿੰਗ ਮੰਤਰੀ ਪੰਜਾਬ ਦਾ ਆਪਣੇ ਜੱਦੀ ਹਲਕੇ ਲੰਬੀ 'ਚ ਪਹੁੰਚਣ 'ਤੇ ਇਲਾਕੇ ਦੀਆਂ ਸੰਗਤਾਂ, ਸਿਵਲ ਪ੍ਰਸ਼ਾਸਨ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਦੌਰਾਨ ਅਨਾਜ ਮੰਡੀ ਕਿਲਿਆਂਵਾਲੀ ਵਿਖੇ ਕੈਬਨਿਟ ਮੰਤਰੀ ਖੁੱਡੀਆਂ ਨੇ ਇਲਾਕੇ ਦੀਆਂ ਸੰਗਤਾਂ ਦਾ ਅਸ਼ੀਰਵਾਦ ਕਬੂਲਦਿਆਂ ਕਿਹਾ ਕਿ ਚੋਣਾਂ ਦੌਰਾਨ ਜੋ ਮਾਣ-ਸਤਿਕਾਰ ਦਿੱਤਾ ਗਿਆ ਹੈ ਉਸਨੂੰ ਕਿਸੇ ਵੀ ਕੀਮਤ 'ਤੇ ਭੁਲਾਇਆ ਨਹੀਂ ਜਾ ਸਕਦਾ। ਮੰਡੀ ਕਿੱਲਿਆ ਵਾਲੀ ਵਿਚ ਲੰਬੀ ਹਲਕੇ ਦੇ ਵਰਕਰਾਂ ਨੂੰ ਸਿਜਦਾ ਕਰਦੇ ਹੋਏ ਬੋਲੇ ਕਿ ਜਿਨ੍ਹਾਂ ਨੇ ਆਪਣੀਆਂ ਦੋ-ਦੋ ਪੀੜੀਆਂ ਸਾਡੇ ਲੇਖੇ ਲਾ ਦਿੱਤੀਆਂ, ਕਦੇ ਸਾਡੇ ਤੋਂ ਮੁੱਖ ਨਹੀਂ ਮੋੜਿਆ, ਮੋਢੇ ਨਾਲ ਮੋਢਾ ਲਾ ਕੇ ਖੜੇ ਰਹੇ, ਤੁਸੀਂ ਮੈਨੂੰ ਐਮ.ਐਲ.ਏ ਬਣਾਇਆ ਮੇਰਾ ਪਰਿਵਾਰ ਥੋੜਾ ਦੇਣ ਨਹੀਂ ਦੇ ਸਕਦਾ। ਮੈਂ ਤਾਂ ਐਮ ਐਲ ਏ ਬਣ ਕੇ ਹੀ ਸੰਤੁਸ਼ਟ ਸੀ ਪਰ ਤੁਹਾਡੀਆਂ ਦੁਆਵਾਂ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਮੇਹਰਬਾਨੀ ਸਦਕਾ ਮੈਂ ਵਜੀਰ ਬਣ ਗਿਆ। ਮੈਂ ਸਭ ਦਾ ਦੇਣ ਨਹੀਂ ਦੇ ਸਕਦਾ ਤੁਸੀ ਮੇਰੇ ਰਾਜੇ ਹੋ ਮੈਂ ਤੁਹਾਡਾ ਵਜੀਰ, ਤੁਹਾਡਾ ਹਰ ਹੁਕਮ ਸਿਰ ਮੱਥੇ। ਉਨ੍ਹਾਂ ਕਿਹਾ ਉਨ੍ਹਾਂ ਨੂੰ ਜੋ ਸੇਵਾ ਕਰਨ ਦਾ ਮੌਕਾ ਦਿੱਤਾ ਗਿਆ ਹੈ ਉਸ ਨੂੰ ਪੂਰਾ ਕੀਤਾ ਜਾਵੇਗਾ। ਇਸ ਦੌਰਾਨ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਮੰਡੀ ਕਿਲਿਆਂਵਾਲੀ, ਮਹਿਣਾ, ਖਿਉਵਾਲੀ, ਲੰਬੀ ਤੇ ਖੁੱਡੀਆਂ ਗੁਲਾਬ ਸਿੰਘ ਵਿਖੇ ਕਾਫਲੇ ਦੇ ਰੂਪ 'ਚ ਗੁਰਦੁਆਰਾ ਸਾਹਿਬ ਪਿੰਡ ਗੁਲਾਬ ਸਿੰਘ ਵਿਖੇ ਆਪਣੇ ਪਰਿਵਾਰ ਸਮੇਤ ਪਹੁੰਚੇ ਤੇ ਮੱਥਾ ਟੇਕ ਕੇ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਪੰਜਾਬ ਪੁਲਿਸ ਦੀ ਟੁਕੜੀ ਵੱਲੋਂ ਗਾਰਡ ਆਫ਼ ਆਨਰ ਵੀ ਦਿੱਤਾ ਗਿਆ।



# ਵੈਨਕੂਵਰ ਵਿਚਾਰ ਮੰਚ ਵੱਲੋਂ ਗੀਤਾਂ ਦੇ ਬਾਦਸ਼ਾਹ ਬਾਬੂ ਸਿੰਘ ਮਾਨ ਨਾਲ ਰੂਬਰੂ ਪ੍ਰੋਗਰਾਮ



ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਗੀਤਾਂ ਦੇ ਬਾਦਸ਼ਾਹ ਬਾਬੂ ਸਿੰਘ ਮਾਨ (ਮਰਾੜ੍ਹਾਂ ਵਾਲੇ) ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਕਰਵਾਏ ਇਸ ਪ੍ਰੋਗਰਾਮ ਵਿਚ ਬਾਬੂ ਸਿੰਘ ਮਾਨ ਨੇ ਆਪਣੇ ਗੀਤਕਾਰੀ ਦੇ ਸਫਰ ਦੀ ਸ਼ੁਰੂਆਤ ਤੋਂ ਲੈ ਕੇ ਸਫਲਤਾ ਦੀ ਚੋਟੀ ਤੱਕ ਪੁੱਜਣ ਅਤੇ ਇਸ ਸਫਰ ਦੇ ਕਈ ਦਿਲਚਸਪ ਪਹਿਲੂਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਰੂਬਰੂ ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਮੰਚ ਦੇ ਬੁਲਾਰੇ ਅੰਗਰੇਜ਼ ਬਰਾੜ ਨੇ ਬਾਬੂ ਸਿੰਘ ਮਾਨ ਅਤੇ ਹਾਜਰ ਸਰੋਤਿਆਂ ਦਾ ਸਵਾਗਤ ਕੀਤਾ। ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਮੰਚ ਦੀ ਸਥਾਪਨਾ ਅਤੇ ਇਸ ਦੇ ਉਦੇਸ਼ ਬਾਰੇ ਦਸਦਿਆਂ ਕਿਹਾ ਕਿ ਇਹ ਇਕ ਅਜਿਹਾ ਪਲੇਟਫਾਰਮ ਹੈ ਜਿੱਥੇ ਵੱਖੋ ਵੱਖਰੀ ਸੋਚ ਰੱਖਣ ਵਾਲੇ ਲੇਖਕ, ਸਮਾਜ ਸੇਵੀ, ਪੱਤਰਕਾਰ, ਵਿਦਵਾਨ, ਕਲਾਕਾਰ ਅਤੇ ਹੋਰ ਸ਼ਖ਼ਸੀਅਤਾਂ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟ ਕਰ ਸਕਦੇ ਹਨ। ਮੰਚ ਸੰਚਾਲਕ ਮੋਹਨ ਗਿੱਲ ਨੇ ਬਾਬੂ ਸਿੰਘ ਮਾਨ ਬਾਰੇ ਸੰਖੇਪ ਵਿਚ ਜਾਣਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਗੀਤ ਪੰਜਾਬ ਦੇ ਸਮਾਜਿਕ ਜੀਵਨ ਅਤੇ ਪੇਂਡੂ ਸਭਿਆਚਾਰ ਦੀ ਖ਼ੂਬਸੂਰਤ ਤਸਵੀਰਕਸ਼ੀ ਕਰਦੇ ਹਨ। ਬਾਬੂ ਸਿੰਘ ਮਾਨ ਨੇ ਦੱਸਿਆ ਕਿ ਸਰਕਾਰੀ ਹਾਈ ਸਕੂਲ ਜੰਡ ਸਾਹਿਬ ਵਿਚ ਪੜ੍ਹਦਿਆਂ ਸਕੂਲ ਦੇ ਪ੍ਰੋਗਰਾਮਾਂ ਵਿਚ ਨਾਟਕ ਖੇਡਣ ਤੋਂ ਉਨ੍ਹਾਂ ਨੂੰ ਕੁਝ ਲਿਖਣ ਦੀ ਚੇਟਕ ਲੱਗੀ। ਫਿਰ ਸੋਹਣ ਸਿੰਘ ਸੀਤਲ ਦੀਆਂ ਕਵੀਸ਼ਰੀਆਂ ਦੀਆਂ ਕਿਤਾਬਾਂ ਪੜ੍ਹੀਆਂ ਅਤੇ ਸਾਥੀਆਂ ਨਾਲ ਮਿਲ ਕੇ ਕਵੀਸ਼ਰੀ ਗਾਉਣੀ ਸ਼ੁਰੂ ਕਰ ਦਿੱਤੀ। ਬਰਜਿੰਦਰਾ ਕਾਲਜ ਫਰੀਦਕੋਟ ਵਿਚ ਪੜ੍ਹਦਿਆਂ ਕਵਿਤਾ ਲਿਖਣ ਲੱਗ ਪਏ ਅਤੇ ਏਥੇ ਹੀ ਉਨ੍ਹਾਂ ਦੇ ਪ੍ਰੋ. ਸੁਰਿੰਦਰ ਸਿੰਘ ਨਰੂਲਾ ਵੱਲੋਂ ਮਿਲੀ ਯੋਗ ਅਗਵਾਈ ਸਦਕਾ ਉਨ੍ਹਾਂ ਦੇ ਲਿਖਣ ਕਾਰਜ ਵਿਚ ਅਹਿਮ ਮੋੜ ਆਇਆ ਅਤੇ ਉਹ ਗੀਤਾਂ ਦੀ ਰਚਨਾ ਸ਼ੁਰੂ ਕਰ ਦਿੱਤੀ।

# ਸਰੀ ਵਲੋਂ ਮਡ ਬੇਅ ਵਿਚ ਨਵੀਨਤਾਕਾਰੀ ਲਿਵਿੰਗ ਡਾਈਕ ਪਾਇਲਟ ਪ੍ਰਾਜੈਕਟ

ਸਰੀ-ਤੱਟਵਰਤੀ ਹੜ੍ਹ ਸੁਰੱਖਿਆ ਨੂੰ ਹੱਲ ਕਰਨ ਲਈ ਇਕ ਨਵੀਨਤਾਕਾਰੀ ਗਰੀਨ ਪ੍ਰਾਜੈਕਟ ਜਿਸ ਨੂੰ ਲਿਵਿੰਗ ਡਾਈਕ ਵਜੋਂ ਜਾਣਿਆਂ ਜਾਂਦਾ ਹੈ ਸਰੀ ਵਿਚ ਚੱਲ ਰਿਹਾ ਹੈ ਜਿਸ ਬਾਰੇ ਦੇਸ਼ ਭਰ ਵਿਚ ਦਿਲਚਸਪੀ ਪੈਦਾ ਹੋ ਰਹੀ ਹੈ। ਸਰੀ ਨੇ ਮਡ ਬੇਅ ਨੇਚਰ-ਆਧਾਰਤ ਫੋਰਸ਼ੋਰ ਇਨਹੈਂਸਮੈਂਟਸ ਪ੍ਰਾਜੈਕਟ ਲਈ ਡੈਲਟਾ ਸਿਟੀ ਅਤੇ ਸੇਮੀਆਹਮੂ ਫਸਟ ਨੇਸ਼ਨ ਨਾਲ ਭਾਈਵਾਲੀ ਕੀਤੀ ਹੈ ਅਤੇ ਸੇਮੀਆਹਮੂ ਫਸਟ ਨੇਸ਼ਨ ਇਸ ਦੇ ਸ਼ੁਰੂ ਹੋਣ ਤੋਂ ਪ੍ਰਾਜੈਕਟ ਵਿਚ ਸ਼ਾਮਿਲ ਹੈ ਅਤੇ ਉਹ ਰਵਾਇਤੀ ਫੋਰਸ਼ੋਰ ਇਲਾਕੇ ਵਿਚ ਸਥਿਤ ਪ੍ਰਾਜੈਕਟ ਲਈ ਜਾਣਕਾਰੀ ਦੇਣ ਅਤੇ ਮਾਰਗ ਦਰਸ਼ਨ ਲਈ ਅਹਿਮ ਭੂਮਿਕਾ ਨਿਭਾ ਰਹੇ ਹਨ। ਅੰਤਰਰਾਸ਼ਟਰੀ ਪੱਧਰ 'ਤੇ ਪਛਾਣੇ ਗਏ ਜੰਗਲੀ ਜੀਵਾਂ ਅਤੇ ਵਿਲੱਖਣ ਨਿਵਾਸ ਸਥਾਨਾਂ ਦਾ ਘਰ, ਜਿਸ ਵਿਚ ਮਡ ਫਲੈਟਸ ਈਲਗਰਾਸ ਬੈੱਡਸ ਅਤੇ ਸਾਲਟ ਮਾਰਸ਼ਸ ਸ਼ਾਮਿਲ ਹੈ ਮਡ ਬੇਅ ਦੀ ਸਾਲਟ ਮਾਰਸ਼ਸ, ਕੁਦਰਤੀ ਹੜ੍ਹ ਸੁਰੱਖਿਆ, ਪਾਣੀ ਦੀ ਗੁਣਵੱਤਾ ਵਿਚ ਸੁਧਾਰ, ਕਾਰਬਨ ਸਟੋਰ ਕਰਨ ਅਤੇ ਜੰਗਲੀ ਜੀਵਾਂ ਦੀ ਸਹਾਇਤਾ ਦੀ ਪੇਸ਼ਕਸ਼ ਕਰਦੀ ਹੈ ਪਰ ਸਮੁੰਦਰ ਵਿਚ ਪਾਣੀ ਦਾ ਪੱਧਰ ਵਧਣ ਨਾਲ ਤਟੀ ਖੇਤਰ ਘਟਣ ਕਾਰਨ ਅਲੋਪ ਹੋ ਜਾਣ ਦੇ ਖ਼ਤਰੇ ਦਾ ਸਾਹਮਣਾ ਕਰ ਰਹੀ ਹੈ। ਲਿਵਿੰਗ ਡਾਈਕ ਸਮੁੰਦਰ ਦੇ ਕਿਨਾਰੇ ਤਲਛਟ ਜੋੜ ਕੇ ਅਤੇ ਉਥੇ ਪੈਦਾ ਹੋਣ ਵਾਲੇ ਸਾਲਟ ਮਾਰਸ਼ ਸਪੈਸੀਜ਼ ਨੂੰ ਲਗਾ ਕੇ ਬਣਾਇਆ ਜਾਵੇਗਾ।














# ਉੱਘੇ ਫ਼ਿਲਮੀ ਕਲਾਕਾਰ ਸਰਦਾਰ ਸੋਹੀ ਤੇ ਸੁਪ੍ਰਸਿਧ ਗੀਤਕਾਰ ਬਾਬੂ ਸਿੰਘ ਮਾਨ ਦਾ ਸਨਮਾਨ







ਸਰੀ (ਦੇ. ਪ੍ਰ. ਬਿ.)-ਬੀਤੇ ਦਿਨ ਮੈਂਗੀ ਟੇਸਟੀ ਪੀਜ਼ਾ ਤੇ ਕਵਾਂਟਲਨ ਪੀਜ਼ਾ ਸਰੀ ਦੇ ਮਾਲਕ ਸਤਨਾਮ ਸਿੰਘ ਮੈਂਗੀ ਦੇ ਗ੍ਰਹਿ ਵਿਖ ਇਕ ਵਿਸ਼ੇਸ਼ ਮਿਲਣੀ ਦੌਰਾਨ ਪ੍ਰਸਿਧ ਪੰਜਾਬੀ ਫਿਲਮੀ ਕਲਾਕਾਰ ਸਰਦਾਰ ਸੋਹੀ ਅਤੇ ਸੁਪ੍ਰਸਿੱਧ ਗੀਤਕਾਰ ਬਾਬੂ ਸਿੰਘ ਮਾਨ ਮਰਾੜ੍ਹਾਂਵਾਲਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਤਨਾਮ ਸਿੰਘ ਮੈਂਗੀ ਦੇ ਬਜੁਰਗ ਮਾਤਾ ਜੀ ਨੇ ਵੀ ਦੋਵਾਂ ਸ਼ਖਸੀਅਤਾਂ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਜੁੜੇ ਮਹਿਮਾਨਾਂ ਨਾਲ ਦੋਵਾਂ ਸ਼ਖਸੀਅਤਾਂ ਨੇ ਆਪਣੀਆਂ ਨਿੱਜੀ ਜਿੰਦਗੀ ਦੀਆਂ ਕਈ ਪ੍ਰੇਰਕ ਘਟਨਾਵਾਂ ਸਾਂਝੀਆਂ ਕੀਤੀਆਂ। ਉਘੇ ਗੀਤਕਾਰ ਜਸਬੀਰ ਗੁਣਚੌਰੀਆ ਵਲੋਂ ਬਣਾਈ ਜਾ ਰਹੀ ਪੰਜਾਬੀ ਫਿਲਮ ਵੱਡਾ ਘਰ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਉਹਨਾਂ ਦੱਸਿਆ ਕਿ ਇਸ ਫਿਲਮ ਦੀ ਸ਼ੂਟਿੰਗ ਪੰਜਾਬ ਵਿਚ ਮੁਕੰਮਲ ਕਰਨ ਉਪਰੰਤ ਹੁਣ ਇਸਦੀ ਬਾਕੀ ਸ਼ੂਟਿੰਗ ਸਰੀ ਅਤੇ ਆਸ ਪਾਸ ਦੇ ਖੇਤਰ ਵਿਚ ਮੁਕੰਮਲ ਕੀਤੀ ਜਾ ਰਹੀ ਹੈ। ਇਸ ਫਿਲਮ ਵਿਚ ਸਰਦਾਰ ਸੋਹੀ ਖਾਸ ਭੂਮਿਕਾ ਨਿਭਾਅ ਰਹੇ ਹਨ। ਇਸ ਮੌਕੇ ਸਰਦਾਰ ਸੋਹੀ ਨੇ ਫਿਲਮ ਵੱਡਾ ਘਰ ਦੇ ਨਿਰਮਾਣ ਲਈ ਗੀਤਕਾਰ ਜਸਬੀਰ ਗੁਣਾਚੌਰੀਆ ਨੂੰ ਸ਼ੁਭਕਾਮਨਾਵਾਂ ਦੇਣ ਦੇ ਨਾਲ ਆਪਣੀ ਕੁਝ ਚਰਚਿਤ ਫਿਲਮਾਂ ਦੇ ਡਾਇਲਾਗ ਵੀ ਸੁਣਾਏ। ਉਹਨਾਂ ਪੰਜਾਬ ਵਿਚ ਅੰਗਰੇਜੀ ਰਾਜ ਉਪਰੰਤ ਆਈ ਚਾਹ ਅਤੇ ਚਾਹ ਨਾਲ ਸਬੰਧਿਤ ਉਹਨਾਂ ਵਲੋਂ ਸਕੂਲੀ ਦਿਨੀਂ ਵਿਚ ਗਾਇਆ ਜਾਂਦਾ ਇਕ ਗੀਤ ਵੀ ਗਾਕੇ ਸੁਣਾਇਆ। ਇਸ ਮੌਕੇ ਸ ਬਾਬੂ ਸਿੰਘ ਮਾਨ ਨੇ ਵੀ ਆਪਣੇ ਚਰਚਿਤ ਗੀਤਾਂ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ। ਗੀਤਕਾਰ ਜਸਬੀਰ ਗੁਣਾਚੌਰੀਆ ਨੇ ਆਪਣੀ ਆ ਰਹੀ ਫਿਲਮ ਅਤੇ ਕਲਾਕਾਰਾਂ ਬਾਰੇ ਜਾਣਕਾਰੀ ਦਿੰਦਿਆਂ ਅਕਤੂਬਰ ਮਹੀਨੇ ਫਿਲਮ ਦੇ ਰੀਲੀਜ਼ ਹੋਣ ਦੀ ਸੰਭਾਵਨਾ ਪ੍ਰਗਟਾਈ। ਸ ਸਤਨਾਮ ਸਿੰਘ ਮੈਂਗੀ ਨੇ ਦੋਵਾਂ ਮਹਾਨ ਸ਼ਖਸੀਅਤਾਂ ਤੇ ਆਏ ਮਹਿਮਾਨਾਂ ਦਾ ਉਹਨਾਂ ਦੇ ਗ੍ਰਹਿ ਵਿਖੇ ਆਉਣ ਤੇ ਧੰਨਵਾਦ ਕੀਤਾ।




TOP REALTOR in Entire Fraser Valley*

Top Award Winner Team in Sold 119 Units FVREB MLS 2019*

#1 Realtor Out of 3500 Realtors in Sold Units FVREB MLS 2017*

MASTER MEDALLION MEMBER 2020*

AWARD WINNING REALTOR



DR. GURVINDER SINGH DHALIWAL

PERSONAL REAL ESTATE CORPORATION PHD

ਡਾ. ਗੁਰਵਿੰਦਰ ਸਿੰਘ ਧਾਲੀਵਾਲ

604-825-1550

WWW.GURVINDERSINGHDHALIWAL.COM, Email: gurvindersinghprec@gmail.com












# ਸਰੀ 'ਚ ਨਾਮਵਰ ਵਿਦਵਾਨ ਡਾ. ਜਗਬੀਰ ਸਿੰਘ ਦੀਆਂ ਦੋ ਨਵ-ਪ੍ਰਕਾਸ਼ਿਤ ਪੁਸਤਕਾਂ ਰਿਲੀਜ਼

ਸਰੀ (ਹਰਦਮ ਮਾਨ)-ਅੱਜ ਏਥੇ ਨਾਮਵਰ ਵਿਦਵਾਨ ਅਤੇ ਸੈਂਟਰਲ ਯੂਨੀਵਰਸਿਟੀ ਬਠਿੰਡਾ ਦੇ ਚਾਂਸਲਰ ਡਾ. ਜਗਬੀਰ ਸਿੰਘ ਦੀਆਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਨਵ-ਪ੍ਰਕਾਸ਼ਿਤ ਪੁਸਤਕਾਂ 'ਭਾਰਤੀ ਸਭਿਅਤਾ ਅਤੇ ਇਸ ਦੀਆਂ ਧਾਰਮਿਕ ਪਰੰਪਰਾਵਾਂ' ਅਤੇ ਅੰਗਰੇਜ਼ੀ ਪੁਸਤਕ 'Indic Civilization and Its Dharma Traditions' ਰਿਲੀਜ਼ ਕੀਤੀਆਂ ਗਈਆਂ। ਸਰੀ ਦੇ ਗੁਲਾਟੀ ਪਬਲਿਸ਼ਰਜ਼ ਲਿਮਟਿਡ ਬੁੱਕ ਸਟੋਰ ਵਿਚ ਇਹ ਪੁਸਤਕਾਂ ਲੋਕ ਅਰਪਣ ਕਰਨ ਸਮੇਂ ਪ੍ਰਸਿੱਧ ਸਾਹਿਤਕਾਰ ਡਾ. ਸਾਧੂ ਸਿੰਘ, ਪ੍ਰਸਿੱਧ ਚਿੱਤਰਕਾਰ ਜਰਨੈਲ ਸਿੰਘ ਆਰਟਿਸਟ, ਜਰਨਲਿਸਟ ਸੁਰਿੰਦਰ ਚਾਹਲ, ਸਤੀਸ਼ ਗੁਲਾਟੀ, ਡਾ. ਇੰਦਰਜੀਤ ਸਿੰਘ ਮਾਨ, ਭੁਪਿੰਦਰ ਮੱਲ੍ਹੀ ਅਤੇ ਹਰਦਮ ਸਿੰਘ ਮਾਨ ਮੌਜੂਦ ਸਨ। ਇਸ ਮੌਕੇ ਰਿਗ ਵੇਦ, ਭਾਰਤੀ ਸਭਿਅਤਾ, ਮੁਗ਼ਲ ਕਾਲ, ਸਿੱਖ ਇਤਿਹਾਸ ਅਤੇ ਗੁਰੂਆਂ, ਭਗਤਾਂ ਬਾਰੇ ਚਾਰਚਾ ਹੋਈ ਜਿਸ ਵਿਚ ਮੁੱਖ ਤੌਰ ਤੇ ਡਾ. ਜਗਬੀਰ ਸਿੰਘ ਅਤੇ ਡਾ. ਸਾਧੂ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ। ਪੰਜਾਬ ਅਤੇ ਕੈਨੇਡਾ ਵਿਚਲੀਆਂ ਸਾਹਿਤਕ ਸਰਗਰਮੀਆਂ ਬਾਰੇ ਵੀ ਗੱਲਬਾਤ ਹੋਈ। ਡਾ. ਸਾਧੂ ਸਿੰਘ ਅਤੇ ਡਾ. ਜਗਬੀਰ ਸਿੰਘ ਦੀਆਂ ਗੂੜ੍ਹੀ ਮਿੱਤਰਤਾ ਦੀਆਂ ਮਹਿਕ ਭਰੀਆਂ ਗੱਲਾਂ ਵੀ ਹੋਈਆਂ। ਜ਼ਿਕਰਯੋਗ ਹੈ ਕਿ ਮੱਧਕਾਲੀਨ ਪੰਜਾਬੀ ਸਾਹਿਤ, ਲੋਕਧਾਰਾ ਅਤੇ ਸਾਹਿਤਕ ਆਲੋਚਨਾ ਦੇ ਮਾਹਿਰ ਡਾ. ਜਗਬੀਰ ਸਿੰਘ 16 ਕਿਤਾਬਾਂ ਰਾਹੀਂ ਪੰਜਾਬੀ ਸਾਹਿਤ ਵਰਨਣਯੋਗ ਯੋਗਦਾਨ ਪਾ ਚੁੱਕੇ ਹਨ ਅਤੇ 100 ਤੋਂ ਵੱਧ ਰਾਸ਼ਟਰੀ / ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਆਪਣੇ ਖੋਜ ਪੱਤਰ ਪੇਸ਼ ਕਰ ਚੁੱਕੇ ਹਨ। ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਲਾਈਫ ਫੈਲੋ ਹਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੇ ਸਲਾਹਕਾਰ ਹਨ, ਇੰਡੀਅਨ ਇੰਸਟੀਚਿਊਟ ਆਫ਼ ਹਾਇਰ ਸਟੱਡੀਜ਼ ਸ਼ਿਮਲਾ ਦੇ ਮੈਂਬਰ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਦੇ ਧਰਮ ਅਤੇ ਸਭਿਅਕ ਅਧਿਐਨ ਵਿਭਾਗ ਦੇ ਸਾਬਕਾ ਪ੍ਰੋਫੈਸਰ ਵੀ ਹਨ।




## ਐਲਡਰਗਰੋਵ ਵਿਚ ਸ਼ਾਨਦਾਰ ਵੈਡਿੰਗ ਰਿਜਾਰਟ ਦਾ ਉਦਘਾਟਨ

ਸਰੀ (ਮਹੇਸ਼ਇੰਦਰ ਸਿੰਘ ਮਾਂਗਟ)- ਬੀਤੇ ਦਿਨ ਉਘੇ ਕਾਰੋਬਾਰੀ ਸੁੱਖੀ ਢਿੱਲੋਂ ਵੱਲੋਂ 667/248 ਸਟਰੀਟ ਐਲਡਰਗਰੋਵ ਵਿਖੇ ਨਵੇ ਬਣਾਏ ਗਏ ਵੈਡਿੰਗ ਰਿਜਾਰਟ ਦੀ ਸ਼ੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਤੋਂ ਬਾਅਦ ਕੀਤੀ ਗਈ। ਜਿਸ ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਦੇ ਦੋਸਤ, ਰਿਸਤੇਦਾਰਾਂ ਤੋਂ ਇਲਾਵਾ ਸਿੱਖ ਰਾਈਡਰਜ਼ ਕੈਨੇਡਾ ਕਲੱਬ ਦੇ ਮੈਂਬਰਾਂ ਨੇ ਆਪਣੀ ਹਾਜਰੀ ਲਗਵਾਈ। ਜਗਦੇਵ ਸੇਖੋਂ ? ਨੇ ਜਾਣਕਾਰੀ ਦਿੰਦੇ ਦੱਸਿਆ ਕਿ 10 ਏਕੜ ਚ ਫੈਲੇ ਰਿਜ਼ਾਰਟ ਵਿਚ ਖੁੱਲੀ ਡੁੱਲੀ ਪਾਰਕਿੰਗ ਹੋਣ ਦੇ ਨਾਲ ਨਾਲ 500 ਤੋਂ ਲੈ ਕੇ 4000 ਲੋਕਾਂ ਦੇ ਸ਼ਾਮਲ ਹੋਣ ਦੀ ਸਮਰੱਥਾ ਰੱਖਦਾ ਹੈ। ਵਿਆਹ, ਸ਼ਾਦੀਆਂ ਤੇ ਖੁਸ਼ੀ ਦੇ ਹੋਰ ਮੌਕਿਆਂ ਤੇ ਬੁੱਕ ਕਰਨ ਲਈ ਸੁਖਜਿੰਦਰ ਸਿੰਘ ਢਿੱਲੋਂ ਅਤੇ ਅਰਵਨ ਢਿੱਲੋਂ ਨਾਲ 6047504430 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸ਼੍ਰੋਮਣੀ ਕਮੇਟੀ ਨੇ ਗੁਰੂ ਘਰ ਵਿਚ ਫਿਲਮ ਦੀ ਸ਼ੂਟਿੰਗ ਉਪਰ ਰਸ ਜਿਤਾਇਆ

ਅੰਮ੍ਰਿਤਸਰ -ਗੁਰਦਾਸਪੁਰ ਤੋਂ ਭਾਜਪਾ ਦੇ ਲੋਕ ਸਭਾ ਮੈਂਬਰ ਤੇ ਅਦਾਕਾਰ ਸੰਨੀ ਦਿਓਲ ਦੀ ਫ਼ਿਲਮ 'ਗਦਰ-2' ਦੇ ਇੱਕ ਸੀਨ ਦੀ ਗੁਰਦੁਆਰੇ ਦੀ ਹਦੂਦ ਅੰਦਰ ਕੀਤੀ ਸ਼ੂਟਿੰਗ 'ਤੇ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਕੀਤਾ ਹੈ। ਇਸ ਸਬੰਧੀ ਆਨਲਾਈਨ ਸਾਹਮਣੇ ਆਈ ਵੀਡੀਓ ਕਲਿਪ 'ਚ ਸੰਨੀ ਦਿਓਲ ਅਦਾਕਾਰਾ ਅਮੀਸ਼ਾ ਪਟੇਲ ਨੂੰ ਬਾਂਹ ਤੋਂ ਫੜ ਕੇ ਇੱਕ ਦੂਜੇ ਨੂੰ ਵੇਖਦੇ ਹੋਏ ਨਜ਼ਰ ਆ ਰਹੇ ਹਨ ਤੇ ਗਤਕੇ ਦਾ ਪ੍ਰਦਰਸ਼ਨ ਕਰ ਰਹੇ ਨੌਜਵਾਨ ਨਿਹੰਗ ਬਾਣੇ 'ਚ ਉਨ੍ਹਾਂ ਦੇ ਆਲੇ-ਦੁਆਲੇ ਪ੍ਰਦਰਸ਼ਨ ਕਰਦੇ ਦਿਖਾਈ ਦੇ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਗੁਰਦੁਆਰੇ ਵਿੱਚ ਹੀਰੋ ਅਤੇ ਹੀਰੋਇਨ ਨੂੰ ਜਿਸ ਸਥਿਤੀ ਵਿੱਚ ਦਿਖਾਇਆ ਗਿਆ ਹੈ, ਉਹ ਇਤਰਾਜ਼ਯੋਗ ਹੈ। ਉਨ੍ਹਾਂ ਕਿਹਾ ਕਿ ਸੰਨੀ ਦਿਓਲ ਤੇ ਫ਼ਿਲਮ ਦੇ ਨਿਰਦੇਸ਼ਕ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਅਜਿਹੇ ਦ੍ਰਿਸ਼ ਗੁਰਦੁਆਰੇ ਦੀ ਇਮਾਰਤ ਵਿੱਚ ਨਹੀਂ ਫਿਲਮਾਏ ਜਾ ਸਕਦੇ।







# ਸ਼ਾਹਮੁਖੀ ਵਿਚ ਛਪੇ ਗੁਰਭਜਨ ਗਿੱਲ ਦੇ ਕਾਵਿ ਸੰਗ੍ਰਹਿ 'ਖ਼ੈਰ ਪੰਜਾਂ ਪਾਣੀਆਂ ਦੀ' ਲੋਕ ਅਰਪਣ

ਲੁਧਿਆਣਾ -ਪੰਜਾਬੀ ਕਵੀ ਗੁਰਭਜਨ ਗਿੱਲ ਦੇ ਦੋ ਕਾਵਿ ਸੰਗ੍ਰਹਿ ਖ਼ੈਰ ਪੰਜਾਂ ਪਾਣੀਆਂ ਦੀ ਅਤੇ ਸੁਰਤਾਲ ਦੇ ਸ਼ਾਹਮੁਖੀ ਸਰੂਪ ਨੂੰ ਸਵੀਡਨ ਵੱਸਦੇ ਵਿਸ਼ਵ ਪ੍ਰਸਿੱਧ ਵਿਦਵਾਨ ਡਾ. ਇਸ਼ਤਿਆਕ ਅਹਿਮਦ, ਸਿਰਕੱਢ ਅਰਥ ਸ਼ਾਸਤਰੀ ਡਾ. ਸ ਸ ਜੌਹਲ,ਡਾ. ਸ ਪ ਸਿੰਘ,ਡਾ. ਸੁਰਜੀਤ ਪਾਤਰ ਤੇ ਡਾ. ਲਖਵਿੰਦਰ ਸਿੰਘ ਜੌਹਲ ਵੱਲੋਂ ਜੀ ਜੀ ਐੱਨ ਆਈ ਐੱਮ ਟੀ ਲੁਧਿਆਣਾ ਵਿਖੇ ਪੰਜਾਬ ਅਧਿਐਨ ਕੇਂਦਰ ਵੱਲੋਂ ਲੋਕ ਅਰਪਣ ਕੀਤੇ ਗਏ। ਦੋਹਾਂ ਕਾਵਿ ਕਿਤਾਬਾਂ ਦੀ ਜਾਣ ਪਛਾਣ ਕਰਾਉਂਦਿਆਂ ਪੰਜਾਬ ਅਧੈਨ ਕੇਂਦਰ ਦੀ ਕਨਵੀਨਰ ਡਾ. ਮਨਦੀਪ ਕੌਰ ਰੰਧਾਵਾ ਨੇ ਦੱਸਿਆ ਕਿ ਇਨ੍ਹਾਂ ਦੋਹਾਂ ਕਿਤਾਬਾਂ ਸੁਰਤਾਲ ਤੇ ਖ਼ੈਰ ਪੰਜਾਂ ਪਾਣੀਆਂ ਦੀ ਨੂੰ ਭਾਰਤ ਤੇ ਪਾਕਿਸਤਾਨ ਵਿੱਚ ਇੱਕੋ ਵੇਲੇ ਪ੍ਰਕਾਸ਼ਿਤ ਹੋਣ ਦਾ ਮਾਣ ਮਿਲਿਆ ਹੈ। ਇਨ੍ਹਾਂ ਦਾ ਸ਼ਾਹਮੁਖੀ ਲਿਪੀ ਚ ਉਤਾਰਾ ਤੇ ਸਰਵਰਕ ਸਜਾਵਟ ਸ਼ੇਖ਼ੂਪੁਰਾ (ਪਾਕਿਸਤਾਨ) ਵੱਸਦੇ ਕਵੀ ਮੁਹੰਮਦ ਆਸਿਫ਼ ਰਜ਼ਾ ਨੇ ਕੀਤੀ ਹੈ। ਗੈਰ ਰਸਮੀ ਗੱਲਬਾਤ ਕਰਦਿਆਂ ਡਾ. ਇਸ਼ਤਿਹਾਕ ਅਹਿਮਦ ਨੇ ਕਿਹਾ ਕਿ ਹਿੰਦ ਪਾਕਿ ਸਾਂਝ ਵਧਾਉਣ ਲਈ ਓਧਰ ਗੁਰਮੁਖੀ ਚ ਛਪਿਆ ਸਾਹਿੱਤ ਸ਼ਾਹਮੁਖੀ ਚ ਪਹੁੰਚਣਾ ਬਹੁਤ ਲਾਜ਼ਮੀ ਹੈ। ਏਸੇ ਤਰ੍ਹਾ ਏਧਰ ਵੀ ਸ਼ਾਹਮੁਖੀ ਚ ਛਪੀਆਂ ਓਧਰਲੀਆਂ ਕਿਤਾਬਾਂ ਗੁਰਮੁਖੀ ਚ ਛਪਣੀਆਂ ਚਾਹੀਦੀਆਂ ਹਨ। ਡਾ. ਸ ਸ ਜੌਹਲ ਨੇ ਦੋਹਾਂ ਕਿਤਾਬਾਂ ਦੇ ਸ਼ਾਹਮੁਖੀ ਸਰੂਪ ਨੂੰ ਪਿਆਰ ਦੇਂਦਿਆਂ ਕਿਹਾ ਕਿ ਸਾਡੇ ਲੇਖਕਾਂ ਨੂੰ ਵੀ ਫਾਰਸੀ ਲਿਪੀ ਸਿੱਖਣੀ ਚਾਹੀਦੀ ਹੈ। ਭਾਸ਼ਾ ਵਿਭਾਗ ਵੱਲੋਂ ਉਰਦੂ ਦੀ ਪੜ੍ਹਾਈ ਪੂਰੇ ਪੰਜਾਬ ਚ ਕਰਾਈ ਜਾਂਦੀ ਹੈ, ਇਸ ਦਾ ਫਾਇਦਾ ਉਠਾਇਆ ਜਾਣਾ ਚਾਹੀਦਾ ਹੈ। ਗੁਰਭਜਨ ਗਿੱਲ ਨੇ ਦੱਸਿਆ ਕਿ ਉਸ ਦੇ ਤਿੰਨ ਕਾਵਿ ਸੰਗ੍ਰਹਿ ਰਾਵੀ, ਸੁਰਤਾਲ ਤੇ ਖ਼ੈਰ ਪੰਜਾਂ ਪਾਣੀਆਂ ਦੀ ਸ਼ਾਹਮੁਖੀ ਚ ਛਪ ਚੁਕੇ ਹਨ ਅਤੇ 10 ਜੂਨ ਨੂੰ ਲਾਹੌਰ ਵਿੱਚ ਪੰਜਾਬੀ ਅਦਬੀ ਸੰਗਤ ਵੱਲੋਂ ਬਾਬਾ ਨਜਮੀ, ਅਫ਼ਜ਼ਲ ਸਾਹਿਰ, ਅਲੀ ਉਸਮਾਨ ਬਾਜਵਾ,ਅਮਜਦ ਸਲੀਮ ਮਿਨਹਾਸ ਤੇ ਆਸਿਫ਼ ਰਜ਼ਾ ਦੀ ਹਿੰਮਤ ਸਦਕਾ ਪਿਲਾਕ(ਪੰਜਾਬ ਇੰਸਟੀਚਿਊਟ ਆਫ ਲੈਂਗੂਏਜ ਐਂਡ ਕਲਚਰ) ਵਿਖੇ ਖ਼ੈਰ ਪੰਜਾਂ ਪਾਣੀਆਂ ਦੀ ਬਾਰੇ ਵਿਚਾਰ ਚਰਚਾ ਕਰਵਾਈ ਜਾ ਰਹੀ ਹੈ। ਇਹ ਮੇਰਾ ਸੁਭਾਗ ਹੈ। ਉਨ੍ਹਾਂ ਡਾ. ਇਸ਼ਤਿਆਕ ਅਹਿਮਦ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਪੰਜਾਬੀ ਲੋਕ ਵਿਰਾਸਤ ਅਕਾਡਮੀ ਰਾਹੀਂ ਸਾਲਾਨਾ ਓਧਰਲੀ ਇੱਕ ਮਹੱਤਵਪੂਰਨ ਕਿਤਾਬ ਗੁਰਮੁਖੀ ਵਿੱਚ ਪੇਸ਼ ਕਰਨਗੇ। ਇਸ ਵੇਲੇ ਵੀ ਪਾਕਿਸਤਾਨ ਦੇ ਵੱਡੇ ਸ਼ਾਇਰ ਜ਼ਫ਼ਰ ਇਕਬਾਲ ਦੇ ਪੰਜਾਬੀ ਕਲਾਮ ਨੂੰ ਗੁਰਮੁਖੀ ਵਿੱਚ ਕਰਵਾਉਣ ਦਾ ਕੰਮ ਚੱਲ ਰਿਹਾ ਹੈ। ਇਸ ਮੌਕੇ ਡਾ. ਸ ਪ ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੇ ਪ੍ਰਧਾਨ ਗੁਜਰਾਂ ਵਾਲਾ ਗੁਰੂ ਨਾਨਕ ਐਜੂਕੇਸ਼ਨਲ ਕੌਂਸਲ, ਡਾ. ਸੁਰਜੀਤ ਪਾਤਰ ਚੇਅਰਮੈਨ ,ਪੰਜਾਬ ਕਲਾ ਪਰਿਸ਼ਦ, ਡਾ. ਲਖਵਿੰਦਰ ਸਿੰਘ ਜੌਹਲ ਪ੍ਰਧਾਨ ,ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਨੇ ਵੀ ਮੁਬਾਰਕਬਾਦ ਦਿੱਤੀ। ਸਮਾਗਮ ਦੇ ਅੰਤ ਵਿਚ ਪ੍ਰੋ: ਮਨਜੀਤ ਸਿੰਘ ਛਾਬੜਾ, ਡਾਇਰੈਕਟਰ ਜੀ.ਜੀ.ਐਨ.ਆਈ.ਐਮ.ਟੀ. ਨੇ ਸਭਨਾਂ ਦਾ ਰਸਮੀ ਤੌਰ ਤੇ ਧੰਨਵਾਦ ਕੀਤਾ। ਇਸ ਮੌਕੇ ਡਾ. ਡੀ ਆਰ ਭੱਟੀ ਸਾਬਕਾ ਡੀ ਜੀ ਪੀ ਪੰਜਾਬ,ਡਾ. ਅਮਰਜੀਤ ਸਿੰਘ ਹੇਅਰ, ਪੰਜਾਬੀ ਕਵੀ ਪ੍ਰੋ: ਰਵਿੰਦਰ ਭੱਠਲ ਸਾਬਕਾ ਪ੍ਰਧਾਨ, ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ,ਡਾ: ਗੁਰਇਕਬਾਲ ਸਿੰਘ ਜਨਰਲ ਸਕੱਤਰ ਪੰਜਾਬੀ ਸਾਹਿੱਤ ਅਕਾਡਮੀ,ਸ਼ਹੀਦੇ ਆਜ਼ਮ ਸ. ਭਗਤ ਸਿੰਘ ਦੇ ਭਣੇਵੇਂ ਪ੍ਰੋ. ਜਗਮੋਹਨ ਸਿੰਘ, ਪ੍ਰਸਿੱਧ ਚਿੰਤਕ ਤੇ ਨਾਟਕਕਾਰ ਅਮਰਜੀਤ ਗਰੇਵਾਲ, ਕਵੀ ਚੇ ਚਿਤਰਕਾਰ ਸਵਰਨਜੀਤ ਸਵੀ, ਡਾ. ਗੁਲਜ਼ਾਰ ਪੰਧੇਰ ਸੰਪਾਦਕ ਨਜ਼ਰੀਆ,ਮਨਦੀਪ ਕੌਰ ਭਮਰਾ ਸੰਪਾਦਕ ਪਰ ਹਿੱਤ, ਬਲਕੌਰ ਸਿੰਘ ਗਿੱਲ, ਡਾ. ਬਲਵਿੰਦਰ ਸਿੰਘ ਔਲਖ ਗਲੈਕਸੀ, ਡਾ. ਸਰਜੀਤ ਸਿੰਘ ਗਿੱਲ ਸਾਬਕਾ ਡਾਇਰੈਕਟਰ ਪੀ ਏ ਯੂ, ਬਲਰਾਮ ਨਾਟਕਕਾਰ ਪਟਿਆਲਾ, ਰਾਜਦੀਪ ਸਿੰਘ ਤੂਰ,ਸ: ਗੁਰਪ੍ਰੀਤ ਸਿੰਘ ਤੂਰ, ਹਰੀਸ਼ ਮੌਦਗਿੱਲ,ਸ: ਹਰਸ਼ਰਨ ਸਿੰਘ ਨਰੂਲਾ ਜਨਰਲ ਸਕੱਤਰ ਕਾਲਿਜ ਪ੍ਰਬੰਧਕ ਕਮੇਟੀ ,ਡੀ ਐੱਮ ਸਿੰਘ,ਡਾ. ਚਰਨਜੀਤ ਕੌਰ ਧੰਜੂ, ਡਾ. ਸਤਿੰਦਰਪਾਲ ਸਿੰਘ ਸੰਘਾ ਸਾਬਕਾ ਡੀਨ ਗੁਰੂ ਅੰਗਦ ਦੇਵ ਵੈਟਰਨਰੀ ਯੂਨੀਵਰਸਿਟੀ,ਡਾ. ਅਜਾਇਬ ਸਿੰਘ ਪੀਏ ਯੂ,ਡਾ. ਅਮਰਜੀਤ ਸਿੰਘ ਭੁੱਲਰ ਕੈਨੇਡਾ, ਬ੍ਰਿਜ ਭੂਸ਼ਨ ਗੋਇਲ,ਡਾ. ਗੁਰਰੀਤਪਾਲ ਸਿੰਘ ਬਰਾੜ ਯੂ ਐੱਸ ਏ, ਪ੍ਰੋ. ਜਗਜੀਤ ਕੌਰ, ਜਗਦੀਸ਼ਪਾਲ ਸਿੰਘ ਗਰੇਵਾਲ ਸਰਪੰਚ ਪਿੰਡ ਦਾਦ,ਡਾ. ਤੇਜਿੰਦਰ ਕੌਰ, ਡਾ. ਗੁਰਪ੍ਰੀਤ ਸਿੰਘ, ਡਾ. ਦਲੀਪ ਸਿੰਘ, ਰਾਜਿੰਦਰ ਸਿੰਘ ਸੰਧੂ, ਸੁਰਿੰਦਰਦੀਪ ਕੌਰ,ਪ੍ਰੋ. ਸ਼ਰਨਜੀਤ ਕੌਰ ,ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੇ ਮੈਂਬਰ ਸ. ਕੁਲਜੀਤ ਸਿੰਘ ਅਤੇ ਕੌਂਸਲ ਅਧੀਨ ਚੱਲ ਰਹੀਆਂ ਸੰਸਥਾਵਾਂ ਦੇ ਫੈਕਲਟੀ ਮੈਂਬਰ ਵੀ ਇਸ ਸਮਾਗਮ ਵਿੱਚ ਸ਼ਾਮਲ ਹੋਏ।










## ਸਿੱਖ ਭਾਈਚਾਰੇ ਦੇ ਇਤਰਾਜ ਉਪਰੰਤ ਪਟਨਾ ਦੇ ਅੰਬੂਜਾ ਮਾਲ ਚੋ ਦਸਮ ਪਾਤਸ਼ਾਹ ਦਾ ਬੁੱਤ ਹਟਾਇਆ

ਅੰਮ੍ਰਿਤਸਰ-ਪਟਨਾ ਸਾਹਿਬ ਦੇ ਅੰਬੂਜਾ ਮਾਲ ਵਿੱਚ ਲਾਇਆ ਗੁਰੂ ਗੋਬਿੰਦ ਸਿੰਘ ਦਾ ਬੁੱਤ ਸਿੱਖ ਭਾਈਚਾਰੇ ਦੇ ਵਿਰੋਧ ਮਗਰੋਂ ਹਟਾ ਗਿਆ ਹੈ। ਇਸ ਮਾਮਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਇੱਥੇ ਕਿਹਾ ਕਿ ਪਟਨਾ ਸਾਹਿਬ ਵਿੱਚ ਅੰਬੂਜਾ ਮਾਲ 'ਚ ਗੁਰੂ ਗੋਬਿੰਦ ਸਿੰਘ ਦਾ ਬੁੱਤ ਲਗਾਉਣ ਦੀ ਕਾਰਵਾਈ ਸਿੱਖ ਸਿਧਾਂਤਾਂ ਦੇ ਖ਼ਿਲਾਫ਼ ਹੈ। ਉਨ੍ਹਾਂ ਕਿਹਾ ਕਿ ਸਿੱਖੀ ਅੰਦਰ ਬੁੱਤਪ੍ਰਸਤੀ ਦੀ ਕੋਈ ਥਾਂ ਨਹੀਂ ਹੈ। ਗੁਰੂ ਸਾਹਿਬ ਦੇ ਬੁੱਤ ਦੀ ਪੇਸ਼ਕਾਰੀ ਕਰ ਕੇ ਸਿੱਖ ਮਾਨਸਿਕਤਾ ਨੂੰ ਸੱਟ ਮਾਰੀ ਗਈ ਹੈ। ਉਨ੍ਹਾਂ ਪਟਨਾ ਸਾਹਿਬ ਵਿੱਚ ਗੁਰੂ ਸਾਹਿਬ ਦੇ ਬੁੱਤ ਲਗਾਉਣ ਦੀ ਨਿਖੇਧੀ ਕਰਦਿਆਂ ਆਖਿਆ ਕਿ ਇਸ ਦੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਇਸ ਸਬੰਧੀ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਪੜਤਾਲ ਕਰ ਕੇ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਭੇਜਣ ਲਈ ਕਿਹਾ ਹੈ।

# ਇਤਾਲਵੀ ਸੰਸਦ ਦੇ ਇਤਿਹਾਸ ਵਿਚ ਪਹਿਲੀ ਵਾਰ, ਜਦੋਂ ਇਕ ਸੰਸਦ ਮੈਂਬਰ ਆਪਣੇ ਨੰਨੇ-ਮੁੰਨੇ ਬੱਚੇ ਨਾਲ ਚੈਂਬਰ ਆਫ਼ ਡੈਪੂਟੀਜ਼ ਵਿਚ ਹੋਈ ਦਾਖਲ

## ਚੈਂਬਰ ਵਿੱਚ ਸੰਸਦ ਮੈਂਬਰ ਜੀਲਦਾ ਸਪੋਰਤੀਏਲੋ ਦਾ ਜ਼ੋਰਦਾਰ ਤਾੜੀਆਂ ਨਾਲ ਹੋਇਆ ਸਵਾਗਤ

ਰੋਮ (ਇਟਲੀ), (ਗੁਰਸ਼ਰਨ ਸਿੰਘ ਸੋਨੀ)-ਇਸ ਸੱਚ ਨੂੰ ਇੱਕ ਵਾਰ ਫਿਰ ਇਟਾਲੀਅਨ ਲੋਕਾਂ ਨੇ ਸੱਚ ਕਰ ਦਿਖਾਇਆ ਹੈ ਕਿ ਇੱਥੇ ਔਰਤ ਹੋਣ ਦੇ ਰੁੱਤਬੇ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਂਦਾ ਹੈ ਇਹ ਰੁੱਤਬਾ ਉਸ ਵੇਲੇ ਦੂਗਣਾ ਹੋ ਜਾਂਦਾ ਹੈ ਜਦੋਂ ਔਰਤ ਮਾਂ ਦੇ ਰੂਪ ਵਿੱਚ ਹੋਵੇ ਫਿਰ ਉਹ ਔਰਤ ਚਾਹੇ ਸੰਸਦ ਮੈਂਬਰ ਹੋਵੇ ਜਾਂ ਆਮ ਸਾਰੇ ਉਸ ਦੀ ਜਿੰਮੇਵਾਰੀ ਨੂੰ ਸਲੂਕ ਕਰਦੇ ਅਜਿਹਾ ਹੀ ਇੱਕ ਮਮਤਾ ਭਰਿਆ ਨਜ਼ਾਰਾ ਯੂਰਪੀਨ ਦੇਸ਼ ਇਟਲੀ'ਚ ਦੇਖਣ ਨੂੰ ਮਿਲਿਆ ਜਿਸ ਨੇ ਬੀਤੇ ਦਿਨ ਇੱਕ ਨਵਾਂ ਇਤਿਹਾਸ ਸਿਰਜਿਆ ਗਿਆ ਜਿਥੇ ਇਟਲੀ ਦੀ ਸੰਸਦ ਵਿੱਚ ਇੱਕ ਮਾਂ (ਅਹੁਦੇ ਵਜੋਂ ਡਿਪਟੀ ) ਆਪਣੀ ਮਮਤਾ ਦਾ ਨਿੱਘ ਦਿੰਦੀ ਹੋਈ ਅਤੇ ਆਪਣੇ ਕੰਮ ਦੇ ਨਾਲ ਨਾਲ ਆਪਣੀ ਮਮਤਾ ਦੀ ਦੇਖਭਾਲ ਵੀ ਕਰ ਰਹੀ ਹੈ । ਇਟਲੀ ਦੀ ਸੰਸਦ ਚ' ਇਤਿਹਾਸ ਵਿੱਚ ਪਹਿਲੀ ਵਾਰ ਇਹ ਹੋਇਆ ਹੈ ਕਿ ਇੱਕ ਮਾਂ ਜੋ ਕਿ ਇੱਕ ਲੋਕਾਂ ਦੁਆਰਾ ਚੁਣੀ ਹੋਈ ਸੰਸਦ ਮੈਂਬਰ ਹੈ। ਜੋ ਆਪਣੇ ਬੱਚੇ ਨੂੰ ਨਾਲ ਲੈਕੇ ਸੰਸਦ ਵਿੱਚ ਦਾਖਲ ਹੋਈ ਅਤੇ ਜਿੱਥੇ ਇਸ ਮੌਕੇ ਬਾਕੀ ਚੈਂਬਰ ਵਿੱਚ ਮੌਜੂਦ ਸੰਸਦ ਮੈਂਬਰਾਂ ਵਲੋਂ ਉਸ ਦਾ ਜ਼ੋਰਦਾਰ ਤਾੜੀਆਂ ਨਾਲ ਸਵਾਗਤ ਕੀਤਾ ਗਿਆ। ਤੇ ਇੱਕ ਮਾਂ ਤੇ ਮਮਤਾ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਹੋਇਆਂ ਸੰਸਦ ਮੈਂਬਰਾਂ ਵਲੋਂ ਇਸ ਗੱਲ ਦੀ ਸ਼ਲਾਘਾ ਵੀ ਕੀਤੀ ਗਈ ਹੈ।ਸੰਸਦ ਮੈਂਬਰ ਨੇ ਸੰਸਦ ਦੀ ਕਾਰਵਾਈ ਵਿੱਚ ਸਮੂਲੀਅਤ ਕਰਦਿਆਂ ਜਨਤਕ ਪ੍ਰਸ਼ਾਸਨ ਦੇ ਫਰਮਾਨ ਕਾਨੂੰਨ 'ਤੇ ਅੰਤਮ ਵੋਟਿੰਗ ਵਿੱਚ ਹਿੱਸਾ ਲਿਆ ਅਤੇ ਆਪਣੇ ਬੱਚੇ ਨੂੰ ਛਾਤੀ ਦਾ ਦੁੱਧ ਪਿਲਾਉਣਾ ਸ਼ੁਰੂ ਕਰ ਦਿੱਤਾ। ਇਸ ਮੌਕੇ ਨਾ ਕਿਸੇ ਨੇ ਕੋਈ ਵਿਰੋਧ ਕੀਤਾ ਬਲਕਿ ਜਿਸ ਦਾ ਸਰਬਸੰਮਤੀ ਨਾਲ ਤਾੜੀਆਂ ਨਾਲ ਸਵਾਗਤ ਕੀਤਾ ਗਿਆ। ਇਟਲੀ ਦੇ ਇਤਿਹਾਸ ਵਿੱਚ ਇਹ ਨਿਵੇਲਾ ਮਮਤਾ ਭਰਿਆ ਕੰਮ ਕੀਤਾ ਹੈ ਡਿਪਟੀ ਜੀਲਦਾ ਸਪੋਰਤੀਏਲ ਜਿਹੜੀ ਕਿ ਕੰਪਾਨੀਆ ਸੂਬੇ ਤੋਂ ਸੰਸਦ ਮੈਂਬਰ ਬਣੀ ਹੋਈ ਹੈ ਤੇ 5 ਸਟਾਰ ਮੂਵਮੈਂਟ ਪਾਰਟੀ ਵੱਲੋਂ ਸੰਸਦ ਦੀ ਮੈਂਬਰ ਬਣ ਲੋਕਾਂ ਦੀਆਂ ਉਮੀਦਾਂ ਅਨੁਸਾਰ ਕੰਮ ਵਿੱਚ ਮਸ਼ਰੂਫ਼ ਹੈ। ਜਦੋਂ ਸੰਸਦ ਵਿੱਚ ਪਿਛਲੇ ਦਰਵਾਜੇ ਰਾਹੀ ਜੀਲਦਾ ਸਪੋਰਤੀਏਲ ਦਾਖਲ ਹੋਈ ਤਾਂ ਬੱਚੇ ਤੇ ਸਪੋਰਤੀਲੋ, ਚਿੱਟੇ ਬਲਾਊਜ਼ ਪਹਿਨੇ ਹੋਏ ਸਨ ਤੇ ਉਸ ਦੇ ਸਿਰ ਨੂੰ ਇੱਕ ਕਾਲੇ ਦੀ ਟੋਪੀ ਨਾਲ ਢੱਕਿਆ ਹੋਇਆ ਸੀ ਤਾਂ ਜ਼ੋ ਬੱਚੇ ਨੂੰ ਏਅਰ ਕੰਡੀਸ਼ਨਿੰਗ ਦੀ ਠੰਡ ਤੋਂ ਬਚਾਇਆ ਜਾ ਸਕੇ। ਡਿਪਟੀ ਦਾ ਇਹ ਬੱਚਾ ਸੰਸਦ ਅੰਦਰ ਉਹ ਬਹੁਤ ਸ਼ਾਂਤ ਸੀ ਅਤੇ ਕੁਝ ਸੰਸਦ ਦੇ ਨੁਮਾਇੰਦਿਆ ਵਲੋਂ ਉਸ ਨੂੰ ਮਿਲ ਕੇ ਦੇਖਿਆ ਅਤੇ ਵਧਾਈ ਵੀ ਦਿੱਤੀ।ਇਸ ਨਜ਼ਾਰੇ ਨੇ ਸੰਸਦ ਵਿੱਚ ਸਭ ਮੈਂਬਰਾਂ ਨੂੰ ਭਾਵੁਕ ਕਰ ਦਿੱਤਾ

# ਇਟਲੀ ਅਦਾਲਤ ਦਾ ਇਨਸਾਫ਼, ਸੜਕ ਦੇ ਟੋਏ ਨੇ ਲਈ ਸੀ 18 ਸਾਲ ਪਹਿਲਾਂ ਇੱਕ ਮਾਸੂਮ ਦੀ ਜਾਨ ਤੇ ਹੁਣ ਮਿਲਿਆ ਮਾਪਿਆਂ ਨੂੰ ਇਨਸਾਫ਼-ਨਗਰ ਕੌਂਸਲ ਅਪ੍ਰੀਲੀਆ ਮ੍ਰਿਤਕ ਦੇ ਪਰਿਵਾਰ ਨੂੰ ਦੇਵੇਗਾ 650 ਹਜ਼ਾਰ ਯੂਰੋ

ਰੋਮ (ਇਟਲੀ( (ਗੁਰਸ਼ਰਨ ਸਿੰਘ ਸੋਨੀ) ਬੇਸ਼ੱਕ ਇਟਲੀ ਦਾ ਕਾਨੂੰਨੀ ਢਾਂਚਾ ਲਚਕੀਲਾ ਹੈ ਪਰ ਜਦੋਂ ਇਹ ਇਨਸਾਨੀ ਜਾਨ ਦੇ ਮੱਦੇ ਨਜ਼ਰ ਇਨਸਾਫ਼ ਕਰਦਾ ਹੈ ਤਾਂ ਏਸ਼ੀਅਨ ਦੇਸ਼ਾਂ ਦਾ ਕਾਨੂੰਨ ਅਧੂਰਾ ਜਿਹਾ ਲੱਗਣ ਲੱਗਦਾ ਹੈ।ਇੱਕ ਅਜਿਹਾ ਵਾਕਿਆ ਅਸੀਂ ਆਪਣੇ ਪਾਠਕਾਂ ਦੇ ਨਾਲ ਸਾਂਝੈ ਕਰਨ ਜਾ ਰਹੇ ਵਿੱਚ ਬੇਸ਼ਕ ਇਨਸਾਫ਼ ਦੇਰੀ ਨਾਲ ਹੋਇਆ ਪਰ ਮਾਨਯੋਗ ਅਦਾਲਤ ਨੇ ਦੋਸ਼ੀਆਂ ਨੂੰ ਪੂਰਾ ਹਰਜਾਨਾ ਭਰਨ ਦੇ ਆਦੇਸ਼ ਦਿੰਦਿਆਂ ਮ੍ਰਿਤਕ ਦੇ ਪਰਿਵਾਰ ਨਾਲ ਪੂਰੀ ਹਮਦਰਦੀ ਦਿਖਾਈ ਹੈ।ਹੋਇਆ ਇੰਝ ਕਿ ਰਾਜਧਾਨੀ ਰੋਮ ਨੇੜੇ ਪੈਂਦੇ ਸ਼ਹਿਰ ਅਪ੍ਰੀਲੀਆ ਵਿਖੇ 30 ਅਗਸਤ ਸਾਲ 2005 ਵਿੱਚ ਇੱਕ ਸੜਕ ਦੁਰਘਟਨਾ ਵਿੱਚ ਹੋਈ ਜਿਸ ਵਿੱਚ 15 ਸਾਲ ਦੇ ਨੌਜਵਾਨ ਦਨੀਏਲੇ ਜਿ5ਵਾਨੋਨੀ ਦੀ ਰੋਡ ਟੁਸਕਾਨਿਨੀ ਚ' ਪਏ ਟੋਏ ਕਾਰਨ ਮੌਤ ਹੋ ਗਈ ਸੀ।ਮਾਪਿਆਂ ਲਈ ਇਹ ਦਰਦ ਸਹੇੜਨਾ ਬਹੁਤ ਔਖਾ ਸੀ ਪਰ ਤਕਦੀਰ ਤਾਂ ਇਨਸਾਨ ਨੂੰ ਬੇਵੱਸ ਕਰ ਦਿੰਦੀ ਹੈ।ਮਰਹੂਮ ਦਨੀਏਲੇ ਜਿਓਵਾਨੋਨੀ ਦੇ ਮਾਪਿਆ ਨੇ ਫਿਰ ਵੀ ਹੌਸਲਾ ਨਹੀਂ ਛੱਡਿਆ ਤੇ ਉਹਨਾਂ ਪੁੱਤ ਦੀ ਮੌਤ ਦੇ ਕਸੂਰਵਾਰਾਂ ਨੂੰ ਸਜ਼ਾ ਦੁਆਉਣ ਲਈ ਕਰੀਬ 2 ਦਹਾਕੇ ਲੜਾਈ ਲੜੀ ਤੇ ਹੁਣ ਲਗਭਗ 18 ਸਾਲ ਦੇ ਲੰਮੇ ਸੰਘਰਸ਼ ਅਤੇ ਇੰਤਜ਼ਾਰ ਮਗਰੋਂ ਕੋਰਟ ਆਫ ਅਪੀਲ ਆਫ ਰੋਮ ਦੇ ਪਹਿਲੇ ਸਿਵਲ ਸੈਕਸ਼ਨ ਨੇ 15 ਸਾਲਾ ਦਨੀਏਲੇ ਜਿਓਵਾਨੋਨੀ ਦੀ ਮੌਤ ਦੇ ਮੁਕੱਦਮੇ ਨੂੰ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਹੱਕ ਵਿੱਚ ਖਤਮ ਕਰ ਦਿੱਤਾ ਹੈ। ਅਦਾਲਤ ਵਲੋਂ ਸੜਕ ਦੀ ਪਰਤ ਵਿੱਚ ਪਏ ਟੋਏ ਨੂੰ ਦੋਸ਼ੀ



ਠਹਿਰਾਉਂਦਿਆਂ ਹੋਇਆ ਨਗਰ ਪਾਲਿਕਾ ਅਪ੍ਰੀਲੀਆ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਅਪ੍ਰੀਲੀਆ ਨਗਰ ਪਾਲਿਕਾ ਦੁਆਰਾ ਆਪਣੇ ਬਚਾਅ ਲਈ ਦਾਇਰ ਕੀਤੀ ਅਪੀਲ ਨੂੰ ਰੱਦ ਕਰ ਦਿੱਤਾ ਅਤੇ ਪੀੜਤ ਦੇ ਪਿਤਾ ਅਤੇ ਭਰਾਵਾਂ ਲਈ ਮੁਆਵਜ਼ੇ ਦੀ ਰਕਮ ਦੀ ਪੁਸ਼ਟੀ ਕਰ ਦਿੱਤੀ ਗਈ ਹੈ। ਜੱਜ ਪੈਨਲ ਨੇ ਪਰਿਵਾਰ ਦੇ ਮੈਂਬਰਾਂ ਦੇ ਵਕੀਲ ਈਜ਼ੀਓ ਬੋਨਾਨੀ ਦੀ ਅਪੀਲ ਨੂੰ ਵੀ ਸਵੀਕਾਰ ਕਰ ਲਿਆ, ਜਿਸ ਵਿੱਚ ਮੁਆਵਜ਼ੇ ਦੀ ਰਕਮ ਨੂੰ ਵਧਾ ਦਿੱਤਾ ਗਿਆ ਅਤੇ ਹੁਣ ਅਦਾਲਤ ਵਲੋਂ ਨਗਰ ਪਾਲਿਕਾ ਅਪ੍ਰੀਲੀਆ ਨੂੰ 650 ਹਜ਼ਾਰ ਯੂਰੋ ਪੀੜਤ ਦੇ ਪਰਿਵਾਰ ਨੂੰ ਅਦਾ ਕਰਨ ਦਾ ਅੰਦੇਸ਼ ਦਿੱਤਾ ਹੈ। ਜਿਸ ਵਿੱਚ ਮ੍ਰਿਤਕ ਦੇ ਪਿਤਾ ਲਈ 350 ਹਜ਼ਾਰ ਯੂਰੋ ਅਤੇ ਭਰਾ ਅਤੇ ਭੈਣ ਲਈ 150 - 150 ਹਜ਼ਾਰ ਯੂਰੋ ਦਿੱਤਾ ਜਾਵੇਗਾ। ਦੂਜੇ ਪਾਸੇ ਅਦਾਲਤ ਨੇ ਅਪ੍ਰੀਲੀਆ ਦੀ ਨਗਰ ਪਾਲਿਕਾ ਦੀ ਅਪੀਲ ਨੂੰ ਰੱਦ ਕਰ ਦਿੱਤਾ ਅਤੇ ਇਸ ਗੱਲ ਦੀ ਪੁਸ਼ਟੀ ਕਰਦੇ ਹੋਏ ਕਿ ਪਹਿਲਾਂ ਹੀ ਸਪੱਸ਼ਟ ਕੀਤਾ ਗਿਆ ਸੀ ਕਿ " ਰੋਡ ਟੁਸਕਾਨਿਨੀ ਦੁਆਰਾ ਸੜਕ ਦੀ ਪਰਤ ਦੀ ਸਥਿਤੀ ਮਾੜੀ ਸੀ ਅਤੇ ਇਸ ਦੇ ਸੰਬੰਧ ਵਿੱਚ ਪ੍ਰਬੰਧਕ ਲੂਸੀਆਨੋ ਜਿਓਵਾਨਿਨੀ ਨੂੰ ਅਪਰਾਧਿਕ ਜ਼ਿੰਮੇਵਾਰੀ ਦੇ ਸਬੰਧ ਵਿੱਚ ਦੋਸ਼ੀ ਮੰਨਿਆ ਗਿਆ ਤੇ ਅਦਾਲਤ ਵਲੋਂ ਸੜਕ ਦੀ ਮਾੜੀ ਸਥਿਤੀ ਲਈ ਅਪ੍ਰੀਲੀਆ ਦੀ ਨਗਰਪਾਲਿਕਾ ਨੂੰ ਜ਼ਿੰਮੇਵਾਰ ਠਹਿਰਾਇਆ ।।ਮਾਨਯੋਗ ਅਦਾਲਤ ਦੇ ਇਸ ਫੈਸਲੇ ਨੇ ਜਿੱਥੇ ਇੱਕ ਵਾਰ ਫਿਰ ਲੋਕਾਂ ਦਾ ਕਾਨੂੰਨ ਪ੍ਰਤੀ ਵਿਸ਼ਵਾਸ ਜਿੱਤ ਲਿਆ ਹੈ ਉੱਥੇ ਪ੍ਰਵਾਸੀ ਲੋਕ ਇਹ ਸੋਚਣ ਲਈ ਮਜ਼ਬੂਰ ਲਗ ਰਹੇ ਹਨ ਕਿ ਅਜਿਹਾ ਪਾਰਦਰਸ਼ੀ ਕਾਨੂੰਨੀ ਇਨਸਾਫ਼ ਉਹਨਾਂ ਦੇ ਦੇਸ਼ਾਂ ਵਿੱਚ ਕਿਉਂ ਨਹੀਂ ਹੁੰਦਾ

## ਪੁਸਤਕ ਰੀਵਿਊ

# ‘ਪੀਲੂ ਦਾ ਮਿਰਜਾ ਸਾਹਿਬਾਂ ਤੇ ਹੋਰ ਰਚਨਾ’ ਪੁਸਤਕ ਰੋਮਾਂਸਵਾਦ ਅਤੇ ਅਧਿਆਤਮਵਾਦ ਦਾ ਸੁਮੇਲ



ਉਜਾਗਰ ਸਿੰਘ
94178-13072

ਪੀਲੂ ਮਿਰਜਾ ਸਾਹਿਬਾਂ ਦਾ ਕਿੱਸਾ ਲਿਖਣ ਵਾਲਾ ਪਹਿਲਾ ਸ਼ਾਇਰ ਗਿਣਿਆਂ ਜਾਂਦਾ ਹੈ। ਪੀਲੂ ਨੇ ਮਿਰਜਾ ਸਾਹਿਬਾਂ ਦੇ ਰੋਮਾਂਸ ਦਾ ਕਿੱਸਾ ਲਿਖਿਆ। ਪੀਲੂ ਦੇ ਨਾਮ ‘ਤੇ ਇਸ਼ਕ ਹਕੀਕੀ ਭਾਵ ਅਧਿਆਤਮਕ ਰਚਨਾ ਵੀ ਉਪਲਭਧ ਹੈ। ਇਸ ਲਈ ਸਾਹਿਤਕਾਰਾਂ ਤੇ ਪੜਚੋਲਕਾਰਾਂ ਵਿੱਚ ਵਿਚਾਰਾਂ ਦੇ ਵਖਰੇਵੇਂ ਹਨ ਹਨ ਕਿ ਪੀਲੂ ਇਕ ਜਾਂ ਦੋ ਸਨ। ਡਾ.ਭਗਵੰਤ ਸਿੰਘ ਅਤੇ ਡਾ.ਰਮਿੰਦਰ ਕੌਰ ਨੇ ਚਰਚਾ ਅਧੀਨ ਪੁਸਤਕ ਵਿੱਚ ਉਦਾਹਰਨਾ ਦੇ ਕੇ ਤੱਥਾਂ ਨਾਲ ਸਾਬਤ ਕੀਤਾ ਹੈ ਕਿ ਪੀਲੂ ਇਕ ਹੀ ਸੀ। ਜਵਾਨੀ ਵਿੱਚ ਉਸ ਨੇ ਮਿਰਜਾ ਸਾਹਿਬਾਂ ਦੇ ਇਸ਼ਕ ਦਾ ਰੋਮਾਂਟਿਕ ਕਿੱਸਾ ਲਿਖਿਆ ਸੀ। ਜਦੋਂ ਉਹ ਉਮਰ ਦਰਾਜ ਭਾਵ ਬਜ਼ੁਰਗ ਹੋ ਗਏ ਤਾਂ ਉਨ ਾਂ ਇਸ਼ਕ ਹਕੀਕੀ ਦੀ ਰਚਨਾ ਕੀਤੀ ਹੈ। ਲੇਖਕਾਂ ਨੇ ਇਸ ਪੁਸਤਕ ਨੂੰ ਪੰਜ ਭਾਗਾਂ ‘ਪੀਲੂ ਅਤੇ ਮਿਰਜਾ ਸਾਹਿਬਾਂ ਦੀ ਗਾਥਾ’, ਕਿੱਸਾ ਕਲਾ’, ‘ਰਸ ਵਿਧਾਨ’, ‘ਮੂਲ ਪਾਠ’ ਅਤੇ ਅੰਤਿਕਾਵਾਂ ਵਿੱਚ ਵੰਡਿਆ ਹੈ। ਵੈਸੇ ਤਾਂ ਸਾਰੇ ਭਾਗਾਂ ਦੀ ਲੜੀ ਆਪਸ ਵਿੱਚ ਜੁੜਦੀ ਹੈ ਪ੍ਰੰਤੂ ਫਿਰ ਵੀ ਪੰਜ ਭਾਗ ਬਣਾਏ ਹਨ।

ਪੀਲੂ ਅਤੇ ਮਿਰਜਾ ਸਾਹਿਬਾਂ ਦੀ ਗਾਥਾ: ਲੇਖਕਾਂ ਅਨੁਸਾਰ ਪੀਲੂ ਪਹਿਲਾ ਪੰਜਾਬੀ ਦਾ ਵੱਡਾ ਸ਼ਾਇਰ ਹੈ, ਜਿਸ ਨੇ ਇਹ ਗਾਥਾ ਲਿਖੀ। ਪੀਲੂ ਦੀ ਇਹ ਗਾਥਾ ਇਤਨੀ ਪ੍ਰਵਾਨ ਹੋਈ ਕਿ ਅੱਜ ਤੱਕ ਕਿਸੇ ਨਾ ਕਿਸੇ ਰੂਪ ਵਿੱਚ ਗਾਈ ਜਾਂਦੀ ਹੈ। ਪੰਜਾਬ ਦੀ ਇਸ ਪ੍ਰਸਿੱਧ ਲੋਕ ਗਾਥਾ ਦਾ ਅੰਤ ਦੁੱਖ ਭਰਿਆ ਹੈ। ਇਹ ਗਾਥਾ ਪੰਜਾਬੀਆਂ ਦੇ ਲੋਕ ਮਨਾਂ ਵਿੱਚ ਡੂੰਘੀ ਸਮਾਈ ਹੋਈ ਹੈ। ਲੋਕਾਂ ਵਿੱਚ ਮਿਰਜਾ ਬਹਾਦਰ ਸੂਰਮੇ ਆਸ਼ਕ ਵਜੋਂ ਨਿਵਾਸ ਕਰਦਾ ਹੈ। ਭਾਵ ਉਹ ਲੋਕ ਨਾਇਕ ਬਣ ਗਿਆ। ਮਿਰਜਾ ਜੱਟ ਮਾਨਸਿਕਤਾ ਦਾ ਪ੍ਰਤੀਕ ਹੈ। ਲੇਖਕਾਂ ਅਨੁਸਾਰ ਪੀਲੂ ਦੇ ਜਨਮ ਸਥਾਨ ਬਾਰੇ ਪ੍ਰਮਾਣੀਕ ਸਬੂਤ ਨਹੀਂ ਮਿਲਦੇ ਪ੍ਰੰਤੂ ਤਰਨਤਾਰਨ ਦੇ ਨੇੜੇ ਇਕ ਖ਼ੂਹ ਹੈ, ਜਿਸ ਨੂੰ ਅੱਜ ਵੀ ‘ਪੀਲੂ ਦਾ ਖ਼ੂਹ’ ਕਹਿੰਦੇ ਹਨ। ਇਸ ਕਰਕੇ ਸਾਹਿਤਕਾਰਾਂ ਨੇ ਅਨੁਮਨ ਲਗਾਇਆ ਹੈ ਕਿ ਪੀਲੂ ਦਾ ਪਿੰਡ ਵੀ ਤਰਨਤਾਰਨ ਦੇ ਨਜ਼ਦੀਕ ਵੈਰੋਵਾਲ ਹੀ ਹੋਵੇਗਾ। ਪੀਲੂ ਆਪਣੀ ਉਮਰ ਦੇ ਆਖ਼ਰੀ ਸਮੇਂ ਸਾਂਦਲਬਾਰ ਦੇ ਇਲਾਕੇ ਵਿੱਚ ਬੰਦਗੀ ਕਰਦਿਆਂ ਸਵਰਗ ਸਿਧਾਰ ਗਿਆ। ਉਸ ਦੇ ਸਮੇਂ ਬਾਰੇ ਵੀ ਵਿਦਵਾਨ ਇਕਮਤ ਨਹੀਂ ਹਨ। ਭਾਈ ਗੁਰਦਾਸ (1551-1637) ਅਤੇ ਇਸ ਤੋਂ ਬਾਅਦ ਦਾ ਕਹਿੰਦੇ ਹਨ ਪ੍ਰੰਤੂ ਮੰਨਿਆਂ ਜਾ ਰਿਹਾ ਹੈ ਪ੍ਰੇਮ ਗਾਥਾ ਵਾਪਰਨ ਦਾ ਸਮਾਂ ਅਕਬਰ ਰਾਜ ਕਾਲ ਦਾ ਸੀ। ਪੀਲੂ ਅਨੁਸਾਰ ਸਾਹਿਬਾਂ ਖੀਵੇ ਖ਼ਾਨ ਦੇ ਘਰ ਜਨਮੀ ਅਤੇ ਮਿਰਜਾ ਦਾਨਾਬਾਦ ਵੰਝਲ ਦੇ ਘਰ ਕਰੜੇ ਵਾਰ ਵਿੱਚ ਜਨਮਿਆਂ ਸੀ। ਮਿਰਜਾ ਆਪਣੇ ਨਾਨਕੇ ਪੜ ਨ ਲਈ ਸਿਆਲੀਂ ਗਿਆ ਹੋਇਆ ਸੀ, ਜਿਥੇ ਮਸੀਤੇ ਪੜ ਦਿਆਂ ਸਾਹਿਬਾਂ ਨਾਲ ਮੁਹੱਬਤ ਹੋ ਗਈ। ਜਦੋਂ ਉਨ ਾਂ ਦਾ ਇਸ਼ਕ ਜੱਗ ਜ਼ਾਹਰ ਹੋ ਗਿਆ ਤਾਂ ਮਿਰਜੇ ਨੂੰ ਦਾਨਾਬਾਦ ਭੇਜ ਦਿੱਤਾ। ਓਧਰ ਸਾਹਿਬਾਂ ਦੇ ਮਾਪਿਆਂ ਨੇ ਉਸ ਦਾ ਵਿਆਹ ਰੱਖ ਦਿੱਤਾ। ਸਾਹਿਬਾ ਨੇ ਕਰਮੂ ਬ੍ਰਾਹਮਣ ਹੱਥ ਮਿਰਜੇ ਨੂੰ ਸਨੇਹਾ ਦੇ ਕੇ ਬੁਲਾ ਲਿਆ। ਓਧਰ ਮਿਰਜੇ ਦੀ ਭੈਣ ਦਾ ਵਿਆਹ ਸੀ ਪ੍ਰੰਤੂ ਮਿਰਜੇ ਨੇ ਆਪਣੀ ਮਹਿਬੂਬ ਨੂੰ ਪਹਿਲ ਦਿੱਤੀ। ਮਿਰਜਾ ਸਾਹਿਬਾਂ ਨੂੰ ਭਜਾ ਕੇ ਲੈ ਗਿਆ। ਰਸਤੇ ਵਿੱਚ ਆਰਾਮ ਕਰਨ ਲੱਗਿਆ ਤਾਂ ਚੰਦੜ ਆ ਗਏ ਤੇ ਸਾਹਿਬਾਂ ਦੋ ਪੁੜਾਂ ਵਿੱਚ ਫਸ ਗਈ । ਇਕ ਪਾਸੇ ਭਰਾ ਦੂਜੇ ਪਾਸੇ ਆਸ਼ਕ। ਅਖੀਰ ਸਾਹਿਬਾਂ ਨੇ ਮਿਰਜੇ ਦੇ ਤੀਰ ਜੰਡ ‘ਤੇ ਟੰਗ ਦਿੱਤੇ। ਚੰਦੜਾਂ ਨੇ ਮਿਰਜਾ ਮਾਰ ਦਿੱਤਾ। ਪੀਲੂ ਤੇ ਹਾਫਿਜ ਬਰਖੁਰਦਾਰ ਦੇ ਘਟਨਾਵਾਂ ਬਾਰੇ ਵਿਚਾਰ ਨਹੀਂ ਮਿਲਦੇ। ਲੇਖਕਾਂ ਨੇ ਦਸਮ ਗ੍ਰੰਥ, ਰਿਚਰਡ ਟੈਂਪਲ ਅਤੇ ਸਵਿਨਟਰਨ ਦੇ ਮਿਰਜਾ ਸਾਹਿਬਾਂ ਦੀ ਗਾਥਾ ਬਾਰੇ ਵਿਚਾਰ ਵੀ ਦਿੱਤੇ ਹਨ।




ਕਿੱਸਾ ਕਲਾ: ਲੇਖਕਾਂ ਨੇ ਲਿਖਿਆ ਹੈ ਕਿ ਪੀਲੂ ਦੀ ਕਿੱਸਾ ਕਲਾ ਦੀ ਪ੍ਰਸੰਸਾ ਉਸ ਦੇ ਸਮਕਾਲੀ ਕਿੱਸਾਕਾਰਾਂ ਨੇ ਬਾਖ਼ੂਬੀ ਕੀਤੀ ਹੈ, ਜਿਸ ਤੋਂ ਪਤਾ ਲੱਗਦਾ ਹੈ ਪੀਲੂ ਦਾ ਮਿਰਜਾ ਸਰਵ ਪ੍ਰਵਾਨ ਸੀ। ਪੀਲੂ ਦੇ ਕਿੱਸੇ ਬਾਰੇ ਬਰਖ਼ੁਰਦਾਰ ਕਵੀ ਲਿਖਦਾ ਹੈ:

ਯਾਰੋ ਪੀਲੂ ਨਾਲ ਬਰਾਬਰੀ ਸ਼ਇਰ ਭੁਲ ਕਰੇਨ,
ਜਿਹਨੂੰ ਪੰਜਾਂ ਪੀਰਾਂ ਦੀ ਥਾਪਨਾ ਕੰਧੀਂ ਦਸਤ ਧਰੇਨ।

ਅਹਿਮਦਯਾਰ ਪੀਲੂ ਦੀ ਕੱਲਾ ਕਲਾ ਬਾਰੇ ਲਿਖਦਾ ਹੈ:

ਪੀਲੂ ਨਾਲ ਨਾ ਰੀਸ ਕਿਸੇ ਉਸ ਦੀ ਸੋਜ਼ ਅਲਹਿਦੀ,
ਮਸਤ ਨਿਗਾਹ ਕੀਤੀ ਉਸ ਪਾਸੇ ਕਿਸੇ ਫ਼ਕੀਰ ਵਲੀ ਦੀ।

ਪੀਲੂ ਨੇ ਸ਼ਿੰਗਾਰ ਤੇ ਬੀਰ ਰਸ ਨੂੰ ਇਸ ਰੁਮਾਂਟਿਕ ਕਥਾ ਵਿੱਚ ਇਕੱਠਾ ਕਰਕੇ ਨਵੀਂ ਪ੍ਰਥਾ ਕਾਇਮ ਕਰਨ ਦਾ ਯਤਨ ਕੀਤਾ ਹੈ। ਪੀਲੂ ਮਿਰਜੇ ਦੀ ਮੌਤ ਦਾ ਕਾਰਨ ਹੋਣੀ ਨੂੰ ਮੰਨਦਾ ਹੈ:

ਮਿਰਜਿਆ ਐਡ ਪੈਗੰਬਰ ਮਰ ਗਏ ਤੂੰ ਕਿਹਦਾ ਪਾਣੀ ਹਾਰ।

ਪੀਲੂ ਦਾ ਪਾਤਰ ਚਿਤਰਣ ਬਹੁਤ ਸੁਚੱਜਾ ਹੈ। ਉਸ ਨੇ ਪਾਤਰਾਂ ਨੂੰ ਆਦਰਸ਼ਕ ਰੰਗ ਨਹੀਂ ਦਿੱਤਾ। ਮਾਂ, ਮਾਂ ਵਾਂਗ, ਭੈਣ, ਭੈਣਾਂ ਵਾਂਗ ਅਤੇ ਪਿਓ, ਪਿਓ ਵਾਂਗ ਜਦੋਂ ਉਹ ਮਿਰਜੇ ਨੂੰ ਵਰਜਦਾ ਕਹਿੰਦਾ ਹੈ:

ਚੜ ਦੇ ਮਿਰਜੇ ਖ਼ਾਨ ਨੂੰ ਵੰਝਲ ਦਿੰਦਾ ਮੱਤ,
ਭੱਠ ਰੰਨਾ ਦੀ ਦੋਸਤੀ ਖੁਰੀਂ ਜਿਨ ਾਂ ਦੀ ਮੱਤ।
ਹੱਸ ਕੇ ਲਾਉਂਦੀਆਂ ਯਾਰੀਆਂ ਰੋ ਕੇ ਦਿੰਦੀਆਂ ਦੱਸ,
ਜਿਸ ਘਰ ਲਾਈ ਦੋਸਤੀ ਮੂਲ ਨਾ ਘੱਤੇ ਲੱਤ।

ਮਿਰਜੇ ਦੀ ਮਾਂ ਬਾਰੇ ਪੀਲੂ ਲਿਖਦਾ ਹੈ:

ਚੜ ਦੇ ਮਿਰਜੇ ਖ਼ਾਨ ਨੂੰ ਮੱਤਾਂ ਦੇਵੇ ਮਾਂ,
ਬੁਰੇ ਸਿਆਲਾਂ ਦੇ ਮਾਮਲੇ ਬੁਰੀ ਸਿਆਲਾਂ ਦੀ ਰਾਹ।

ਮਿਰਜਾ ਬੱਕੀ ਦੀ ਪ੍ਰਸੰਸਾ ਕਰਦਾ ਹੈ, ਉਸ ਦਾ ਘੁਮੰਡ ਵੀ ਪ੍ਰਗਟ ਹੁੰਦਾ ਹੈ

ਬੱਕੀ ਤੋਂ ਡਰਨ ਫਰਿਸ਼ਤੇ ਮੈਥੋਂ ਡਰੇ ਖ਼ੁਦਾ,
ਚੁਭੇ ਵਿੱਚ ਪਤਾਲ ਉਡ ਕੇ ਚੜੇ ਅਕਾਸ਼।
ਮਿਰਜਾ ਮਾਰਿਆ ਮਲਕੁਲ ਮੌਤ ਨੇ ਕੁਝ ਮਾਰਿਆ ਗੁਮਾਨ।
ਵਿੱਚ ਕਬਰਾਂ ਦੇ ਖਪ ਗਿਆ ਮਿਰਜਾ ਸੋਹਣਾ ਜਵਾਨ।

ਪੀਲੂ ਨੇ ਅਲੰਕਾਰ ਅਤੇ ਰੂਪਕ, ਕਵਿਤਾ ਦੇ ਗਹਿਣਿਆਂ ਦੀ ਤਰ ਾਂ ਵਰਤੇ ਹਨ:

ਮਿਰਜਾ ਫੁੱਲ ਗੁਲਾਬ ਦਾ ਮੇਰੀ ਝੋਲੀ ਟੁੱਟ ਪਿਆ।
ਧਰਤੀ ਤਾਂਬਾ ਹੋ ਗਈ ਸਿਆਹੀ ਫਿਰੀ ਅਸਮਾਨ।
ਵਲ ਵਲ ਵੱਢ ਦਿਆਂ ਸੂਰਮੇ ਜਿਉਂ ਖੇਤੀਂ ਪੈਣ ਗੜੇ।

ਰਸ ਵਿਧਾਨ:

ਰਸ ਵਿਧਾਨ ਵੀ ਪੀਲੂ ਦਾ ਕਮਾਲ ਦਾ ਹੈ। ਉਸ ਨੇ ਸ਼ਿੰਗਾਰ ਰਸ, ਬੀਰ ਰਸ, ਕਰੁਣਾ ਰਸ ਅਤੇ ਹਾਸ ਰਸ ਦੀ ਵਰਤੋਂ ਕੀਤੀ ਹੈ। ਸ਼ਿੰਗਾਰ ਰਸ ਸੁਚੱਜੇ ਢੰਗ ਨਾਲ ਵਰਤਿਆ ਹੈ:

ਕੱਢ ਕਲੇਜਾ ਲੈ ਗਈ ਖਾਨ ਖੀਵੇ ਦੀ ਧੀ,
ਗਜ ਗਜ ਲੰਮੀਆਂ ਮੀਢੀਆਂ ਰੰਗ ਜੋ ਗੋਰਾ ਸੀ।

ਪੀਲੂ ਦਾ ਬੀਰ ਰਸ ਲੂੰ ਕੰਡੇ ਖੜੇ ਕਰ ਦਿੰਦਾ ਹੈ:

ਕੋਈ ਦੀਹਦਾ ਸੂਰਮਾ ਜਿਹੜਾ ਮੈਨੂੰ ਹੱਥ ਕਰੇ,
ਕਟਕ ਭਿੜਾ ਦਿਆਂ ਅੰਬਰੀਂ ਮੈਥੋਂ ਭੀ ਰਾਠ ਡਰੇ।
ਸਿਰ ਸਿਆਲਾਂ ਦੇ ਵੱਢ ਕੇ ਸੁਟਾਂਗਾ ਵਿੱਚ ਰੜੇ।

ਪੀਲੂ ਭਾਵੇਂ ਮਝੈਲ ਸੀ ਪ੍ਰੰਤੂ ਉਸ ਦੀ ਭਾਸ਼ਾ ਠੇਠ ਪੰਜਾਬੀ ਹੈ। ਪੀਲੂ ਦੇ ਕਿੱਸੇ ਵਿੱਚ ਅਸ਼ਲੀਲਤਾ ਨਹੀਂ ਹੈ।

ਮੂਲ ਪਾਠ:ਕਿੱਸਾ ਮਿਰਜਾ ਸਾਹਿਬਾਂ

ਚੌਥੇ ਭਾਗ ਵਿੱਚ ਪੀਲੂ ਦੁਆਰਾ ਲਿਖਿਆ ਕਿੱਸਾ ਮਿਰਜਾ ਸਾਹਿਬਾਂ ਦਾ ਪੂਰਾ ਪਾਠ ਦਿੱਤਾ ਗਿਆ ਹੈ। ਪੀਲੂ ਦਾ ਕਿੱਸਾ ਲਿਖਤ ਰੂਪ ਵਿੱਚ ਨਹੀਂ ਮਿਲਦਾ ਪ੍ਰੰਤੂ ਜੋ ਮਿਲਦਾ ਹੈ, ਉਹ ਅੰਗਰੇਜ਼ ਰਿਚਰਡ ਟੈਂਪਲ ਦੁਆਰਾ‘ਦਾ ਲੀਜੈਂਡਜ਼ ਆਫ਼ ਪੰਜਾਬ’ ਵਿੱਚ ਪ੍ਰਕਾਸ਼ਤ ਕੀਤਾ ਮਿਲਦਾ ਹੈ। ਇਹ ਕਿੱਸਾ ਰਿਚਰਡ ਟੈਂਪਲ ਨੇ ਕਿਸੇ ਜਲੰਧਰ ਦੇ ਮੁਸਲਮਾਨ ਤੋਂ ਸੁਣਿਆਂ ਅਤੇ ਫਿਰ ਉਸ ਤੋਂ ਸੁਣ ਕੇ ਲਿਖਿਆ ਹੈ। ਇਹ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਪ੍ਰਕਾਸ਼ਤ ਹੋਇਆ ਹੈ। ਦੋਵੇਂ ਲੇਖਕਾਂ ਦੀ ਖੋਜ ਨੇ ਇਹ ਸਿੱਟਾ ਕੱਢਿਆ ਹੈ ਕਿ ਇਹ ਕਿੱਸਾ ਵੀ ਮੁਕੰਮਲ ਨਹੀਂ ਹੈ। ਮੂਲ ਪਾਠ ਵਾਲੇ ਭਾਗ ਵਿੱਚ ਖੋਜੀ ਵਿਦਿਆਰਥੀਆਂ ਲਈ ਡਾ.ਭਗਵੰਤ ਸਿੰਘ ਅਤੇ ਡਾ.ਰਮਿੰਦਰ ਕੋਰ ਨੇ ਪੀਲੂ ਸ਼ਾਇਰ ਦਾ ਹੀ ਦਿੱਤਾ ਹੈ ਪ੍ਰੰਤੂ ਅੰਤਿਕਾਵਾਂ ਵਾਲੇ ਭਾਗ ਵਿੱਚ ਛੇ ਅੰਤਿਕਾਵਾਂ ਹਨ। ਅੰਤਿਕਾ-1 ਵਿੱਚ ਪੀਲੂ ਦੇ ਕਿੱਸੇ ਵਿਚੇ ਜਿਹੜੇ ਮਿਥਿਹਾਸਕ/ਇਤਿਹਾਸਕ ਹਵਾਲੇ ਮਿਲਦੇ ਹਨ, ਪਾਠਕਾਂ ਦੀ ਸਹੂਲਤ ਲਈ ਉਨ ਾਂ 18 ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਅੰਤਿਕਾ-2 ਵਿੱਚ ‘ਲੀਜੈਂਡਜ਼ ਆਫ਼ ਪੰਜਾਬ ਵਿਚਲਾ ਪਾਠ’ ਅੰਤਿਕਾ-3 ਵਿੱਚ ਮਿਰਜਾ-ਸਾਹਿਬਾਂ ਕ੍ਰਿਤ ਹਾਫ਼ਿਜ ਬਰਖ਼ੁਰਦਾਰ, ਅੰਤਿਕਾ-4 ਵਿੱਚ ‘ਦਸਮ ਗ੍ਰੰਥ’ ਵਿਚਲੇ ਮਿਰਜਾ ਸਾਹਿਬਾਂ ਦੇ ਸ਼ਲੋਕ, ਅੰਤਿਕਾ-5 ਵਿੱਚ ਲੋਕ ਗੀਤਾਂ ਵਿੱਚ ਮਿਰਜਾ-ਸਾਹਿਬਾਂ ਦੀ ਗਾਥਾ ਅਤੇ ਅੰਤਿਕਾ-6 ਵਿੱਚ ਮਿਰਜਾ ਰਚਿਤ ਚਤਰ ਸਿੰਘ ਦਿੱਤਾ ਗਿਆ ਹੈ। ਪੁਸਤਕ ਦੇ ਅਖ਼ੀਰ ਵਿੱਚ ਸਹਾਇਕ ਪੁਸਤਕਾਂ ਦੀ ਸੂਚੀ ਦਿੱਤੀ ਗਈ ਹੈ। ਇਨ ਾਂ ਸਾਰੇ ਤੱਥਾਂ ਕਰਕੇ ਇਹ ਹਵਾਲਾ ਪੁਸਤਕ ਖੋਜ ਕਰਨ ਵਾਲੇ ਵਿਦਿਆਰਥੀਆਂ ਅਤੇ ਵਿਦਵਾਨਾ ਲਈ ਸਾਰਥਿਕ ਸਾਬਤ ਹੋਵੇਗੀ।

ਮਾਲਵਾ ਰਿਸਰਚ ਸੈਂਟਰ ਪਟਿਆਲਾ ਨੇ 120 ਪੰਨਿਆਂ, 250 ਰੁਪਏ ਕੀਮਤ ਵਾਲੀ ਇਹ ਪੁਸਤਕ ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਟਿਡ ਐਸ.ਏ.ਐਸ.ਨਗਰ ਮੋਹਾਲੀ ਤੋਂ ਪ੍ਰਕਾਸ਼ਤ ਕਰਵਾਈ ਹੈ।









# ਟੋਪੀ ਵਾਲ਼ੇ ਤੋਂ ਸਾਵਧਾਨ! ਭਗਵੰਤ ਮਾਨ! (2)



ਸਤਵੰਤ ਸ ਦੀਪਕ, ਵੈਨਕੂਵਰ
604-910-9953



[ਲੜੀ ਜੋੜਨ ਲਈ ਪਿਛਲਾ ਅੰਕ ਵੇਖੋ]

ਇਹ ਰਿਆਇਤਾਂ ਅਣਖੀ ਲੋਕਾਂ ਲਈ ਭੀਖ ਹਨ, ਮਿਹਣਾ ਹੈ, ਧ੍ਰਿਗ-ਲਾਹਨਤ ਹੈ। ਪੰਜਾਬ ਲਈ ਜੋ ਤੁਰਤ ਮੁਫ਼ਤ ਹੋਣਾ ਚਾਹੀਦਾ ਹੈ, ਉਹ ਹੈ: ਸਕੂਲਾਂ-ਕਾਲਜਾਂ-ਯੂਨੀਵਰਸਿਟੀਆਂ ਦੀ ਪੜ੍ਹਾਈ ਅਤੇ ਸਿਹਤ ਸੇਵਾਵਾਂ। ਅਗਲਾ ਮਸਲਾ ਜਿਸ ਬਾਰੇ ਕੇਜਰੀਵਾਲ ਟਾਲਮਟੋਲ ਕਰ ਰਿਹਾ ਹੈ ਉਹ ਹੈ ਬੰਦੀ ਸਿੰਘਾਂ ਦੀ ਰਿਹਾਈ। ਇਹ ਬੰਦੀ ਸਿੰਘ ਉਹ ਸਿੱਖ ਕੈਦੀ ਹਨ, ਜਿਨ੍ਹਾਂ ਨੂੰ 1990 ਦੇ ਦਹਾਕੇ ਦੇ ਸ਼ੁਰੂ ਵਿਚ ਪੰਜਾਬ ਵਿੱਚ ਦਹਿਸ਼ਤਗਰਦੀ ਵਿੱਚ ਕਥਿਤ ਤੌਰ ’ਤੇ ਸ਼ਾਮਲ ਹੋਣ ਦੇ ਜੁਰਮ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਸਿੱਖ ਕਾਰਕੁਨਾਂ ਦੀ ਦਲੀਲ ਹੈ ਕਿ ਆਤੰਕਵਾਦ ਦੇ ਖ਼ਾਤਮੇ ਹੋਣ ਤੋਂ ਬਾਅਦ, ਇਹ ਬੰਦੀ ਸਿੰਘ ਪਹਿਲਾਂ ਹੀ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਜੇਲ੍ਹਾਂ ਵਿਚ ਬਿਤਾ ਚੁੱਕੇ ਹਨ, ਬੁੱਢੇ ਹੋ ਚੁੱਕੇ ਹਨ ਅਤੇ ਕੁਝ ਸਰੀਰਕ ਅਤੇ ਮਾਨਸਿਕ ਤੌਰ ’ਤੇ ਅਯੋਗ ਹਨ ਅਤੇ ਇਸ ਲਈ ਉਨ੍ਹਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੇ ਕੇਸ ਲੜ ਰਹੇ ਕਾਰਕੁਨ ਤੇ ਵਕੀਲ ਜਸਪਾਲ ਸਿੰਘ ਮੰਝਪੁਰ ਮੁਤਾਬਕ ਦੋਸ਼ੀ ਕਰਾਰ ਦਿੱਤੇ ਗਏ ਵਿਅਕਤੀਆਂ ਦੀ ਸੂਚੀ ਵਿੱਚ 20 ਕੈਦੀ ਹਨ। ਇਨ੍ਹਾਂ 20 ਵਿਚੋਂ ਦੋ ਹੁਣ ਪੈਰੋਲ ’ਤੇ ਹਨ। ਇਨ੍ਹਾਂ 18 ਵਿਚ ਦਿੱਲੀ ਬੰਬ ਧਮਾਕਾ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਦਵਿੰਦਰਪਾਲ ਸਿੰਘ ਭੁੱਲਰ ਵੀ ਸ਼ਾਮਲ ਹਨ, ਜੋ ਅੰਮ੍ਰਿਤਸਰ ਜੇਲ੍ਹ ਵਿਚ ਬੰਦ ਹਨ ਪਰ ਇਸ ਸਮੇਂ ਮਾਨਸਿਕ ਰੋਗ ਤੋਂ ਪੀੜਤ ਹੋਣ ਕਾਰਨ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਦਾਖ਼ਲ ਹਨ। ਭੁੱਲਰ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ, ਜਿਸ ਨੂੰ ਸੁਪਰੀਮ ਕੋਰਟ ਨੇ ਉਮਰ ਕੈਦ ਵਿੱਚ ਬਦਲ ਦਿੱਤਾ ਸੀ। ਇਸੇ ਤਰ੍ਹਾਂ ਗੁਰਦੀਪ ਸਿੰਘ ਖੇੜਾ, ਜੋ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਹੈ; ਲਖਵੀਰ ਸਿੰਘ ਲੱਖਾ, ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ ਅਤੇ ਪਰਮਜੀਤ ਸਿੰਘ ਭਿਓਰਾ ਮਾਡਲ ਜੇਲ੍ਹ ਚੰਡੀਗੜ੍ਹ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਹਨ। ਸਤਨਾਮ ਸਿੰਘ, ਦਿਆਲ ਸਿੰਘ ਲਾਹੌਰ ਅਤੇ ਸੁਚਾ ਸਿੰਘ ਸਮੇਤ ਤਿੰਨ ਹੋਰ ਲੋਕ ਉੱਤਰ ਪ੍ਰਦੇਸ਼ ਦੀ ਮੁਰਾਦਾਬਾਦ ਜੇਲ੍ਹ ਵਿੱਚ ਹਨ। ਬਲਵੰਤ ਸਿੰਘ ਰਾਜੋਆਣਾ ਪਟਿਆਲਾ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਹਨ। ਬੰਦੀ ਸਿੰਘਾਂ ਵਿੱਚ ਜਗਤਾਰ ਸਿੰਘ ਹਵਾਰਾ ਅਤੇ ਜਗਤਾਰ ਸਿੰਘ ਤਾਰਾ ਸ਼ਾਮਲ ਹਨ, ਜੋ ਦੋਵੇਂ ਬੇਅੰਤ ਸਿੰਘ ਦੇ ਕਤਲ ਦੇ ਸਹਿ-ਸਾਜ਼ਿਸ਼ਕਰਤਾ ਹਨ। ਰਾਜੋਆਣਾ ਨੂੰ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਲਈ ਮੌਤ ਦੀ ਸਜ਼ਾ ਸੁਣਾਈ ਗਈ ਸੀ। ਉਸ ਦੀ ਮੌਤ ਦੀ ਸਜ਼ਾ ਨੂੰ ਗੁਰੂ ਨਾਨਕ ਦੇਵ ਜੀ ਦੇ 550 ਵੇਂ ਅਵਤਾਰ ਪੁਰਬ ਸਮੇਂ ਉਮਰ ਕੈਦ ਵਿੱਚ ਬਦਲ ਦਿੱਤਾ ਗਿਆ ਸੀ।ਹੁਣ ਮਾਰਚ 2023 ਵਿਚ ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਉਸ ਪਟੀਸ਼ਨ ’ਤੇ ਆਪਣਾ ਫੈਸਲਾ ਰਿਜ਼ਰਵ ਰੱਖ ਲਿਆ, ਜਿਸ ਵਿੱਚ ਉਸਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਮੰਗ ਕੀਤੀ ਗਈ ਸੀ, ਕਿਉਂਕਿ ਕੇਂਦਰ ਉਸਦੀ ਰਹਿਮ ਦੀ ਪਟੀਸ਼ਨ ’ਤੇ ਕਾਫ਼ੀ ਲੰਬੇ ਸਮੇਂ ਤੋਂ ਫੈਸਲਾ ਲੈਣ ਵਿੱਚ ਅਸਫਲ ਰਿਹਾ ਸੀ। ਇਸ ਤਰ੍ਹਾਂ ਇਹ ਮਾਮਲਾ ਫਿਰ ਲਟਕ ਗਿਆ ਹੈ। ਇਨਸਾਨੀਅਤ ਦੇ ਤੌਰ ’ਤੇ ਆਪਣੀ ਸਜ਼ਾ ਪੂਰੀ ਕਰ ਚੁੱਕੇ ਇਨ੍ਹਾਂ ਸਾਰੇ ਬੰਦੀ ਸਿੰਘਾ ਨੂੰ ਬਿਨਾ ਸ਼ਰਤ, ਬਿਨਾਂ ਕਿੰਤੂ-ਪ੍ਰੰਤੂ ਕੀਤਿਆਂ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਪਿਛਲੀਆਂ ਅਕਾਲੀ ਤੇ ਕਾਂਗਰਸ ਸਰਕਾਰਾਂ ਨੇ ਇਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੁੱਝ ਨਹੀਂ ਕਿਤਾ। ਸਰਕਾਰ ਵਿੱਚ ਰਹਿੰਦੇ ਹੋਏ, ਉਨ੍ਹਾਂ ਕਦੇ ਵੀ ਇਨ੍ਹਾਂ ਮੁੱਦਿਆਂ ਨੂੰ ਨਹੀਂ ਉਠਾਇਆ।ਜਦੋਂ ਵੀ ਅਕਾਲੀ-ਕਾਂਗਰਸੀ ਸੱਤਾ ਤੋਂ ਬਾਹਰ ਹੁੰਦੇ ਹਨ, ਉਹ ਇਹ ਮੁੱਦੇ ਉਨ੍ਹਾਂ ਨੂੰ ਯਾਦ ਆਉਂਦੇ ਹਨ। ਇਹ ਵੀ ਸੱਚਾਈ ਹੈ ਕਿ ਭੁੱਲਰ ਦੀ ਰਿਹਾਈ ਦੇ ਮੁੱਦੇ ਦਾ ਮੁੱਖ ਮੰਤਰੀ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਉਸਦੀ ਫਾਈਲ ’ਤੇ ਵਿਰੋਧ ਕੀਤਾ ਸੀ। ਇਹੀ ਰੁਖ਼ ਹੁਣ ਦਿੱਲੀ ਵਿਚਲੀ ਸੱਤਾਧਾਰੀ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਸਰਕਾਰ ਦਾ ਹੈ। ਆਮ ਆਦਮੀ ਪਾਰਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਅਜੇ ਤੱਕ ਕੇਂਦਰ ਨੂੰ ਪੱਤਰ ਨਹੀਂ ਲਿਖਿਆ। ਵਜ੍ਹਾ ਸਪਸ਼ਟ ਹੈ ਕਿ ਕੇਜਰੀਵਾਲ ਇਸ ਸਬੰਧ ਵਿਚ ਹਿੰਦੂ-ਸਿੱਖ ਵਾਲ਼ਾ ਪੱਤਾ ਖੇਡ ਰਿਹਾ ਹੈ। ਇਨ੍ਹਾਂ ਬੰਦੀ ਸਿੰਘਾਂ ਨੂੰ ਰਿਹਾਅ ਕਰ ਕੇ ਫ਼ਿਰਕੂ ਹਿੰਦੂ ਵੋਟਰਾਂ ਦੀ ਨਾਰਾਜ਼ਗੀ ਖੱਟ ਕੇ ਵੇਲਣੇ ’ਚ ਬਾਂਹ ਨਹੀਂ ਦੇਣਾ ਚਾਹੁੰਦਾ। ਇਸ ਤਰ੍ਹਾਂ ਦੀ ‘ਗ਼ੁਸਤਾਖ਼ੀ’ ਦਾ ਖ਼ਮਿਆਜ਼ਾ ਕੇਜਰੀਵਾਲ ਨੂੰ 2017 ਦੀਆਂ ਵਿਧਾਨ ਸਭਾ ਚੋਣਾਂ ਵੇਲ਼ੇ ਭੁਗਤਣਾ ਪਿਆ ਸੀ ਜਦੋਂ ਉਹ ਮੋਗੇ ਕਿਸੇ ਸਾਬਕਾ ਦਹਿਸ਼ਤਗਰਦ ਦੇ ਘਰ ਠਹਿਰਿਆ ਸੀ।

ਰਾਜ ਸਭਾ ਵਿਚ ਪੰਜਾਬ ਦੀ ਨੁਮਾਂਇਦਗੀ ਕਰਨ ਲਈ ਵਰਤਮਾਨ ਮੈਂਬਰ ਕੇਜਰੀਵਾਲ ਦੀ ਡਿਕਟੇਟ ਕੀਤੀ ਲਿਸਟ ਹੈ। ਪਦਮ ਸ਼੍ਰੀ ਵਿਕਰਮਜੀਤ ਸਿੰਘ ਸਾਹਨੀ (ਕੋਟਕਪੂਰੇ ਤੋਂ ਪੰਜਾਬੀ ਸਭਿਆਚਾਰ ਨਾਲ਼ ਸਬੰਧਿਤ ਯੋਗਦਾਨ),ਪਦਮ ਸ਼੍ਰੀ ਬਲਬੀਰ ਸਿੰਘ ਸੀਚੇਵਾਲ (ਵਾਤਾਵਰਣ ਪ੍ਰੇਮੀ ਤੇ ਐਕਟੀਵਿਸਟ), ਸੰਜੀਵ ਅਰੋੜਾ (ਲੁਧਿਆਣਾ ਦੇ ਉਦਯੋਗਪਤੀ ਅਤੇ ਦਾਨੀ, ਰਿਤੇਸ਼ ਪ੍ਰਾਪਰਟੀਜ਼ ਐਂਡ ਇੰਡਸਟਰੀਜ਼ ਲਿਮਟਿਡ ਦੇ ਚੇਅਰਮੈਨ ਅਤੇ ਐਮ.ਡੀ.), ਰਾਘਵ ਚੱਢਾ (ਦਿੱਲੀ ਤੋਂ ਚਾਰਟਰਡ ਅਕਾਊਂਟੈਂਟ), ਡਾ. ਸੰਦੀਪ ਪਾਠਕ (ਛੱਤੀਸਗੜ੍ਹ ਤੋਂ ਆਈ.ਆਈ.ਟੀ. ਦਿੱਲੀ ਦੇ ਸਾਬਕਾ ਸਹਾਇਕ ਪ੍ਰੋਫੈਸਰ, ਆਕਸਫੋਰਡ ਯੂਨੀਵਰਸਿਟੀ ਅਤੇ ਐਮ.ਆਈ.ਟੀ. ਦੇ ਸਾਬਕਾ ਖੋਜ ਸਹਿਯੋਗੀ), ਹਰਭਜਨ ਸਿੰਘ (ਭਾਰਤੀ ਰਿਟਾਇਰਡ ਕ੍ਰਿਕਟਰ ਅਤੇ ਕ੍ਰਿਕਟ ਕੁਮੈਂਟੇਟਰ), ਅਸ਼ੋਕ ਮਿੱਤਲ (ਭਾਰਤੀ ਕਾਰੋਬਾਰੀ ਅਤੇ ਸਿੱਖਿਆ ਸ਼ਾਸਤਰੀ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਚਾਂਸਲਰ)। ਇਨ੍ਹਾਂ ਵਿਚੋਂ ਕਈ ਮੈਂਬਰਾਂ ਉਹ ਹਨ ਜੋ ਪੰਜਾਬ ਤੋਂ ਨਹੀਂ ਹਨ ਤੇ ਜਿਹੜੇ ਪੰਜਾਬ ਤੋਂ ਹਨ, ਸਿਵਾਏ ਇਕ ਦੋ ਨੂੰ ਛੱਡ ਕੇ ਬਹੁਤਿਆਂ ਨੂੰ ਪੰਜਾਬ ਦੇ ਅਸਲੀ ਮਸਲਿਆਂ ਦੀ ਨਾ ਕੋਈ ਥਾਹ ਹੈ ਨਾ ਪਰਵਾਹ ਹੈ। ਮਿਸਾਲ ਦੇ ਤੌਰ ’ਤੇ ਦਿੱਲੀ ਦੇ ਬਸ਼ਿੰਦੇ ਤੇ ਕੇਜਰੀਵਾਲ ਦੇ ਚਹੇਤੇ ਰਾਘਵ ਚੱਡਾ, ਡਾ: ਸੰਦੀਪ ਪਾਠਕ ਨੂੰ ਹੀ ਦੇਖ ਲਵੋ ਉਨ੍ਹਾਂ ਨੂੰ ਪੰਜਾਬ ਦੇ ਮਸਲਿਆਂ ਦੀ ਕੀ ਸਮਝ ਹੈ? ਪਰ ਕੇਜਰੀਵਾਲ ਨੂੰ ਸਿਰਫ਼ ਆਪਣੇ ਜੀ-ਹਜ਼ੂਰੀਏ ਚਹੇਤੇ ਹੀ ਚਾਹੀਦੇ ਹਨ। ਸੋਚਣਾ ਇਹ ਬਣਦਾ ਹੈ ਕਿ ਕੇਜਰੀਵਾਲ ਵੱਲੋਂ ਇਹ ਬੰਦੇ ਧੰਗੋਜਿੜੀ ਭਗਵੰਤ ਮਾਨ ਦੇ ਸਿਰ ਉਪਰ ਬਿਠਾਏ ਗਏ ਹਨ, ਪਰ ਭਗਵੰਤ ਮਾਨ ਨੇ ਚੁੱਪ ਕਿਉਂ ਸਾਧੀ ਹੋਈ ਹੈ?

2024 ਦੀਆਂ ਲੋਕ ਸਭਾ ਚੋਣਾਂ ’ਤੇ ਹਸਰਤ ਭਰੀਆਂ, ਲਲਚਾਈਆਂ ਨਜ਼ਰਾਂ ਰੱਖਦੇ ਹੋਏ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ‘ਮੇਕ ਇੰਡੀਆ ਨੰਬਰ 1’ ਮੁਹਿੰਮ ਦੀ ਸ਼ੁਰੂਆਤ ਦੇ ਨਾਲ ਆਪਣੀ ਆਮ ਆਦਮੀ ਪਾਰਟੀ ਦੀ ਰਾਸ਼ਟਰੀ ਅਭਿਲਾਸ਼ਾ ਦਾ ਰਸਮੀ ਤੌਰ ’ਤੇ ਐਲਾਨ ਕੀਤਾ ਅਤੇ ਕਿਹਾ ਕਿ ਜੇ ਇਸ ਨੂੰ ਵਿਕਸਤ ਕਰਨਾ ਹੈ ਤਾਂ ਦੇਸ਼ ਨੂੰ ਹੁਣ ਤੱਕ ਰਾਜ ਕਰਨ ਵਾਲਿਆਂ ਦੇ ਰਹਿਮ ’ਤੇ ਨਹੀਂ ਛੱਡਿਆ ਜਾ ਸਕਦਾ। ਤਾਲਕਟੋਰਾ ਸਟੇਡੀਅਮ ਵਿੱਚ ਬੋਲਦਿਆਂ ‘ਆਪ’ ਦੇ ਕਨਵੀਨਰ ਨੇ ਦੇਸ਼ ਦੇ 130 ਕਰੋੜ ਲੋਕਾਂ ਨੂੰ ਪੰਜ ਪ੍ਰੋਜੈਕਟਾਂ - ਸਿੱਖਿਆ, ਸਿਹਤ, ਰੁਜ਼ਗਾਰ, ਔਰਤਾਂ ਦੇ ਅਧਿਕਾਰਾਂ ਅਤੇ ਟਿਕਾਊ ਖੇਤੀ ਬਾਰੇ ‘ਰਾਸ਼ਟਰੀਮਿਸ਼ਨ’ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਮੈਂ ਲੋਕਾਂ ਨੂੰ ਮਿਸ਼ਨ ਵਿੱਚ ਸ਼ਾਮਲ ਕਰਨ ਲਈ ਦੇਸ਼ ਭਰ ਦੀ ਯਾਤਰਾ ਕਰਾਂਗਾ। ਕੇਜਰੀਵਾਲ ਨੇ ਕਿਹਾ ਕਿ ਇਹ 130 ਕਰੋੜ ਲੋਕਾਂ ਦਾ ਗੱਠਜੋੜ ਹੋਵੇਗਾ। ਕੇਜਰੀਵਾਲਨੇ ਚੰਗੇ ਪ੍ਰਸ਼ਾਸਨ ਲਈ ਪੰਜ-ਨੁਕਾਤੀ ਦ੍ਰਿਸ਼ਟੀਕੋਣ-ਮੁਫ਼ਤ ਸਿੱਖਿਆ, ਮੁਫ਼ਤ ਡਾਕਟਰੀ ਇਲਾਜ, ਹਰ ਨੌਜਵਾਨ ਨੂੰ ਰੁਜ਼ਗਾਰ, ਹਰ ਔਰਤ ਦਾ ਸਨਮਾਨ ਅਤੇ ਸੁਰੱਖਿਆ, ਹਰ ਕਿਸਾਨ ਨੂੰ ਖੇਤੀਬਾੜੀ ਦੀ ਪੂਰੀ ਕੀਮਤ ਦੀ ਗੱਲ ਰੱਖੀ ਕਿ ਉਹ ਇਸ ਉਦੇਸ਼ ਲਈ ਸਮਰਥਨ ਇਕੱਠਾ ਕਰਨ ਲਈ ਦੇਸ਼ ਭਰ ਦੀ ਯਾਤਰਾ ਕਰਨਗੇ। ਆਪਣੇ ਸੰਬੋਧਨ ਵਿੱਚ ਕੇਜਰੀਵਾਲ ਨੇ ਉਦੋਂ ਤੱਕ ਸ਼ਾਂਤੀ ਨਾਲ ਆਰਾਮ ਨਾ ਕਰਨ ਦਾ ਮਤਾ ਲਿਆ ਜਦੋਂ ਤੱਕ ਭਾਰਤ ਨੰਬਰ 1 ਦੇਸ਼ ਨਹੀਂ ਬਣ ਜਾਂਦਾ।ਥੋੜੇ ਸ਼ਬਦੀ ਹੇਰ-ਫੇਰ ਨਾਲ਼ ਇਹ ਉਹੀ ਸ਼ਬਦਾਵਲੀ ਹੈ ਜਿਹੜੀ ਪ੍ਰਧਾਨ ਮੰਤਰੀ ਮੋਦੀ ਦੁਆਰਾ ਸੁਤੰਤਰਤਾ ਦਿਵਸ ’ਤੇ ਦਿੱਤੇ ਗਏ ਭਾਸ਼ਣ ’ਚ ਵਰਤੀ ਗਈ ਸੀ। ਨਿਊਜ਼ 18 ਨੇ ਸੂਤਰਾਂ ਦੇ ਹਵਾਲੇ ਨਾਲ ਸੰਕੇਤ ਦਿੱਤਾ ਕਿ ਕੇਜਰੀਵਾਲ 2024 ਦੀਆਂ ਲੋਕ ਸਭਾ ਚੋਣਾਂ ਲਈ ਪਾਰਟੀ ਦਾ ਪ੍ਰਧਾਨ ਮੰਤਰੀ ਦਾ ਚਿਹਰਾ ਹੋਣਗੇ। ਹਾਲਾਂਕਿ, ਪਾਰਟੀ ਨੇ ਇਸ ਦੇ ਲਈ ਅਜੇ ਕੋਈ ਰਸਮੀ ਐਲਾਨ ਨਹੀਂ ਕੀਤਾ ਹੈ। ਦੇਸ਼ ਭਰ ’ਚ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰਨ ਵਾਲੀ ਪਾਰਟੀ ਅਗਲੇ 2 ਸਾਲਾਂ ’ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲੜਨ ਦੀ ਤਿਆਰੀ ਕਰ ਰਹੀ ਹੈ, ਅਤੇ ਕਈ ਸੂਬਿਆਂ ਵਿਚ ਭਾਜਪਾ ਦੇ ਅਗਲੇ ਪ੍ਰਮੁੱਖ ਵਿਰੋਧੀ ਦੇ ਰੂਪ ਵਿਚ ਆਪਣੇ ਆਪ ਨੂੰ ਪੇਸ਼ ਕਰ ਰਹੀ ਹੈ।

ਅਰਵਿੰਦ ਕੇਜਰੀਵਾਲ ਹੰਢਿਆ-ਚੰਡਿਆ, ਚੁਸਤ-ਚਲਾਕ, ਘਾਗ਼ ਸਿਆਸਤਦਾਨ ਹੈ। ਉਸ ਨੂੰ ਸਿਆਸਤ ਦੀ ਲਾਈਮ-ਲਾਈਟ ਵਿਚ ਰਹਿਣ ਦੀ ਨਿਰੰਤਰ ਭੁੱਖ ਰਹਿੰਦੀ ਹੈ। ਉਹ ਬੜ੍ਹਕ ਵੀ ਮਾਰਦਾ ਹੈ ਤੇ ਮੋਕ ਵੀ! ਇਸ ਲਾਈਮ ਲਾਈਟ ਵਿਚ ਰਹਿਣ ਖ਼ਾਤਰ ਉਹ ਕਿਸੇ ਵੀ ਪਾਰਟੀ ਜਾਂ ਵਿਅਕਤੀ ਵਿਸ਼ੇਸ਼ ਦੀ ਮਿੱਟੀ ਪੁੱਟਣ ਵੇਲ਼ੇ ਅੱਗਾ-ਪਿੱਛਾ ਨਹੀਂ ਦੇਖਦਾ, ਸਿੱਟੇ ਵਜੋਂ ਉਸ ਨੂੰ ਕਈ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ ਹੈ। ਕੇਜਰੀਵਾਲ ਵਿਰੁੱਧ ਉਸ ਦੇ ਸਿਆਸੀ ਵਿਰੋਧੀਆਂ ਨੇ ਮਾਣਹਾਨੀ ਦੇ ਕਈ ਕੇਸ ਦਾਇਰ ਕੀਤੇ ਹਨ। 2015 ਵਿੱਚ ਦੂਜੀ ਵਾਰ ਚੋਣਾਂ ਤੋਂ ਪਹਿਲਾਂ ਚੋਣ ਡਾਇਰੈਕਟੋਰੇਟ ਨੂੰ ਦਿੱਤੇ ਆਪਣੇ ਹਲਫ਼ਨਾਮੇ ਵਿੱਚ ਕੇਜਰੀਵਾਲ ਨੇ ਇਕਬਾਲ ਕੀਤਾ ਸੀ ਕਿ ਉਸ ’ਤੇ 10 ਅਪਰਾਧਿਕ ਦੋਸ਼ ਹਨ ਅਤੇ ਉਸ ਦੇ ਖਿਲਾਫ ਕੁੱਲ 47 ਦੋਸ਼ ਹਨ। ਕੇਜਰੀਵਾਲ ਦੇ ਬੜ੍ਹਕ ਮਾਰਨ ਤੇ ਫਿਰ ਮੁਆਫ਼ੀ ਮੰਗਣ ਦੀਆਂ ਕੁੱਝ ਉਦਾਹਰਣਾ ਪੇਸ਼ ਹਨ:

ਜਨਵਰੀ 2014 ਵਿੱਚ, ਕੇਜਰੀਵਾਲ ਨੇ ਸਭ ਤੋਂ ਭ੍ਰਿਸ਼ਟ ਸਿਆਸਤਦਾਨਾਂ ਦੀ ਇੱਕ ਸੂਚੀ ਜਾਰੀ ਕੀਤੀ ਜਿਸ ਵਿੱਚ ਰਾਜਨੀਤਿਕ ਖੇਤਰ ਦੇ ਕਈ ਨੇਤਾ ਸ਼ਾਮਲ ਸਨ। ਸੂਚੀ ਵਿੱਚ ਸ਼ਾਮਲ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਤੁਰੰਤ ਕੇਜਰੀਵਾਲ ਦੇ ਖਿਲਾਫ਼ ਮਾਣਹਾਨੀ ਦਾ ਮੁਕੱਦਮਾ ਦਾਇਰ ਕੀਤਾ। ਇਸ ਤੋਂ ਝੱਟ ਬਾਅਦ, ਕੇਜਰੀਵਾਲ ਨੇ ਨਿਤਿਨ ਗਡਕਰੀ ਤੋਂ ਉਸ ਦੇ ਅਣ-ਪ੍ਰਮਾਣਿਤ ਦੋਸ਼ਾਂ ਲਈ ਮੁਆਫ਼ੀ ਵੀ ਮੰਗ ਲਈ। ਇਸੇ ਤਰ੍ਹਾਂ ਸਾਬਕਾ ਕਾਂਗਰਸੀ ਮੰਤਰੀ ਕਪਿਲ ਸਿੱਬਲ ਤੋਂ ਮੁਆਫ਼ੀ ਵੀ ਮੰਗੀ।

ਫਿਰ 2016 ਵਿੱਚ ਕੇਜਰੀਵਾਲ ਨੇ ਪੰਜਾਬ ਦੇ ਉਸ ਵੇਲੇ ਦੇ ਮਾਲ ਮੰਤਰੀ ਬਿਕਰਮ ਮਜੀਠੀਆ ’ਤੇ ਨਸ਼ਿਆਂ ਦੇ ਧੰਦੇ ਵਿੱਚ ਸ਼ਾਮਲ ਹੋਣ ਦੇ ਦੋਸ਼ ਲਾਏ ਸਨ, ਜਿਸ ਲਈ ਮਜੀਠੀਆ ਨੇ ਉਸ ਅਤੇ ਆਮ ਆਦਮੀ ਪਾਰਟੀ ਦੇ ਦੋ ਹੋਰ ਵਿਅਕਤੀਆਂ ਵਿਰੁੱਧ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਕੇਜਰੀਵਾਲ ਨੇ ਮਾਰਚ 2018 ਵਿੱਚ ਮਜੀਠੀਆ ਤੋਂ ਮੁਆਫ਼ੀ ਮੰਗੀ।

ਕੇਜਰੀਵਾਲ ਨੇ ਵਿੱਤ ਮੰਤਰੀ ਅਰੁਣ ਜੇਤਲੀ ’ਤੇ ਡੀ.ਡੀ.ਸੀ.ਏ. ਵਿੱਚ ਬੇਨਿਯਮੀਆਂ ਦੇ ਦੋਸ਼ ਲਗਾਏ। ਅਰੁਣ ਜੇਤਲੀ ਨੇ ਕੇਜਰੀਵਾਲ ਖਿਲਾਫ 10 ਕਰੋੜ ਦਾ ਮਾਣਹਾਨੀ ਦਾ ਮੁਕੱਦਮਾ ਦਾਇਰ ਕੀਤਾ। 2 ਮਾਰਚ 2016 ਨੂੰ, ਦਿੱਲੀ ਹਾਈ ਕੋਰਟ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਭਾਜਪਾ ਦੇ ਮੁਅੱਤਲ ਸੰਸਦ ਮੈਂਬਰ ਕੀਰਤੀ ਆਜ਼ਾਦ ਨੂੰ ਕਿਹਾ ਕਿ ਉਹ ਕ੍ਰਿਕਟ ਸੰਸਥਾ ਦੇ ਕੰਮਕਾਜ ਅਤੇ ਵਿੱਤ ਦੇ ਸਬੰਧ ਵਿੱਚ ਕਥਿਤ ਟਿੱਪਣੀਆਂ ਲਈ ਡੀ.ਡੀ.ਸੀ.ਏ. ਵੱਲੋਂ ਦਾਇਰ ਕੀਤੇ ਗਏ 5 ਕਰੋੜ ਰੁਪਏ ਦੇ ਦੀਵਾਨੀ ਮਾਣਹਾਨੀ ਦੇ ਮੁਕੱਦਮੇ ਵਿੱਚ ਆਪਣੇ ਲਿਖਤੀ ਬਿਆਨ ਦਾਇਰ ਕਰਨ। ਪਰ ਅਪ੍ਰੈਲ 2018 ਵਿੱਚ ਅਰਵਿੰਦ ਕੇਜਰੀਵਾਲ,ਸੰਜੇ ਸਿੰਘ, ਰਾਘਵ ਚੱਢਾ ਅਤੇ ਆਸ਼ੂਤੋਸ਼ ਸਮੇਤ ਇੱਕ ਸਾਂਝੇ ਪੱਤਰ ਵਿੱਚ ਅਰੁਣਜੇਤਲੀ ਤੋਂ ਮੁਆਫ਼ੀ ਮੰਗ ਲਈ। ਮੋਦੀ ਤਾਂ ਐਲਾਨੀਆ ਆਰ.ਐੱਸ.ਐੱਸ. ਦੀ ਪੈਦਾਵਾਰ ਹੈ, ਇਸ ਬਾਰੇ ਜ਼ਿਆਦਾ ਵਿਸਥਾਰ ਦੀ ਜ਼ਰੂਰਤ ਨਹੀਂ। ਪਰ ਕੇਜਰੀਵਾਲ਼ ਦੀ ਹਕੀਕਤ ਵੀ ਜਾਣ ਲਈਏ।ਕੇਜਰੀਵਾਲ ਅੰਨਾ ਹਜ਼ਾਰੇ ਤੋਂ ਪ੍ਰੇਰਿਤ ਹੈ, ਬਲਕਿ ਉਸ ਦੀ ਸਿਆਸਤ ਵਿਚ ਇੰਟਰੀਅੰਨਾ ਹਜ਼ਾਰੇ ਦੇ ਸਮੇਂ ਹੀ ਹੁੰਦੀ ਹੈ, ਜੋ ਖ਼ੁਦ ਆਰ.ਐਸ.ਐਸ.ਦਾ ਹੀ ਪਲਾਂਟ ਕੀਤਾ ਸ਼ਖ਼ਸ ਸੀ। ਆਰ.ਐਸ.ਐਸ. ਮੁਖੀ ਮੋਹਨ ਰਾਓ ਭਾਗਵਤ ਦਾ ਦਾਅਵਾ ਹੈ ਕਿ ਅੰਨਾ ਹਜ਼ਾਰੇ ਦਾ ਆਰ.ਐਸ.ਐਸ.ਨਾਲ ਸਬੰਧ ਬਹੁਤ ਲੰਬੇ ਅਰਸੇ ਤੋਂ ਹੈ, ਅਤੇ ਇਹ ਆਰ. ਐਸ. ਐਸ. ਹੀ ਸੀ ਜਿਸ ਨੇ ਅੰਨਾ ਹਜ਼ਾਰੇ ਨੂੰ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਸ਼ੁਰੂ ਕਰਨ ਦੀ ਅਪੀਲ ਕੀਤੀ ਸੀ। ....ਆਰਐੱਸਐੱਸ ਨੇਤਾ ਦਾ ਇਹ ਵੀ ਦਾਅਵਾ ਹੈ ਕਿ ਉਨ੍ਹਾਂ ਨੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਸ਼ੁਰੂ ਕਰਨ ਬਾਰੇ ਬਾਬਾ ਰਾਮਦੇਵ ਨਾਲ ਵੀ ਗੱਲ ਕੀਤੀ ਸੀ। ਕੋਲਕਾਤਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਭਾਗਵਤ ਨੇ ਦਾਅਵਾ ਕੀਤਾ ਕਿ ਅੰਨਾ ਹਜ਼ਾਰੇ ਦਾ ਆਰ. ਐੱਸ. ਐੱਸ. ਨਾਲ ਸਬੰਧ ਬਹੁਤ ਲੰਮਾ ਹੈ ਅਤੇ ਹਜ਼ਾਰੇ ਮਹਾਰਾਸ਼ਟਰ ਵਿੱਚ ਆਰ.ਐੱਸ.ਐੱਸ. ਦੇ ਕਾਡਰਾਂ ਨੂੰ ਮਿਲਦੇ ਅਤੇ ਸਿਖਲਾਈ ਦਿੰਦੇ ਸਨ। ਭਾਗਵਤ ਨੇ ਮੰਨਿਆ ਕਿ ਜਦੋਂ ਭ੍ਰਿਸ਼ਟਾਚਾਰ ਵਿਰੋਧੀ ਜਹਾਦ ਸਿਖ਼ਰ ’ਤੇ ਸੀ ਤਾਂ ਉਸ ਵਕਤ ਆਰ. ਐੱਸ. ਐੱਸ. ਦੇ ਕਾਰਕੁੰਨ ਰਾਮਲੀਲਾ ਮੈਦਾਨ ਵਿੱਚ ਮੌਜੂਦ ਸਨ। ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਨੇ ਕਿਹਾ ਕਿ ਰਾਮਦੇਵ ਅਤੇ ਹਜ਼ਾਰੇ ਸੰਘ-ਭਾਜਪਾ ਦੇ ਪਲਾਨ ਏ ਅਤੇ ਬੀ ਸਨ, ਸ੍ਰੀ ਸ੍ਰੀ ਰਵੀ ਸ਼ੰਕਰ ਪਲਾਨ ਸੀ ਹਨ ਯੋਜਨਾ ਏ, ਬੀ ਅਤੇ ਸੀ ਸੰਘ/ਭਾਜਪਾ ਦੇ ਹਨ ਤਾਂ ਜੋ ਲੋਕਾਂ ਦੇ ਮਨਾਂ ਨੂੰ ਅੱਤਵਾਦੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਤੋਂ ਹਟਾ ਕੇ ਭ੍ਰਿਸ਼ਟਾਚਾਰ ਵੱਲ ਮੋੜਿਆ ਜਾ ਸਕੇ। ਯੋਜਨਾ ਏ- ਬਾਬਾ ਰਾਮਦੇਵਕਰੈਸ਼ ਹੋ ਗਿਆ। ਯੋਜਨਾ ਬੀ-ਅੰਨਾ, ਯੋਜਨਾ ਸੀ - ਸ੍ਰੀਸ਼੍ਰੀ ਰਵੀ ਸ਼ੰਕਰ ਜਲਦੀ ਹੀ ਆਪਣੀ ਮੁਹਿੰਮ ਸ਼ੁਰੂ ਕਰਨ ਲਈ। 2012 ਵਿਚ ਸੱਤਾ ਵਿਚ ਆਉਣ ਤੋਂ ਪਹਿਲਾਂ ਕੇਜਰੀਵਾਲ ਕਹਿੰਦਾ ਹੁੰਦਾ ਸੀ ਕਿ ਹਮ ਰਾਜਨੀਤੀ ਕਰਨ ਨਹੀਂ ਆਏ, ਹਮ ਰਾਜਨੀਤੀ ਬਦਲਨੇ ਆਏ ਹੈਂ। ਸੱਤਾ ’ਚ ਆਉਣ ਤੋਂ ਬਾਅਦ ਉਹ ਵੀ ਬਾਕੀ ਰਾਜਨੀਤਕ ਪਾਰਟੀਆਂ ਵਾਂਗ ਸਿਰੇ ਦਾ ਮੌਕਾਪ੍ਰਸਤ ਲੀਡਰ ਬਣਦਾ ਜਾ ਰਿਹਾ ਹੈ। ਸੱਤਾ ਵਿਚ ਆਉਣ ਲਈ ਉਹ ਹਰ ਹਰਬਾ ਵਰਤ ਰਿਹਾ ਹੈ, ਭਾਵੇਂ ਸਿਰੇ ਦੀ ਫ਼ਿਰਕੂ ਪਾਰਟੀ ਵੀ ਕਿਉਂ ਨਾ ਹੋਵੇ! ਇਸ ਦੀ ਤਾਜ਼ਾ ਮਿਸਾਲ ਕੇਜਰੀਵਾਲ ਐਂਡ ਪਾਰਟੀ ਦੀਆਂ ਆਰ. ਐੱਸ. ਐਸ. ਦੀ ਛੋਟੀ ਭੈਣ ਸ਼ਿਵ ਸੈਨਾ ਵਾਲ਼ਿਆਂਨਾਲ਼ ਕੀਤੀਆਂ ਮੁਲਾਕਾਤਾਂ ਹਨ। ਫਰਵਰੀ 2023 ਵਿੱਚ, ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇ-ਨਜ਼ਰ ਭਾਜਪਾ ਨੂੰ ਟੱਕਰ ਦੇਣ ਲਈ ਸ਼ਿਵ ਸੈਨਾ ਨਾਲ਼ ਗੱਠ-ਜੋੜ ਬਣਾਉਣ ਲਈ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਸ਼ਿਵ ਸੈਨਾ (ਯੂਬੀਟੀ) ਦੇ ਮੁਖੀ ਊਧਵਠਾਕਰੇ ਨਾਲ ਉਸ ਦੀ ਮੁੰਬਈ ਰਿਹਾਇਸ਼ ‘ਮਾਤੋਸ਼੍ਰੀ’ ਵਿੱਚ ਮੁਲਾਕਾਤ ਕੀਤੀ, ਜਿਸ ਵਿਚ ਰਾਜ ਸਭਾ ਸੰਸਦ ਮੈਂਬਰ ਸੰਜੇ ਸਿੰਘ ਅਤੇ ਰਾਘਵ ਚੱਢਾ ਵੀ ਮੌਜੂਦ ਸਨ। ਫਿਰ ਸ਼ਿਵ ਸੈਨਾ (ਯੂਬੀਟੀ) ਦੇ ਨੇਤਾ ਆਦਿੱਤਿਆ ਠਾਕਰੇ ਨੇ ਪਾਰਟੀ ਸਹਿਯੋਗੀ ਅਤੇ ਰਾਜ ਸਭਾ ਮੈਂਬਰ ਪ੍ਰਿਅੰਕਾ ਚਤੁਰਵੇਦੀ ਨਾਲ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਦਿੱਲੀ ਵਿੱਚ ਕੇਜਰੀਵਾਲਦੀ ਸਿਵਲ ਲਾਈਨਜ਼ ਰਿਹਾਇਸ਼ ’ਤੇ ਮੁਲਾਕਾਤ ਕੀਤੀ। ਠਾਕਰੇ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਜਲੰਧਰ ਦੇ ਨਵੇਂ ਚੁਣੇ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨਾਲ ਵੀ ਮੁਲਾਕਾਤ ਕੀਤੀ। ‘ਆਪ’ ਦੇ ਸੂਤਰਾਂ ਨੇ ਕਿਹਾ ਕਿ ਕਰਨਾਟਕ ਵਿਧਾਨ ਸਭਾ ਚੋਣਾਂ ਤੋਂ ਬਾਅਦ ਜੇਕਰ ਵਿਰੋਧੀ ਪਾਰਟੀਆਂ ਇਕਜੁੱਟ ਹੋ ਜਾਂਦੀਆਂ ਹਨ ਤਾਂ 2024 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਤਖ਼ਤ ਹਿਲਾ ਕੇ ਰੱਖ ਦਿੱਤਾ ਜਾ ਸਕਦਾ ਹੈ। ਸਿਆਸੀ ਗਲਿਆਰਿਆਂ ਵਿਚ ਇਹ ਵੀ ਚਰਚਾ ਹੁੰਦੀ ਹੈ ਕਿ ਕੇਜਰੀਵਾਲ ਪਾਰਟੀ ਬੀ.ਜੇ.ਪੀ. ਦੀ ਹੀ ‘ਬੀ-ਟੀਮ’ ਹੈ। ਕਲਪਨਾ ਕਰੋ ਕਿ ਕਿਸੇ ਅਣਸੰਭਾਵੀ ਵਜ੍ਹਾ ਕਰ ਕੇ ਜੇ ਆਰ.ਐੱਸ.ਐੱਸ / ਬੀ.ਜੇ.ਪੀ ਵਾਲ਼ੇ ਮੋਦੀ ਦੇ ਦਿਨ ਪੁਗ ਰਹੇ ਦੇਖ ਕੇ (ਜਿਵੇਂ ਕਿ 10 ਮਈ 2023 ਨੂੰ ਕਰਨਾਟਕ ਦੀਆਂ ਸੂਬਾਈ ਚੋਣਾਂ ਵਿਚ ਬੀ.ਜੇ.ਪੀ. ਦਾ ਸਫ਼ਾਇਆ ਹੋਇਆ ਹੈ), ਉਸ ਦਾ ਚਿਹਰਾ ਸਿਆਸੀ ਮੰਚ ਤੋਂ ਲਾਂਭੇ ਕਰ ਕੇ ਉਹ ਕੇਜਰੀਵਾਲ ਨੂੰ ਬੀ.ਜੇ.ਪੀ. ਦਾ ਮੁਕਟ ਪਹਿਨ ਸਜਾ ਕੇ ਚੋਣ-ਰਥ (Band wagon) ’ਤੇ ਸ਼ੁਸ਼ੋਭਿਤ ਹੋਣ ਲਈ ਕਹਿਣ ਤਾਂ ਕੇਜਰੀਵਾਲ ਨੇ ਸਭ ਸੰਗ, ਸ਼ਰਮ, ਸਵੈਮਾਣ, ਪਾਰਟੀ ਪ੍ਰਤੀ ਵਫ਼ਾਦਾਰੀ ਤੇ ਨੈਤਿਕਤਾ ਨੂੰ ਛਿੱਕੇ ਟੰਗ ‘ਆਪ’ ਤੋਂ ਬੀ.ਜੇ.ਪੀ. ਵੱਲ ਧੁਰਲੀ ਮਾਰਨ ਵਿਚ ਬਿੰਦ ਨਹੀਂ ਲਾਉਣਾ।

ਪਿਛਲੇ ਕੁਝ ਸਮੇਂ ਤੋਂ ਕੇਜਰੀਵਾਲ ਅਤੇ ‘ਆਪ’ ਕੇਂਦਰ ਸਰਕਾਰ ਵੱਲੋਂ ਸਿਆਸੀ ਅਤੇ ਪ੍ਰਸ਼ਾਸਨਿਕ ਮਾਮਲਿਆਂ ਨੂੰ ਸੰਭਾਲਣ ਦੇ ਮਾਮਲੇ ਵਿੱਚ ਭਾਜਪਾ ਦੇ ਸਭ ਤੋਂ ਵੱਧ ਤਿੱਖੇ ਵਿਰੋਧੀ ਰਹੇ ਹਨ। ਸਪੱਸ਼ਟ ਹੈ ਕਿ ਕੇਜਰੀਵਾਲ ਆਪਣੇ ਆਪ ਨੂੰ ਅਤੇ ਆਪਣੀ ਪਾਰਟੀ ਨੂੰ ਭਾਜਪਾ ਦੇ ਸਿਆਸੀ ਬਦਲ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ‘ਆਪ’ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੁਹਿੰਮ ਗ਼ੈਰ-ਪਾਰਦਰਸ਼ੀ ਸਰਕਾਰਾਂ ਨੂੰ ਨਿਸ਼ਾਨਾ ਬਣਾਉਣ ਦੀ ਰਹੀ ਹੈ। ਹੁਣ,ਕੇਜਰੀਵਾਲ ਨੇ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਮੋਦੀ ਦੀ ਵਿਦਿਅਕ ਯੋਗਤਾ ਦੇ ਵੇਰਵਿਆਂ ਦਾ ਖ਼ੁਲਾਸਾ ਕਰਨ ਤੋਂ ਆਨਾ ਕਾਨੀ ਕਰਨ ਨੂੰ ਪੈਰਾਂ ਹੇਠ ਆਇਆ ਬਟੇਰਾ ਜਾਣ ਅਪਾਰਦਰਸ਼ੀ ਸਰਕਾਰ ਦੇ ਖਿਲਾਫ਼ ਮੁਹਿੰਮ ਵਜੋਂ ਸਫਲਤਾ ਪੂਰਵਕ ਉਭਾਰਿਆ ਤੇ ਵਰਤਿਆ ਹੈ।

ਇਸੇ ਸੰਦਰਭ ਵਿਚ ਕੇਜਰੀਵਾਲ ਦਾ 28 ਮਾਰਚ, 2023 ਦੇ ਦਿੱਲੀ ਵਿਧਾਨ ਸਭਾ ’ਚ ਭਾਸ਼ਨ ਲਿਆ ਜਾ ਸਕਦਾ ਹੈ, ਜਿਸ ਦਾ ਯੂ-ਟਿਊਬ ਤੋਂ ਉਤਾਰਾ ਹੇਠਾਂ ਦਿੱਤਾ ਜਾ ਰਿਹਾ ਹੈ: ਆਦਰਨੀਯ ਅਧਿਅਕ ਸ਼ਮਹੋਦੇ, ਅਭੀ ਕੁਛ ਦਿਨ ਪਹਿਲੇ ਬੀ.ਜੇ.ਪੀ. ਕਾ ਏਕ ਬਹੁਤ ਬੜਾ ਨੇਤਾ ਮਿਲਾ ਮੁਝ ਕੋ। ਉਸ ਕੇ ਸਾਥ ਬੜੀ ਲੰਬੀ ਚਰਚਾ ਹੂਈ ਮੇਰੀ। ਔਰ ਉਸਨੇ ਜੋ ਜੋ ਬਾਤੇਂ ਬਤਾਈ, ਵੋਹ ਇਤਨੀ ਚੌਂਕਾਨੇ ਵਾਲੀ ਥੀ ਕਿ ਆਪ ਸਭ ਸੁਨੇਂਗੇਤੋ ਰੌਂਗਟੇ ਖੜ੍ਹੇ ਹੋ ਜਾਏਂਗੇ। ਉਸ ਨੇ ਮੁਝ ਸੇ ਪੂਛਾ ਕਿ ‘ਕੇਜਰੀਵਾਲ ਜੀ ਯੇ ਆਪ ਕੋ ਕਿਆ ਲਗਤਾ ਹੈ ਮੋਦੀ ਜੀ ਅਡਾਨੀ ਕੀ ਇਤਨੀ ਮਦਦ ਕਿਉਂ ਕਰਤੇ ਹੈਂ?’ ਮੈਂ ਨੇ ਕਹਾ ‘ਦੋਸਤ ਹੈਂ ਦੋਨੋਂ ਇਸ ਲੀਏ ਕਰਤੇ ਹੈਂ।’ ਕਹਿਤਾ, ‘ਬੱਸ ਇਸ ਲੀਏ?’ ਕਹਿਤਾ, ‘ਮੋਦੀ ਜੀ ਨੇ ਆਜ ਤੱਕ ਕਿਸੀ ਕੇ ਲੀਏ ਕੁਛ ਨਹੀਂ ਕਰਾ। ਅਪਨੀ ਵਾਈਫ਼ ਕੇ ਲੀਏ ਕੁਛ ਨਹੀਂ ਕਰਾ, ਅਪਨੀ ਮਾਂ ਕੇ ਲੀਏ ਕੁਛ ਨਹੀਂ ਕਰਾ। ਉਨ ਕੇ ਭਾਈ ਗੁਜਰਾਤ ਮੇਂ ਰਹਿਤੇ ਹੈਂ, ਉਨਕੇਲੀਏ, ਔਰ ਕਿਸੀ ਰਿਸ਼ਤੇਦਾਰ ਕੇ ਲੀਏ ਕੁਛ ਨਹੀਂ ਕਰਾ। ਰਾਜਨੀਤ ਗੁਰੂ ਕੇ ਲੀਏ ਕੁਛ ਨਹੀਂ ਕਰਾ। ਵੋਹ ਅਪਨੇ ਦੋਸਤ ਕੇ ਲੀਏ ਇਤਨਾ ਕੁਛ ਕਰੇਂਗੇ? ਐਸਾ ਕੈਸੇ ਹੋ ਸਕਤਾ ਹੈ? ਦੋਸਤ ਪੇ ਇਤਨੇ ਮਿਹਰਬਾਨ ਕਿਉਂ ਹੈਂ? ਐਸੀ ਭੀ ਕਿਆ ਦੋਸਤੀ ਹੈ? ਆਜ ਕੇ ਜ਼ਮਾਨੇ ਮੇਂ ਕੌਨ ਕਿਸੀ... ਕੋਈ ਭਾਈ ਕੇ ਲੀਏ ਕੋਈ ਕੁਛ ਨਹੀਂ ਕਰਤਾ ਤੋ ਦੋਸਤ ਕੇ ਲੀਏ ਕੌਨ ਕਰਤਾ ਹੈ?’ ਤੋ ਮੈਂ ਨੇ ਕਹਾ ਕਿ ‘ਫਿਰ ਕਿਆ ਮਾਮਲਾ ਹੈ?’ ਕਹਿਤਾ ਕਿ ‘ਆਪ ਖ਼ੁਦ ਸੋਚੋ? ਇਤਨਾ ਬੜਾ ਕਰਾਈਸਿਜ਼ ਹੂਆ। ਹਿੰਡਨ ਬਰਗ ਕੀ ਰਿਪੋਰਟ ਆਈ। ਚਾਰੋਂ ਤਰਫ਼ ਥੂਹ ਥੂਹਹੂਈ। ਪੂਰਾ ਕਰੈਸ਼ ਕਰ ਗਿਆ ਅਡਾਨੀ ਗਰੁੱਪ। ਮੋਦੀ ਜੀ ਇਤਨੇ ਸਵਾਰਥੀ ਆਦਮੀ ਹੈਂ ਕਿ ਅਗਰ ਕੇਵਲ ਮਾਮਲਾ ਦੋਸਤੀ ਤੱਕ ਹੋਤਾ ਤੋ ਦੋ ਮਿੰਟ ਮੇਂ ਉਸ ਕੋ ਸਾਈਡ ਕਰਤੇ ਔਰ ਕਹਿਤੇ ਮੇਰਾ ਕੋਈ ਲੇਨਾ ਦੇਨਾ ਨਹੀਂ ਇਸ ਸੇ। ਅਭੀ ਭੀ ਉਸ ਕੋ ਬਚਾਨੇ ਮੇਂ ਲਗੇ ਹੂਏ ਹੈਂ। ਕਭੀ ਐੱਸ. ਬੀ. ਆਈ. ਕੋ ਕਹਿ ਰਹੇ ਹੈਂ ਇਸ ਕੋ ਪੈਸੇ ਦੋ। ਆਜ ਅਖ਼ਬਾਰ ਮੇਂ ਆਇਆ ਪੀ. ਐਫ਼. ਵਾਲੋਂ ਕੋ ਭੀ ਬੋਲਾ ਇਸ ਕੋ ਪੈਸੇ ਦੋ। ਅਭੀ ਭੀ ਉਸ ਕੋ ਪੂਰੀ ਤਰ੍ਹਾਂ ਬਚਾਨੇਮੇਂ ਲਗੇ ਹੂਏ ਹੈਂ।’ ਤੋ ਮੈਂ ਭੀ ਅਚੰਭੇ ਮੇਂ ਰਹਿ ਗਿਆ ਕਿ ਮਾਮਲਾ ਤੋ ਕੁਛ ਅਲਗ ਹੀ ਹੈ ਕਿ ਐਸਾ ਭੀ ਕਿਆ ਦੋਸਤ ਹੋ ਗਿਆ ਕਿ ਦੋਸਤ ਡੂਬ ਰਹਾ ਹੈ ਔਰ ਫਿਰ ਭੀ ਉਸ ਕੋ ਪੂਰੀ ਤਰ੍ਹਾ ਸੇ ਬਚਾਨੇ ਮੇਂ ਲਗੇ ਹੂਏ ਹੈਂ। ਇਤਨਾ ਬੜਾ ਪਾਲੇਟਿਸ਼ਨ ਹੈ। ਪਾਲੇਟਿਸ਼ਨ ਕੇ ਲੀਏ ਤੋ ਪ੍ਰਸੈਂਪਸ਼ਨ ਸਭ ਸੇ ਇੰਪਾਰਟੈਂਟ ਹੋਤੀ ਹੈ। ਕੋਈ ਆਸ ਪਾਸ ਵਾਲਾ ਅਗਰ ਕੋਈ ਹੋ, ਤੋ ਆਦਮੀ ਕਹਿ ਦੇਤਾ ਹੈ ਮੇਰੇ ਸੇ ਮਿਲਨਾ ਬੰਦ ਕਰ ਦੀਜੀਏ। ਵੋਹ ਉਸ ਕੋ ਅਭੀ ਭੀ ਬਚਾਨੇਮੇਂ ਲਗੇ ਹੂਏ ਹੈਂ।’ ਔਰ ਉਸਨੇ ਮੁਝ ਕੋ ਬਤਾਯਾ ਕਿ...ਮੈਂ ਨੇ ਕਹਾ ਕਿ ‘ਫਿਰ ਮਾਮਲਾ ਕਿਆ ਹੈ?’ ਤੋ ਕਹਿਤਾ ਹੈ ‘ਜੀ ਅਡਾਨੀ ਤੋ ਕੇਵਲ ਫ਼ਰੰਟ ਹੈ। ਅਡਾਨੀ ਮੇਂ ਸਾਰਾ ਪੈਸਾ ਮੋਦੀ ਕਾ ਲਗਾ ਹੂਆ ਹੈ।’ ਮੈ ਨੇ ਕਹਾ ਕਿ ‘ਯੇਹ ਕੈਸੇ ਹੋ ਸਕਤਾ ਹੈ? ਯੇਹ ਨਹੀਂ ਹੋ ਸਕਤਾ।’ ਕਹਿਤੇ ਕਿ ‘ਅਡਾਨੀ ਕੇ ਅੰਦਰ ਸਾਰਾ ਪੈਸਾ ਮੋਦੀ ਜੀ ਕਾ ਲਗਾ ਹੂਆ ਹੈ। ਅਡਾਨੀ ਕੇਵਲ ਫ਼ਰੰਟ ਹੈ। ਅਡਾਨੀ ਤੋ ਕੇਵਲ ਮੋਦੀ ਜੀ ਕਾ ਪੈਸਾ ਮੈਨੇਜ ਕਰਤਾ ਹੈ। ਮੈਨੇਜਰ ਹੈ। ਉਸ ਕੋ ਦਸ ਪਰਸੈਂਟ, ਪੰਦਰਾ ਪਰਸੈਂਟ, ਬੀਸ ਪਰਸੈਂਟ ਇਤਨੀ ਕਮਿਸ਼ਨ ਮਿਲਤੀ ਹੈ। ਬਾਕੀ ਸਾਰਾ ਕਾ ਸਾਰਾ ਪੈਸਾ ਮੋਦੀ ਜੀ ਕਾ ਲਗਾ ਹੂਆ ਹੈ। ਅਗਰ ਕੱਲ ਕੋ ਜਾਂਚ ਹੋ ਗਈ ਜੇ.ਪੀ.ਸੀ. ਬੈਠ ਗਈ, ਈ.ਡੀ. ਕੀ ਜਾਂਚ ਹੋ ਗਈ, ਸੀ.ਬੀ.ਆਈ. ਕੀ ਜਾਂਚ ਹੋ ਗਈ ਤੋ ਅਡਾਨੀ ਨਹੀਂ ਡੂਬੇਗਾ, ਮੋਦੀ ਜੀ ਡੂਬੇਂਗੇ। ਜਿਸ ਦਿਨ ਅਡਾਨੀ ਡੂਬਾ, ਉਸ ਦਿਨ ਮੋਦੀ ਜੀ ਡੂਬੇਂਗੇ।’ ਮੈਂ ਨੇ ਕਹਾ ‘ਯਾਰ ਉਸ ਕੋ ਪੈਸੇ ਕੀ ਕਿਆ ਜ਼ਰੂਰਤ ਹੈ? ਪ੍ਰਧਾਨ ਮੰਤਰੀ ਮੋਦੀ ਜੀ ਕੇ ਨਾ ਆਗੇ ਕੋਈ, ਨਾ ਪੀਛੇ ਕੋਈ, ਉਨ ਕੋ ਪੈਸੇ ਕੀ ਕਿਆ ਜ਼ਰੂਰਤ ਹੈ?’ ਤੋ ਕਹਿਤਾ ਹੈ ਕਿ ‘ਸਰ ਪੈਸੇ ਕੀ ਹਵਸ ਹੋਤੀ ਹੈ। ਲਤ ਹੋਤੀ ਹੈ।’ ਕਹਿਤਾ ਹੈ ਕਿ ‘ਇਸ ਦੁਨੀਆਂ ਮੇਂ ਇਤਨੇ ਬੜੇ ਬੜੇ ਅਮੀਰ ਆਦਮੀ ਉਨ ਕੋ ਪੈਸੇ ਕੀ ਥੋੜੀ ਜ਼ਰੂਰਤ ਹੈ... ਲਗੇ ਪੜੇ ਹੈਂ ਸਾਰੇ। ਔਰ ਪੈਸਾ, ਔਰ ਪੈਸਾ।’ ਬੋਲਾ ‘ਹਵਸ ਹੋਤੀ ਹੈ।’ ਬੋਲਾ ‘ਜਿਸ ਦਿਨ ਅਡਾਨੀ ਦੁਨੀਆ ਕਾ ਸੈਕਿੰਡ ਰਿੱਚੈੱਸਟ ਮੈਨ ਬਨਾ ਥਾ.. ਅਡਾਨੀ ਦੁਨੀਆ ਕਾ ਸੈਕਿੰਡ ਰਿੱਚੈੱਸਟ ਮੈਨ ਨਹੀਂ ਬਨਾ ਥਾ..ਮੋਦੀ ਜੀ ਦੁਨੀਆ ਕੇ ਸੈਕਿੰਡ ਰਿੱਚੈੱਸਟ ਮੈਨ ਬਨੇ ਥੇ। ਔਰ ਅਭ ਮੋਦੀ ਜਾ ਕਾ ਖ਼ਵਾਬ ਹੈ, ਉਨ ਕਾ ਸਪਨਾ ਹੈ ਵੋਹ ਦੁਨੀਆ ਕੇ ਰਿੱਚੈੱਸਟ ਮੈਨ ਬਨਨਾ ਚਾਹਤੇ ਹੈਂ। ਪ੍ਰਧਾਨ ਮੰਤਰੀ ਤੋ ਬਨ ਗਏ, ਅਭ ਦੁਨੀਆ ਕੇ ਰਿੱਚੈੱਸਟ ਮੈਨ ਬਨਨਾ ਚਾਹਤੇ ਹੈਂ।’

[ਬਾਕੀ ਅਗਲੇ ਅੰਕ ’ਚ]

ਅਰਵਿੰਦ ਕੇਜਰੀਵਾਲ ਹੰਢਿਆ-ਚੰਡਿਆ, ਚੁਸਤ-ਚਲਾਕ, ਘਾਗ਼ ਸਿਆਸਤਦਾਨ ਹੈ। ਉਸ ਨੂੰ ਸਿਆਸਤ ਦੀ ਲਾਈਮ-ਲਾਈਟ ਵਿਚ ਰਹਿਣ ਦੀ ਨਿਰੰਤਰ ਭੁੱਖ ਰਹਿੰਦੀ ਹੈ। ਉਹ ਬੜ੍ਹਕ ਵੀ ਮਾਰਦਾ ਹੈ ਤੇ ਮੋਕ ਵੀ! ਇਸ ਲਾਈਮ ਲਾਈਟ ਵਿਚ ਰਹਿਣ ਖ਼ਾਤਰ ਉਹ ਕਿਸੇ ਵੀ ਪਾਰਟੀ ਜਾਂ ਵਿਅਕਤੀ ਵਿਸ਼ੇਸ਼ ਦੀ ਮਿੱਟੀ ਪੁੱਟਣ ਵੇਲ਼ੇ ਅੱਗਾ-ਪਿੱਛਾ ਨਹੀਂ ਦੇਖਦਾ, ਸਿੱਟੇ ਵਜੋਂ ਉਸ ਨੂੰ ਕਈ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ ਹੈ। ਕੇਜਰੀਵਾਲ ਵਿਰੁੱਧ ਉਸ ਦੇ ਸਿਆਸੀ ਵਿਰੋਧੀਆਂ ਨੇ ਮਾਣਹਾਨੀ ਦੇ ਕਈ ਕੇਸ ਦਾਇਰ ਕੀਤੇ ਹਨ। 2015 ਵਿੱਚ ਦੂਜੀ ਵਾਰ ਚੋਣਾਂ ਤੋਂ ਪਹਿਲਾਂ ਚੋਣ ਡਾਇਰੈਕਟੋਰੇਟ ਨੂੰ ਦਿੱਤੇ ਆਪਣੇ ਹਲ਼ਫ਼ਨਾਮੇ ਵਿੱਚ ਕੇਜਰੀਵਾਲ ਨੇ ਇਕਬਾਲ ਕੀਤਾ ਸੀ ਕਿ ਉਸ ’ਤੇ 10 ਅਪਰਾਧਿਕ ਦੋਸ਼ ਹਨ ਅਤੇ ਉਸ ਦੇ ਖਿਲਾਫ ਕੁੱਲ 47 ਦੋਸ਼ ਹਨ।



## BRIDE WANTED
## ਲੜਕੀ ਦੀ ਲੋੜ

## GROOM WANTED
## ਵਰ ਦੀ ਲੋੜ



### Looking for Bride

**Canadian PR age 40 groom looking for bride. Awaiting divorce.** Bride can have any status including PR, non-PR or citizen. Please contact 780-964-7308

June.

### Bride Wanted

**Jatt Sikh family seeks a suitable match for Canadian raised son 31 yrs. old, 6'3"tall, handsome, Professional Engineer.** Working as Project Manager in Multinational Corporation, earning above 6 figures, owns a house. Girl should be Canadian born, tall and professionally educated. Calgary & BC preferred Call-778-552-7616

MAY.

### ਲੜਕੀ ਦੀ ਲੋੜ

ਜੱਟ ਸਿੱਖ, ਗਰੇਵਾਲ, ਉਮਰ 31 ਸਾਲ, ਕੱਦ 5 ਫੁੱਟ 11 ਇੰਚ, ਸੋਹਣਾ ਸੁਨੱਖਾ, ਆਈ.ਟੀ.ਆਈ ਡਿਪਲੋਮਾ, ਵਰਕ ਪਰਮਿਟ 'ਤੇ, ਇੰਗਲੈਂਡ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਚਾਹਵਾਨ ਸੰਪਰਕ ਕਰੋ-204-688-2571

MAY.

### Bride Wanted

**Jatt Sikh boy, age 34 yrs, USA citizen, Recently divorced, 1 child from former marriage (4 years old), Working as engineer in the States.** Looking for girl lives in USA, Canada Please contact 204-880-9907, 204-880-5242

May.

### Bride Wanted

**Goldsmith sikh family looking for suitable match for Canadian citizen boy, 1987 born in punjab India . Height 5,10 , education ITI in electrician.** Settled in Winnipeg. Shortly divorced. Looking for beautiful and educated girl in Canada. Caste no bar. Call or Text 204-730-4099, 204-990-6466, India +9198724-55578

APRIL

### ਲੜਕੀ ਦੀ ਲੋੜ

ਸਿੱਖ ਰਾਜਪੂਤ, ਕੱਦ 5 ਫੁਟ 10 ਇੰਚ, ਕੈਨੇਡੀਅਨ ਪੀ ਆਰ,, ਆਪਣਾ ਬਿਜਨੈਸ, 40 ਸਾਲਾ ਲੜਕੇ ਵਾਸਤੇ ਕੈਨੇਡੀਅਨ ਵਰਕ ਪਰਮਿਟ, ਵਿਜੀਟਰ, ਪੀ ਆਰ, ਨਾਨ-ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਤਲਾਕ ਦੇ ਕੇਸ ਦਾ ਫੈਸਲਾ ਹੋਣ ਵਾਲਾ ਹੈ। ਚਾਹਵਾਨ ਸੰਪਰਕ ਕਰੋ-780-964-7308

JUNE.

### Bride Wanted

**Khatri Sikh boy, age 38 yrs, height 5, 6" Canadian citizen, looking for a match, Cast no bar, work permit will be considered, Vancouver and Surrey area preferred.** please send biodata on WhatsApp and call 778-536-3000 or amans3786@hotmail.com marriage bureau excuse.

May.

### Bride Wanted

**Brar, Punjabi family looking matching for their handsome boy, born Feb 1997, height 5'11" Living in BC** , study will finish in this July. Good nature family parents and grandma only. Father sarpanch , back Abohar city. Local girl priority. Bureau excuse. interested Call or text at 778-899-3120

May.

### Bride Wanted

**Arora sikh family looking for a Suitable match for Canadian citizen Boy, 1993 born in Punjab, India, Height: 5'10',** Education: Bachelor of Business Administration,Working as Account Manager in RBC Bank. Living in Winnipeg since 2004. Looking for a beautiful and educated girl in Canada/USA Only. Call/Text +1(204) 979-1020

APRIL.

### ਲੜਕੇ ਦੀ ਲੋੜ

**ਜੱਟ ਸਿੱਖ, ਕੈਨੇਡਾ ਵਿਜਟਰ ਵੀਜੇ ਤੇ ਆਈ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਡਬਲ ਐਮ ਏ ਪਾਸ,** ਇੰਡੀਆ ਬੈਂਕ ਵਿਚ ਸਰਵਿਸ ਕਰਦੀ ਵਾਸਤੇ ਕੈਨੇਡੀਅਨ ਸਿਟੀਜ਼ਨ, ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਦੀ ਵਸਨੀਕ ਹੈ। ਚਾਹਵਾਨ ਸੰਪਰਕ ਕਰੋ। ਵੈਟਸਐਪ 431-777-4066 ਜਾਂ 99140-01500

MAY.

### Groom Wanted

**Jatt Sikh family seeking alliance for 41 year old, 5'3, daughter holding a government job with good salary in Edmonton, Alberta.** Girl is never married and will consider boy on work permit or visitor visa. Please send pictures and biodata to 780-982-0336

MAY.

### NAME CHANGE

We Rajinder pal singh and Pritpal Kaur parents of Milanjeet ,permanent address H 702 St 7 Darshan singh nagar Alipur road patiala Punjab India , DOB 08 sep 1987 ,passport number K4944664.Present address 58 Lakewood village NW T6K2B3 Edmonton Alberta ,have changed our daughter name from Milanjeet to Milanjeet Kaur Mahal . Concerned contact 587-985-6888

JUNE

### ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 34 ਸਾਲ, M.A Economics, BED,ਬੇਕਸੂਰ ਤਲਾਕਸ਼ੁਦਾ, ਕੈਨੇਡੀਅਨ ਸਿਟੀਜ਼ਨ , 8 ਏਕੜ ਜ਼ਮੀਨ ਲਈ, ਕੈਨੇਡਾ ਰਹਿੰਦੇ 30 ਤੋਂ 35 ਸਾਲ, 10 ਏਕੜ ਤੋਂ ਉਪਰ ਵਾਲੇ ਜੱਟ ਸਿੱਖ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ Whatsapp ਫੋਨ ਕਰੋ 431-279-6600.

APRIL.

### ਲੜਕੇ ਦੀ ਲੋੜ

**ਜੱਟ ਸਿੱਖ, ਉਮਰ 31 ਸਾਲ, ਕੱਦ 5 ਫੁੱਟ 2 ਇੰਚ, ਕੈਨੇਡੀਅਨ ਪੀ.ਆਰ, ਤਲਾਕਸ਼ੁਦਾ ਲੜਕੀ ਲਈ, ਕੈਨੇਡੀਅਨ ਸਿਟੀਜ਼ਨ, ਪੀ.ਆਰ, ਵੈਲ ਸੈਟਲਡ, ਨਸ਼ਾ ਰਹਿਤ ਲੜਕੇ ਦੀ ਲੋੜ ਹੈ। ਤਲਾਕਸ਼ੁਦਾ ਵੀ ਮਨਜ਼ੂਰ। ਮਾਲਵਾ ਤੇ ਐਡਮਿੰਟਨ ਨੂੰ ਪਹਿਲ ਹੋਰ ਜਾਣਕਾਰੀ ਲਈ ਸੰਪਰਕ ਕਰੋ** 780-278-0410

MAY.

### Groom Wanted

**Jatt Sikh Gill family seeks a suitable match for their daughter, Canadian born 34 yrs old 5`-6`` tall, degree in Law, working with law firm, beautiful, family oriented.** The boy should be born or raised in Canada, professionally educated and employed, well settled and from jatt Sikh family. Call 604-834-7232 or 604-615-8088

APRIL.

### Groom Wanted

**Saini Sikh, Canadian Cityzen Girl, Age 32 Yrs, Height 5 Feet 4 inch,** study in justice public safety diploma, good job, need suitable match. Prefer Winnipeg, Calgary, Edmonton and Surrey only.

Interested Interested Contact at phone number 204-979-7723

APRIL.

## NEED WORKER
## ਵਰਕਰਾਂ ਦੀ ਲੋੜ

**ਐਡਮਿੰਟਨ ਦੀ ਉਘੀ ਕਲੀਨ ਅੱਪ ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਸਟੂਡੈਂਟ ਵੀ ਕੰਮ ਕਰ ਸਕਦੇ ਹਨ। ਰਾਈਡ ਦਾ ਪੂਰਾ ਪ੍ਰਬੰਧ ਹੈ। ਸੰਪਰਕ ਕਰੋ-** 780-907-9421.

## NEED WORKER/ਕਲੀਨ ਅੱਪ ਵਰਕਰਾਂ ਦੀ ਲੋੜ

**ਵਿੰਨੀਪੈਗ ਦੀ ਕੰਪਨੀ ਐਚ ਐਮ ਟੀ ਬਿਲਡਿੰਗ ਸਰਵਿਸ ਲਿਮਟਡ ਨੂੰ ਕਲੀਨ ਅੱਪ ਵਰਕਰਾਂ ਦੀ ਲੋੜ ਹੈ। ਚਾਹਵਾਨ ਹੇਠ ਲਿਖੇ ਨੰਬਰ ਤੇ ਸੰਪਰਕ ਕਰ ਸਕਦੇ ਹਨ। ਫੋਨ-**431-588-1216

# ਅੰਕੜਿਆਂ ਦੇ ਆਧਾਰ 'ਤੇ ਹੋਣੇ ਚਾਹੀਦੇ ਹਨ ਭਾਸ਼ਾ ਸਬੰਧੀ ਫ਼ੈਸਲੇ



ਪ੍ਰੋ. ਕੁਲਬੀਰ ਸਿੰਘ
9417153513

ਵਿਕਸਤ ਮੁਲਕਾਂ ਵਿਚ ਭਾਸ਼ਾ ਸਬੰਧੀ ਕੋਈ ਵੀ ਫ਼ੈਸਲੇ ਤੱਥਾਂ ਅੰਕੜਿਆਂ 'ਤੇ ਆਧਾਰਿਤ ਹੁੰਦੇ ਹਨ। ਕਿਹੜੀ ਲਾਇਬਰੇਰੀ ਵਿਚ ਕਿਹੜੀ ਭਾਸ਼ਾ ਦੀਆਂ ਕਿੰਨੀਆਂ ਕਿਤਾਬਾਂ ਉਪਲਬਧ ਹੋਣਗੀਆਂ ਇਹ ਮੰਗ 'ਤੇ ਨਿਰਭਰ ਕਰਦਾ ਹੈ। ਕੈਨੇਡਾ ਦੀਆਂ ਲਾਇਬਰੇਰੀਆਂ ਵਿਚ ਪੰਜਾਬੀ ਦੀਆਂ ਕਿਤਾਬਾਂ ਇਸ ਲਈ ਰੱਖੀਆਂ ਜਾਂਦੀਆਂ ਹਨ ਕਿਉਂ ਕਿ ਪੰਜਾਬੀ ਪੜ੍ਹਨ ਵਾਲੇ ਪਾਠਕ ਉਨ੍ਹਾਂ ਦੀ ਮੰਗ ਕਰਦੇ ਹਨ। ਜਿਸ ਇਲਾਕੇ ਵਿਚ, ਜਿਸ ਸ਼ਹਿਰ ਵਿਚ ਪੰਜਾਬੀਆਂ ਦੀ ਜਿੰਨੀ ਵਸੋਂ ਹੋਵੇਗੀ ਉਸ ਅਨੁਪਾਤ ਅਨੁਸਾਰ ਪੁਸਤਕਾਂ ਮੰਗਵਾਈਆਂ ਜਾਣਗੀਆਂ। ਬੋਰਡ ਪੰਜਾਬੀ ਵਿਚ ਲਿਖੇ ਜਾਣਗੇ। ਬੱਚਿਆਂ ਲਈ ਪੰਜਾਬੀ ਪੜ੍ਹਨ ਦਾ ਪ੍ਰਬੰਧ ਕੀਤਾ ਜਾਵੇਗਾ। ਕਿਸੇ ਨੂੰ ਕਹਿਣ ਦੀ ਲੋੜ ਨਹੀਂ, ਕਿਸੇ ਨੂੰ ਸਮਝਾਉਣ ਦੀ ਜ਼ਰੂਰਤ ਨਹੀਂ। ਕੈਨੇਡਾ ਵਿਚ ਅਕਸਰ ਦੁਨੀਆ ਭਰ ਦੀਆਂ ਭਾਸ਼ਾਵਾਂ ਦਾ ਇਸ ਪੱਖੋਂ ਦਰਜਾ ਉਪਰ ਹੇਠਾਂ ਹੁੰਦਾ ਰਹਿੰਦਾ ਹੈ। ਦਰਜਾ ਉਪਰ ਹੋਣ ਨਾਲ ਸਬੰਧਤ ਵਰਗ ਨੂੰ ਖੁਸ਼ੀ ਹੁੰਦੀ ਹੈ। ਦਰਜਾ ਘੱਟਣ ਨਾਲ ਮਾਯੂਸੀ। ਪਰੰਤੂ ਰੋਸ ਕੋਈ ਨਹੀਂ ਹੁੰਦਾ ਕਿਉਂ ਕਿ ਸੱਭ ਅਦਲ ਬਦਲ ਅੰਕੜਿਆਂ ਦੇ ਆਧਾਰ 'ਤੇ ਹੋ ਰਿਹਾ ਹੁੰਦਾ ਹੈ। ਇਹੀ ਸਥਿਤੀ ਸਰਕਾਰੀ ਰੇਡੀਓ ਟੈਲੀਵਿਜ਼ਨ ਤੋਂ ਵੱਖ ਵੱਖ ਭਾਸ਼ਾਵਾਂ ਦੇ ਪ੍ਰੋਗਰਾਮਾਂ ਅਤੇ ਖ਼ਬਰ ਬੁਲਿਟਨਾਂ ਦੇ ਪ੍ਰਸਾਰਨ ਦੀ ਹੁੰਦੀ ਹੈ। ਕਮਿਊਨਿਟੀ ਰੇਡੀਓ ਤੋਂ ਵੱਖ ਵੱਖ ਭਾਸ਼ਾਵਾਂ ਦੇ ਸਰੋਤਿਆਂ ਦੀ ਗਿਣਤੀ ਦੇ ਹਿਸਾਬ ਨਾਲ ਪ੍ਰੋਗਰਾਮਾਂ ਲਈ ਸਮਾਂ ਨਿਸ਼ਚਤ ਕੀਤਾ ਜਾਂਦਾ ਹੈ।

ਪੰਜਾਬ ਦੀ ਵਸੋਂ ਦਾ ਅਤੇ ਭਾਸ਼ਾਈ ਨਕਸ਼ਾ ਦਿਨੋ ਦਿਨ ਬਦਲ ਰਿਹਾ ਹੈ। ਇਸ ਪਿੱਛੇ ਪਰਵਾਸ ਅਤੇ ਪ੍ਰਸਥਾਨ ਦਾ ਰੁਝਾਨ ਕਾਰਜਸ਼ੀਲ ਹੈ। ਇਥੇ ਬੜਾ ਕੁਝ ਬਦਲ ਰਿਹਾ ਹੈ, ਬੜਾ ਕੁਝ ਬਦਲੇਗਾ। ਜਿਸ ਵਿਚ ਪੰਜਾਬ ਤੋਂ ਪਰਵਾਸ ਅਤੇ ਪੰਜਾਬ ਵੱਲ ਪਰਵਾਸ ਦੀ ਪ੍ਰਮੁੱਖ ਭੂਮਿਕਾ ਰਹੇਗੀ। ਕਿਤੇ ਪੰਜਾਬੀ ਖ਼ਬਰਾਂ ਬੰਦ ਹੋ ਰਹੀਆਂ ਹਨ, ਕਿਤੇ ਪੰਜਾਬੀ ਵਿਸ਼ਾ ਬੰਦ ਹੋ ਰਿਹਾ ਹੈ। ਪੰਜਾਬੀ ਲੋਕ ਆਪਣੀ ਭਾਸ਼ਾ, ਆਪਣੀ ਬੋਲੀ ਪ੍ਰਤੀ ਹਮੇਸ਼ਾ ਅਵੇਸਲੇ ਰਹੇ ਹਨ। ਇਨ੍ਹਾਂ ਦੀ ਬਿਰਤੀ ਬਦਲਾਅ ਵਾਲੀ, ਤਬਦੀਲੀ ਵਾਲੀ, ਪਰਵਾਸ ਵਾਲੀ, ਪ੍ਰਸਥਾਨ ਵਾਲੀ ਰਹੀ ਹੈ। ਇਹ ਤੇਜ਼ੀ ਨਾਲ ਆਪਣਾ ਥਾਂ-ਟਿਕਾਣਾ, ਆਪਣਾ ਰਹਿਣ-ਸਹਿਣ ਬਦਲਣ ਦੇ ਆਦੀ ਰਹੇ ਹਨ। ਸਕੂਲਾਂ, ਕਾਲਜਾਂ, ਪਿੰਡਾਂ ਵਿਚ ਜਾ ਕੇ ਸਥਿਤੀ ਦਾ ਜਾਇਜ਼ਾ ਲਓ, ਸਰਵੇ ਕਰੋ, ਅੰਕੜੇ ਇਕੱਤਰ ਕਰੋ, ਤੁਹਾਨੂੰ ਤਸਵੀਰ ਸਪਸ਼ਟ ਹੋ ਜਾਵਗੀ। ਦਿੱਲੀ, ਚੰਡੀਗੜ੍ਹ ਤੋਂ ਪੰਜਾਬੀ ਖ਼ਬਰਾਂ ਬੰਦ ਕਰਨ ਦੀ ਕਾਫ਼ੀ ਚਰਚਾ ਹੋ ਰਹੀ ਹੈ। ਮਹਿਕਮੇ ਦਾ ਕਹਿਣਾ ਹੈ ਕਿ ਇਹ ਰੁਟੀਨ ਦਾ ਅਦਲ ਬਦਲ ਹੈ। ਕੁਝ ਸਟਾਫ਼ ਨੂੰ ਚੰਡੀਗੜ੍ਹ ਤੋਂ ਜਲੰਧਰ ਤਬਦੀਲ ਕੀਤਾ ਜਾ ਰਿਹਾ ਹੈ। ਕੁਝ ਤਬਦੀਲੀਆਂ ਹਰਿਆਣੇ ਵਿਚ ਕੀਤੀਆਂ ਜਾ ਰਹੀਆਂ ਹਨ।



ਇਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚੋਂ ਪੰਜਾਬੀ ਵਿਸ਼ੇ ਨਾਲ ਸਬੰਧਤ ਖ਼ਬਰਾਂ ਆ ਰਹੀਆਂ ਹਨ। ਅਜਿਹੇ ਫ਼ੈਸਲੇ ਅੰਕੜਿਆਂ ਦੇ ਆਧਾਰ 'ਤੇ ਕਰ ਲਏ ਜਾਣ ਤਾਂ ਨਾ ਕਿਸੇ ਨੂੰ ਇਤਰਾਜ਼ ਹੋਵੇਗਾ, ਨਾ ਪ੍ਰੇਸ਼ਾਨੀ। ਚੰਡੀਗੜ੍ਹ ਅਤੇ ਦਿੱਲੀ ਵਿਚ ਅਤੇ ਨਾਲ ਲੱਗਦੇ ਇਲਾਕਿਆਂ ਵਿਚ ਪੰਜਾਬੀ ਖ਼ਬਰਾਂ ਸੁਣਨ ਵਾਲੇ ਸਰੋਤਿਆਂ ਦੀ ਗਿਣਤੀ ਕਿੰਨੀ ਹੈ, ਉਸ ਆਧਾਰ 'ਤੇ ਅੰਤਮ ਫ਼ੈਸਲਾ ਕਰ ਲਿਆ ਜਾਵੇ। ਇਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਇਸ ਨਾਲ ਸਬੰਧਤ ਕਾਲਜਾਂ ਵਿਚ ਪੰਜਾਬੀ ਵਿਸ਼ਾ ਪੜ੍ਹਨ ਦੇ ਚਾਹਵਾਨ ਵਿਦਿਆਰਥੀਆਂ ਦੀ ਗਿਣਤੀ ਦੇ ਮੱਦੇ-ਨਜ਼ਰ ਫ਼ੈਸਲਾ ਲੈਣ ਦੀ ਲੋੜ ਹੈ। ਇਤਰਾਜ਼ ਉਦੋਂ ਹੁੰਦਾ ਹੈ ਜਦੋਂ ਅਜਿਹੇ ਫ਼ੈਸਲੇ ਜਾਣਬੁਝ ਕੇ ਲਏ ਜਾਂਦੇ ਹਨ। ਅੰਕੜੇ ਬੋਲਣ ਚਾਹੀਦੇ ਹਨ। ਅਜਿਹੇ ਫ਼ੈਸਲੇ ਪਾਰਦਰਸ਼ੀ ਢੰਗ ਨਾਲ ਲਏ ਜਾਣ ਤਾਂ ਕਿਸੇ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ।

ਮੈਨੂੰ ਯਾਦ ਹੈ ਇਕ ਵਾਰ ਇਕ ਕਾਲਜ ਵਿਚ ਹਿਸਾਬ ਵਿਸ਼ੇ ਦੇ ਵਿਦਿਆਰਥੀ ਨਾ ਰਹੇ। ਜਦ ਵਿਦਿਆਰਥੀ ਨਾ ਰਹੇ ਤਾਂ ਉਸ ਵਿਸ਼ੇ ਦੇ ਪ੍ਰੋਫੈਸਰ ਦੀ ਲੋੜ ਵੀ ਨਾ ਰਹੀ। ਉਸਨੂੰ ਤੁਰੰਤ ਦੂਸਰੇ ਸ਼ਹਿਰ ਦੇ ਕਾਲਜ ਵਿਖੇ ਭੇਜ ਦਿੱਤਾ ਗਿਆ ਜਿੱਥੇ ਹਿਸਾਬ ਵਿਸ਼ੇ ਦੇ ਕਾਫ਼ੀ ਵਿਦਿਆਰਥੀ ਸਨ।

ਮੇਰੀ ਜਾਣਕਾਰੀ ਅਨੁਸਾਰ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ ਨਾਲ ਸਬੰਧਤ ਕਾਲਜਾਂ ਵਿਚ ਪੰਜਾਬੀ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਵੱਡੀ ਗਿਣਤੀ ਹੈ। ਸ਼ਾਇਦ ਇਸੇ ਲਈ ਯੂਨੀਵਰਸਿਟੀ ਨੂੰ ਆਪਣਾ ਫ਼ੈਸਲਾ ਤੁਰੰਤ ਬਦਲਣਾ ਪਿਆ ਹੈ। ਇਸੇ ਤਰ੍ਹਾਂ ਅਜੇ ਦਿੱਲੀ ਅਤੇ ਚੰਡੀਗੜ੍ਹ ਵਿਚ ਪੰਜਾਬੀ ਬੋਲਣ, ਸੁਣਨ ਵਾਲੇ ਲੋਕ ਵੱਡੀ ਗਿਣਤੀ ਵਿਚ ਹਨ। ਲੋੜ ਹੋਵੇ ਤਾਂ ਸਬੰਧਤ ਮਹਿਕਮੇ ਸਰਵੇ ਕਰਵਾ ਸਕਦੇ ਹਨ ਅਤੇ ਉਸ ਅਨੁਸਾਰ ਬੁਲਿਟਨ ਜਾਰੀ ਰੱਖਣ ਜਾਂ ਬੰਦ ਕਰਨ ਦਾ ਫ਼ੈਸਲਾ ਲੈ ਸਕਦੇ ਹਨ।

ਚੰਡੀਗੜ੍ਹ ਵਿਖੇ 55 ਸਾਲ ਤੋਂ ਅਤੇ ਦਿੱਲੀ ਵਿਖੇ 70 ਸਾਲ ਤੋਂ ਪੰਜਾਬੀ ਯੂਨਿਟ ਕਾਰਜਸ਼ੀਲ ਸਨ। ਹੁਣ ਇਨ੍ਹਾਂ ਨੂੰ ਜਲੰਧਰ ਸ਼ਿਫਟ ਕਰ ਦਿੱਤਾ ਗਿਆ ਹੈ। ਪ੍ਰਸਾਰ ਭਾਰਤੀ ਵੱਲੋਂ ਸਪਸ਼ਟੀਕਰਨ ਆਇਆ ਹੈ ਕਿ ਬਾਵਜੂਦ ਇਸਦੇ ਸਾਰੇ ਪੰਜਾਬੀ ਖ਼ਬਰ ਬੁਲਿਟਨ, ਤਿੰਨ ਕੌਮੀ ਬੁਲਿਟਨ ਦਿੱਲੀ ਤੋਂ ਅਤੇ ਦੋ ਖ਼ੇਤਰੀ ਬੁਲਿਟਨ ਚੰਡੀਗੜ੍ਹ ਤੋਂ ਪਹਿਲਾਂ ਵਾਂਗ ਜਾਰੀ ਰਹਿਣਗੇ।

ਭਾਰਤ ਵਿਚ ਆਕਾਸ਼ਵਾਣੀ ਦੀ ਕਾਰਗੁਜਾਰੀ ਦਾ ਮਾਣਮੱਤਾ ਇਤਿਹਾਸ ਹੈ। ਬੀਤੇ 50 ਸਾਲਾਂ ਦੌਰਾਨ ਅਨੇਕਾਂ ਉਤਰਾਅ ਚੜ੍ਹਾਅ ਆਉਣ ਦੇ ਬਾਵਜੂਦ ਇਸਨੇ ਆਪਣੀ ਪ੍ਰਸੰਗਕਤਾ ਅਤੇ ਮਹੱਤਵ ਨੂੰ ਬਰਕਰਾਰ ਰੱਖਿਆ ਹੈ।



# ਮਨੁੱਖਤਾ ਦੀ ਹੋਂਦ ਲਈ ਧਰਤੀ ਜਲ ਅਤੇ ਵਾਤਾਵਰਣ ਦਾ ਸੁਰਖਿਅਤ ਰਹਿਣਾ ਜ਼ਰੂਰੀ



ਗੁਰਵਿੰਦਰ ਸਿੰਘ
ਮੋਬਾ:+95922-01600

ਧਰਤੀ ਉਤੇ ਮਨੁੱਖਤਾ ਜੀਵ ਜੰਤੂ ਅਤੇ ਬਨਸਪਤੀ ਦੀ ਹੋਂਦ ਕਾਇਮ ਰਖਣ ਲਈ ਧਰਤੀ, ਜਲ ਅਤੇ ਵਾਤਾਵਰਣ ਦਾ ਸੁਰਖਿਅਤ ਰਹਿਣਾ ਜਰੂਰੀ ਹੈ। ਆਉ ਪਹਿਲਾ ਜਲ ਬਾਰੇ ਜਾਣੀਏ। ਅਸੀਮ ਸੰਸਾਰ ਦੀ ਸਿਰਜਣਾ ਕਰਨ ਵਾਲੇ ਸ਼ੁਰੂਆਤੀ ਪੰਜ ਤੱਤਾਂ ਤੋਂ 'ਜਲ' ਨਾਯਾਬ ਤੱਤ ਸੀ। ਜਨ ਜਾਤੀ ਸਭਿਆਚਾਰ ਦੀ ਸ਼ਬਦ ਕੋਸ਼ ਚੋਂ ਜਲ ਸੰਸਕ੍ਰਿਤ ਭਾਸ਼ਾ ਦਾ ਸਮਰੱਥ ਸ਼ਬਦ ਹੈ। ਵਿਸ਼ਵ ਦੇ ਪ੍ਰਾਚੀਨਤ ਗ੍ਰੰਥ ਰਿਗਵੇਦ ਤੋਂ ਸ਼ੁਰੂ ਹੋ ਕੇ ਹੱਥਲੇ ਨੀਰਜ ਤੱਕ ਦੇ ਪੰਨੇ ਪਾਣੀ ਦੀ ਉਸਤਤ ਤੇ ਗੁਣਵੱਤਾ ਦਾ ਗੁਣਗਾਨ ਕਰਦੇ ਨਹੀਂ ਥਕਦੇ। ਹੇ ਦੇਵ! ਆਪਣੀ ਉਨੱਤੀ ਲਈ ਜਲ ਦੇ ਅੰਦਰਲੇ, ਅੰਮ੍ਰਿਤ ਤੇ ਔਸ਼ਧੀ ਨੂੰ ਜਾਣ ਕੇ ਜਲ ਦੀ ਸੁਯੋਗ ਵਰਤੋਂ ਕਰਕੇ, ਤੁਮ ਗਿਆਨੀ ਬਣੋ ਰਿਗਵੇਦ 1/23/29।

ਜਲ ਹੀ ਜੀਵਨ ਹੈ। ਜਲ ਦੇ ਪ੍ਰਤਖ ਤਿੰਨ ਸਰੂਪ ਹਨ। ਤਰਲ, ਠੋਸ ਅਤੇ ਗੈਸ। ਮਾਹਿਰਾਂ ਅਨੁਸਾਰ ਅਗਲਾ ਵਿਸ਼ਵ ਯੁੱਧ ਪਾਣੀ ਲਈ ਹੋ ਸਕਦਾ ਹੈ। ਇਸੇ ਕਰਕੇ ਸੰਯੁਕਤ ਰਾਸ਼ਟਰ ਸੰਘ (ਯੂਐਨਓ) ਕੋਲ 200 ਤੋਂ ਵੱਧ ਵੱਖ ਵੱਖ ਦੇਸ਼ਾ ਦੇ ਪਾਣੀ ਦੇ ਹਲ ਕਰਨ ਯੋਗ ਕੇਸ ਪਏ ਹਨ। ਚੀਨ ਦੀ ਵੀ ਅੱਖ ਹਿਮਾਲਿਆ ਪਰਵਤ ਦੇ ਜੰਮੇ ਠੋਸ ਪਾਣੀਆਂ ਵੱਲ ਅਤੇ ਹਿਮਾਲਿਆ ਤੋਂ ਨਿਕਲਦੇ ਪਾਣੀਆਂ ਵੱਲ ਹੀ ਹੈ। ਵਿਸ਼ਵ ਦੀ ਅਧੀ ਵਸੋਂ ਯਾਨੀ 300 ਕਰੋੜ ਤੋਂ ਵੱਧ ਲੋਕ ਚੌਲ ਖਾਂਦੀ ਹੈ ਅਤੇ ਚੋਲਾਂ ਦੇ ਇਕ ਕਿਲੋ ਪੁੰਗਰਨ ਤੋਂ ਲੈ ਕੇ ਪੱਕਣ ਤੱਕ ਲਗਭਗ 3,000 ਲੀਟਰ ਪਾਣੀ ਦੀ ਲੋੜ ਪੈਂਦੀ ਹੈ। ਸਾਡੇ ਸ਼ਰੀਰ ਵਿੱਚ 70 ਫੀਸਦੀ ਪਾਣੀ ਹੈ। ਸਾਫ ਜਲ ਸਾਡੇ ਸ਼ਰੀਰ ਨੂੰ ਤੰਦਰੂਸਤ ਰਖਦਾ ਹੈ। ਦੂਸ਼ਿਤ ਪਾਣੀ ਪੀਣ ਨਾਲ ਸਾਡੇ ਸ਼ਰੀਰ ਨੂੰ ਦਸਤ ਡਾਇਰੀਆ, ਪੀਲਿਆ ਆਦਿ ਭਿਆਨਕ ਬੀਮਾਰੀਆਂ ਲਗਦੀਆਂ ਹਨ। ਇਕ ਅੰਦਾਜੇ ਮੁਤਾਬਿਕ ਭਾਰਤ ਵਿੱਚ ਲਗਭਗ 230 ਕਿਉਬਿਕ ਕਿਲੋਮੀਟਰ ਪਾਣੀ ਹਰ ਸਾਲ ਵਰਤਿਆਂ ਜਾਂਦਾ ਹੈ। ਜੋ ਕਿ ਪੂਰੇ ਸੰਸਾਰ ਦਾ ਇਕ ਚੋਥਾਈ ਭਾਗ ਹੈ। ਇਸ ਅਨੁਮਾਨ ਅਨੁਸਾਰ ਭਾਰਤ ਵਿੱਚ ਤਕਰੀਬਨ ਹਰ ਵਿਅਕਤੀ ਨੂੰ ਰੋਜਾਨਾਂ 150 ਲੀਟਰ ਪਾਣੀ ਦੀ ਲੋੜ ਹੈ। ਜਲ ਦੀ ਸਾਂਭ ਸੰਭਾਲ ਲਈ ਸੈਮੀਨਾਰ ਅਤੇ ਕਾਨਫਰੈਂਸਾਂ ਰਾਹੀਂ ਜਲ ਦੀ ਦੁਰਵਰਤੋਂ ਰੋਕਣ ਅਤੇ ਜਲ ਦੀ ਸੰਭਾਲ ਲਈ ਲੋਕਾਂ ਨੂੰ ਜਾਗਰੂਕ ਕਰਨ ਦੀ ਬੇਅੰਤ ਲੋੜ ਹੈ।

## ਆਉ ਹੁਣ ਧਰਤੀ ਬਾਰੇ ਜਾਣੀਏ

ਧਰਤੀ ਦੇ ਆਕਾਰ ਭਾਵ ਪਹਾੜ, ਬਨਸਪਤੀ ਨੂੰ ਤੋੜ ਕੱਟ ਕੇ ਮਨੁੱਖ ਨੇ ਆਪਣੀ ਲਾਲਸਾ ਖਾਤਰ ਜਿੱਥੇ ਧਰਤੀ ਦਾ ਨੁਕਸਾਨ ਕੀਤਾ ਨਾਲ ਹੀ ਜੀਵ ਜੰਤੂਆਂ ਨੂੰ ਬੇਖਰ ਕੀਤਾ। ਪਿਛਲੇ 60 ਸਾਲਾਂ ਵਿੱਚ ਧਰਤੀ ਨਾਲ ਇੰਨੀ ਛੇੜਛਾੜ ਹੋਈ ਭਾਵ ਪ੍ਰਦੁਸ਼ਣ, ਕੁਦਰਤ ਨਾਲ ਛੇੜਛਾੜ, ਜੰਗਲਾਂ ਦੀ ਕਟਾਈ, ਖੇਤੀ ਯੋਗ ਭੂਮੀ ਤੇ ਇਮਾਰਤਾਂ ਦੀ ਉਸਾਰੀ ਅਤੇ ਇਹੀ ਪਰਿਵਰਤਨ ਪਿਛਲੇ 1500 ਸਾਲਾ ਵਿੱਚ ਨਹੀਂ ਸੀ ਹੋਇਆ। ਇਹ ਵਿਕਾਸ ਨਹੀਂ ਸਗੋਂ ਵਿਕਾਸ ਵਿੱਚ ਹੀ ਵਿਨਾਸ਼ ਹੈ। ਵੱਧ ਰਹੇ ਪ੍ਰਦੂਸ਼ਣ ਕਾਰਨ ਧਰਤੀ ਤੇ ਤਪਸ਼ ਵੱਧਦੀ ਜਾ ਰਹੀ ਹੈ। ਜਿਸਦੀ ਸਿੱਟੇ ਵਜੋਂ ਧਰਤੀ ਦੇ ਤਾਪਮਾਨ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਜਿਸਦੇ ਨਤੀਜੇ ਵਜੋਂ ਗਰਮੀਆਂ ਦੀ ਰੁਤ ਵਿੱਚ ਲਗਾਤਾਰ ਵਾਧਾ, ਤਾਪਮਾਨ ਵਿੱਚ ਵਾਧਾ, ਬੇਮੌਸਮੀ ਬਰਸਾਤ, ਗਲੇਸ਼ੀਅਰ ਤੇ ਇਕੱਠੀ ਹੋਈ ਬਰਫ ਪਿਘਲ ਰਹੀ ਹੈ।



ਬਾਕੀ ਰਹਿੰਦੀ ਖੂੰਦੀ ਕਸਰ ਰਸਾਇਣਕ ਖਾਦਾਂ, ਕੀੜੇ ਮਾਰ ਦਵਾਈਆਂ ਵਿੱਚ ਅਜਿਹੇ ਤੱਤ ਮੌਜੂਦ ਹਨ। ਜੋ ਜਮੀਨ (ਧਰਤੀ) ਨੂੰ ਰੋਗ ਲਗਾ ਰਹੇ ਹਨ ਅਤੇ ਫਸਲਾਂ ਰਾਹੀਂ ਮਨੁੱਖੀ ਸਿਹਤ ਲਈ ਘਾਤਕ ਜਹਿਰ ਮਨੁੱਖੀ ਸ਼ਰੀਰ ਵਿੱਚ ਦਾਖਲ ਹੋ ਰਿਹਾ ਹੈ। ਖੇਤੀ ਵਿਗਿਆਨਿਆਂ ਦੇ ਵਾਰ ਵਾਰ ਸੁਚੇਤ ਕਰਨ ਤੇ ਵੀ ਪਸ਼ੂਆਂ ਦੇ ਚਾਰੇ ਵਿੱਚ ਵਾਧੇ ਲਏ ਪਾਏ ਜਾਣ ਵਾਲੀ ਨਾਈਟ੍ਰੋਜਨ ਪਸ਼ੂਆਂ ਵਿੱਚ ਭਿਆਨਕ ਰੋਗ ਪੈਦਾ ਕਰ ਰਹੀ ਹੈ ਅਤੇ ਮਨੁੱਖਾ ਨੂੰ ਵੀ ਦੁੱਧ ਰਾਹੀਂ ਵੀ ਕਈ ਭਿਆਨਕ ਬੀਮਾਰੀਆਂ ਲੱਗ ਰਹੀ ਹੈ। ਕਿਸਾਨ ਝੋਨੇ ਤੇ ਕਣਕ ਦੀ ਨਾੜ ਨੂੰ ਅੱਗ ਲਗਾਉਣ ਤੋਂ ਵੀ ਪਰਹੇਜ ਨਹੀਂ ਕਰ ਰਹੇ। ਇਸ ਨਾਲ ਧਰਤੀ ਦੀ ਉਪਜਾਓ ਸ਼ਕਤੀ, ਸੜਕ ਨਾਲ ਖੜੇ ਦਰਖਤ ਅਤੇ ਉਗ ਰਹੇ ਬੂਟੇ ਵੀ ਸੜਦੇ ਹਨ।

ਇਕ ਅਨੁਮਾਨ ਅਨੁਸਾਰ ਪੰਜਾਬ ਦਾ ਵਣ ਹੇਠ ਰਕਬਾ ਹੁਣ ਤੱਕ 7.5 ਫੀਸਦੀ ਹੈ ਜਦਕਿ ਲੋੜ 33 ਫੀਸਦੀ ਦੀ ਹੈ। ਜੇਕਰ ਪੰਜਾਬ ਦੀ ਧਰਤੀ ਦਾ ਵਣ ਹੇਠ ਰਕਬਾ 25 ਤੋਂ 30 ਫੀਸਦੀ ਤੱਕ ਵੀ ਹੋ ਜਾਵੇ ਤਾਂ ਸਾਨੂੰ ਪੰਜਾਬ ਵਿੱਚ ਭਰ ਗਰਮੀਆਂ ਦੇ ਮਹੀਨੇ ਜੂਨ-ਜੁਲਾਈ ਵਿੱਚ ਏਸੀ, ਕੂਲਰ ਲਗਾਉਣ ਦੀ ਲੋੜ ਨਹੀਂ ਪਵੇਗੀ ਅਤੇ ਧਰਤੀ ਦਾ ਕੁਦਰਤੀ ਸੰਤੁਲਨ ਵੀ ਠੀਕ ਰਹੇਗਾ। ਮਨੁੱਖ ਨੇ ਆਪਣੀ ਲਾਲਸਾ ਕਾਰਨ ਧਰਤੀ ਦੀ ਚਮੜੀ ਨੂੰ ਰੋਗੀ ਬਣਾ ਰਿਹਾ ਹੈ। ਇਕ ਅਨੁਮਾਨ ਅਨੁਸਾਰ ਪੂਰੇ ਵਿਸ਼ਵ ਵਿੱਚ ਵੱਧ ਰਹੇ ਪ੍ਰਦੂਸ਼ਣ ਨੂੰ ਘਟਾਉਣ ਲੀ 100 ਕਰੋੜ ਰੁੱਖ ਲਗਾਉਣੇ ਜਰੂਰੀ ਹਨ।

ਇਕ ਅਨੁਮਾਨ ਅਨੁਸਾਰ ਪੰਜਾਬ ਦਾ ਵਣ ਹੇਠ ਰਕਬਾ ਹੁਣ ਤੱਕ 7.5 ਫੀਸਦੀ ਹੈ ਜਦਕਿ ਲੋੜ 33 ਫੀਸਦੀ ਦੀ ਹੈ। ਜੇਕਰ ਪੰਜਾਬ ਦੀ ਧਰਤੀ ਦਾ ਵਣ ਹੇਠ ਰਕਬਾ 25 ਤੋਂ 30 ਫੀਸਦੀ ਤੱਕ ਵੀ ਹੋ ਜਾਵੇ ਤਾਂ ਸਾਨੂੰ ਪੰਜਾਬ ਵਿੱਚ ਭਰ ਗਰਮੀਆਂ ਦੇ ਮਹੀਨੇ ਜੂਨ-ਜੁਲਾਈ ਵਿੱਚ ਏਸੀ, ਕੂਲਰ ਲਗਾਉਣ ਦੀ ਲੋੜ ਨਹੀਂ ਪਵੇਗੀ ਅਤੇ ਧਰਤੀ ਦਾ ਕੁਦਰਤੀ ਸੰਤੁਲਨ ਵੀ ਠੀਕ ਰਹੇਗਾ। ਮਨੁੱਖ ਨੇ ਆਪਣੀ ਲਾਲਸਾ ਕਾਰਨ ਧਰਤੀ ਦੀ ਚਮੜੀ ਨੂੰ ਰੋਗੀ ਬਣਾ ਰਿਹਾ ਹੈ। ਇਕ ਅਨੁਮਾਨ ਅਨੁਸਾਰ ਪੂਰੇ ਵਿਸ਼ਵ ਵਿੱਚ ਵੱਧ ਰਹੇ ਪ੍ਰਦੂਸ਼ਣ ਨੂੰ ਘਟਾਉਣ ਲੀ 100 ਕਰੋੜ ਰੁੱਖ ਲਗਾਉਣੇ ਜਰੂਰੀ ਹਨ।

## ਆਉ ਹੁਣ ਵਾਤਾਵਰਣ ਸੁਰਖਿਆ ਦੀ ਗੱਲ ਕਰੀਏ

ਵਾਤਾਵਰਣ ਸੁਰਖਿਆ ਤੋਂ ਭਾਵ ਧਰਤੀ ਤੇ ਵਾਯੂਮੰਡਲ ਦੀ ਸੁਰਖਿਆ ਭਾਵ ਜਹਿਰੀਲੀਆਂ ਗੈਸਾਂ ਨੂੰ ਰੋਕਣ ਤੋਂ ਹੈ। ਜੋ ਵਾਯੂਮੰਡਲ ਤੇ ਧਰਤੀ ਦੇ ਤਾਪਮਾਨ ਵਿੱਚ ਲਗਾਤਾਰ ਵਾਧਾ ਕਰ ਰਹੀ ਹੈ। ਇਨਾਂ ਜਹਿਰੀਲੀਆਂ ਗੈਸਾਂ ਵਿੱਚ ਮੀਥੇਨ, ਕਾਰਬਨ ਡਾਈਆਕਸਾਈਡ, ਨਿਉਟਰੋਨ, ਕਾਰਬਨ ਮੋਨੋਆਕਸਾਈਡ ਇਨਾਂ ਗੈਸਾਂ ਦੇ ਵੱਧਣ ਕਾਰਨ ਗੋਲਬਲ ਵਾਰਮਿੰਗ ਭਾਵ ਗਰੀਨ ਹਾਉਸ ਤੇ ਵੀ ਪ੍ਰਭਾਵ ਵੱਧਦਾ ਹੈ।

ਅਮਰੀਕਾ ਦੀ ਯੇਲ ਯੂਨੀਵਰਸਿਟੀ ਦੀ ਰਿਪੋਰਟ ਅਨੁਸਾਰ ਦਿੱਲੀ ਪੂਰੇ ਵਿਸ਼ਵ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਹੈ। ਹਵਾ ਪ੍ਰਦੂਸ਼ਣ ਵਿੱਚ ਪਾਰਲੀਕੁਲੇਟ ਮੈਟਰ (ਪੀ.ਐਮ.) ਤੈਰਨ ਵਾਲੇ ਸੁਖਮ ਠੋਸ ਕਣ ਹੁੰਦੇ ਹਨ। ਜੋ ਲੰਬਾ ਸਮਾਂ ਹਵਾ ਵਿੱਚ ਤੈਰਦੇ ਰਹਿੰਦੇ ਹਨ। ਇਹ ਨੱਕ ਰਾਹੀਂ ਜਾਂ ਸਾਹ ਰਾਹੀਂ ਫੇਫੜਿਆਂ ਤੇ ਹਮਲਾ ਕਰਕੇ ਮਨੁੱਖੀ ਸ਼ਰੀਰ ਨੂੰ ਦਮਾ, ਦਿਲ ਦੇ ਰੋਗ, ਸਾਹ ਨਲੀ ਦੀ ਬੀਮਾਰੀ ਨੂੰ ਸੱਦਾ ਦਿੰਦੇ ਹਨ। ਹਵਾ ਪ੍ਰਦੂਸ਼ਣ ਦਾ ਪ੍ਰਮੁਖ ਕਾਰਨ ਪਾਰਲੀਕੁਲੇਟ ਮੈਟਰ (ਪੀ.ਐਮ.) ਹੈ। ਹਵਾ ਦੇ ਦੂਸ਼ਤ ਹੋਣ ਕਾਰਨ 15 ਸਾਲਾਂ ਤੋਂ ਪੁਰਾਣਾ ਵਹੀਕਲ ਤੋਂ ਨਿਕਲਦਾ ਧੂੰਆ, ਫੈਕਟਰੀਆਂ ਦਾ ਧੂੰਆ, ਦਰਖਤਾਂ ਦੀ ਕਟਾਈ, ਕਿਸਾਨਾਂ ਦਆਰਾ ਝੋਨੇ ਤੇ ਕਣਕ ਦੀ ਨਾੜ ਨੂੰ ਅੱਗ ਇਨਾਂ ਸਭ ਕਾਰਨਾਂ ਕਰਕੇ ਵਾਯੂਮੰਡਲ ਦੀ ਓਜੋਨ ਪਰਤ ਵਿੱਚ ਲਗਾਤਾਰ ਛੇਦ ਹੁੰਦੇ ਜਾ ਰਹੇ ਹਨ। ਵਾਯੂਮੰਡਲ ਦੀ ਓਜੋਨ ਪਰਤ ਸੂਰਜ ਤੋਂ ਆ ਰਹੀਆਂ ਪਰਾਬੈਂਗਣੀ ਕਿਰਨਾਂ ਨੂੰ ਰੋਕਦੀ ਹੈ। ਪਰੰਤੂ ਰੋਕਣ ਵਾਲੀ ਪਰਤ ਨਸ਼ਟ ਹੁੰਦੀ ਜਾ ਰਹੀ ਹੈ। ਯੂ. ਐਨ. ਓ ਦੇ ਵਿਗਿਆਨਿਆਂ ਅਨੁਸਾਰ ਪਿਛਲੇ 50 ਸਾਲਾਂ ਵਿੱਚ ਓਜੋਨ ਪਰਤ ਨੂੰ 20 ਤੋਂ 30 ਫੀਸਦੀ ਵੱਧੇਰੇ ਨੁਕਸਾਨ ਪੁੱਜਾ ਹੈ। ਪ੍ਰਦੂਸ਼ਨ ਕਾਰਨ ਪੰਜਾਬ ਵਿੱਚ ਘਰੇਲੂ ਚਿੜੀ, ਮੋਰ, ਬਟੇਰੇ, ਮਰਗੋਈ, ਹੰਸ ਤੇ ਬੱਤਖ, ਕਮਾਦੀ ਕੁੱਕੜ ਆਲੋਪ ਹੋਣ ਦੇ ਕੰਡੇ ਤੇ ਆ ਖੜੇ ਹੋਏ ਹਨ। ਜੇਕਰ ਇਨਸਾਨ ਆਪਣੀਆਂ ਅਗਲੀਆਂ ਪੀੜੀਆਂ ਨੂੰ ਜਿੰਦਾ ਰਖਣਾ ਚਾਹੀਦਾ ਹੈ ਤਾਂ ਧਰਤੀ, ਜਲ ਅਤੇ ਵਾਤਾਵਰਣ ਦੀ ਸੰਭਾਲ ਕਰੇ। ਆਉ ਅਸੀ ਸਾਰੇ ਅੱਜ ਤੋਂ ਪ੍ਰਣ ਕਰੀਏ ਕਿ ਅਸੀ ਧਰਤੀ, ਜਲ ਅਤੇ ਵਾਤਾਵਰਣ ਦੀ ਸੁਰਖਿਆ ਕਰਨਗੇ।





## ਬਿਊਟੀ ਟਿਪਸ: ਸੁੰਦਰਤਾ ਦੀ ਚਮਕ ਰੱਖੋ ਬਰਕਰਾਰ

- ਰਾਤ ਨੂੰ ਸੌਣ ਤੋਂ ਪਹਿਲਾਂ ਚਿਹਰੇ ਨੂੰ ਕਲੀਂਜ਼ਿੰਗ ਮਿਲਕ ਨਾਲ ਚੰਗੀ ਤਰ੍ਹਾਂ ਸਾਫ ਕਰ ਕੇ ਮਲਾਈ ਜਾਂ ਕੋਲਡ ਕ੍ਰੀਮ ਨਾਲ ਮਾਲਿਸ਼ ਕਰੋ।
- ਹਫਤੇ 'ਚ ਘੱਟ ਤੋਂ ਘੱਟ ਇੱਕ ਵਾਰ ਵੇਸਣ, ਦੁੱਧ, ਆਂਡੇ, ਸ਼ਹਿਦ, ਸੰਤਰੇ ਦੇ ਛਿਲਕਿਆਂ ਦਾ ਪਾਊਂਡਰ ਅਤੇ ਦਹੀਂ ਚੰਗੀ ਤਰ੍ਹਾਂ ਮਿਲਾ ਕੇ ਚਿਹਰੇ 'ਤੇ 15 ਮਿੰਟ ਤੱਕ ਲਾਓ। ਫਿਰ ਚਿਹਰਾ ਧੋ ਲਓ।
- ਫਾਊਂਡੇਸ਼ਨ ਦੀ ਬਹੁਤ ਹਲਕੀ ਜਿਹੀ ਪਰਤ ਲਾਉਣੀ ਚਾਹੀਦੀ ਹੈ।
- ਧੁੱਪ 'ਚ ਨਿਕਲਣ ਤੋਂ ਪਹਿਲਾਂ ਸਨਸਕਰੀਨ ਕਰੀਮ ਜ਼ਰੂਰ ਲਗਾਓ।

**ਹੱਥਾਂ ਪੈਰਾਂ ਦੀ ਦੇਖਭਾਲ**

- ਭੋਜਨ 'ਚ ਵਿਟਾਮਿਨ ਸੀ ਦੀ ਮਾਤਰਾ ਲਓ।
- ਹੱਥਾਂ ਪੈਰਾਂ 'ਤੇ ਰਾਤ ਨੂੰ ਸੌਣ ਤੋਂ ਪਹਿਲਾਂ ਗਲਿਸਰੀਨ ਲਾ ਕੇ ਚੰਗੀ ਤਰ੍ਹਾਂ ਮਾਲਿਸ਼ ਕਰੋ।
- ਜੇ ਪੈਰਾਂ 'ਚ ਸੋਜਿਸ਼ ਹੋਵੇ ਤਾਂ ਨਿੰਬੂ ਦੇ ਰਸ ਨੂੰ ਪੈਰਾਂ 'ਤੇ ਚੰਗੀ ਤਰ੍ਹਾਂ ਮਲੋ।

## ਮਲਾਈ ਨਾਲ ਨਿਖਰੇ ਸੁੰਦਰਤਾ



ਕਦੇ ਗੋਰਾ ਬਣਾਉਣ ਵਾਲੀ ਫੇਅਰਨੈੱਸ ਕਰੀਮ ਨਾਲ ਗੋਰੇਪਨ ਦੀ ਉਮੀਦ ਤਾਂ ਕਦੇ ਐਂਟੀ ਏਜਿੰਗ ਕ੍ਰੀਮ ਨਾਲ ਉਮਰ ਨੂੰ ਰੋਕਣ ਦਾ ਯਤਨ ਮਤਲਬ ਖੂਬਸੂਰਤੀ ਪਾਉਣ ਦੀ ਇੱਛਾ ਵਿੱਚ ਲੜਕੀਆਂ ਕੀ-ਕੀ ਉਪਾਅ ਨਹੀਂ ਕਰਦੀਆਂ। ਆਪਣੇ ਚਿਹਰੇ 'ਤੇ ਤਰ੍ਹਾਂ ਤਰਵਾਂ ਦੇ ਕਾਸਮੈਟਿਕ ਦੀ ਪਰਤ ਚੜ੍ਹਾਉਣੇ ਦੇ ਬਾਵਜੂਦ ਵੀ ਲੜਕੀਆਂ ਉਸ 'ਤੇ ਹੋਰ ਵੱਧ ਐਕਸਪੈਰੀਮੈਂਟ ਕਰਨ ਤੋਂ ਬਾਜ਼ ਨਹੀਂ ਆਉਂਦੀਆਂ, ਜਿਸ ਦਾ ਨਤੀਜਾ ਝੁਰੜੀਆਂ, ਪਿੰਪਲਸ, ਡਾਰਕ ਸਰਕਲਸ ਅਤੇ ਹੋਰ ਸਕਿਨ ਪ੍ਰਬਲਮਸ ਦੇ ਰੂਪ 'ਚ ਸਾਡੇ ਸਾਹਮਣੇ ਹੁੰਦਾ ਹੈ।

ਬਾਜ਼ਾਰ ਵਿੱਚ ਮਿਲਣ ਵਾਲੀਆਂ ਨਵੀਆਂ-ਨਵੀਆਂ ਕਰੀਮਾਂ ਤੁਸੀਂ ਹਮੇਸ਼ਾ ਹੀ ਟਰਾਈ ਕਰਦੇ ਆਏ ਹੋ, ਪਰ ਕਦੇ ਘਰ 'ਚ ਹਮੇਸ਼ਾ ਉਪਲਬਧ ਰਹਿਣ ਵਾਲੀ ਉਪਯੋਗੀ ਕ੍ਰੀਮ ਟਰਾਈ ਕਰ ਕੇ ਦੇਖੋ। ਅਸੀਂ ਗੱਲ ਕਰ ਰਹੇ ਹਾਂ ਮਲਾਈ ਦੀ, ਜੋ ਹਰ ਸਮੇਂ ਘਰ ਵਿੱਚ ਫਰੈਸ਼ ਮਿਲਦੀ ਹੈ ਅਤੇ ਇਸ ਦੇ ਫਾਇਦੇ ਵੀ ਘੱਟ ਨਹੀਂ। ਇੱਕ ਵਾਰ ਮਲਾਈ ਨੂੰ ਵੀ ਅਜ਼ਮਾ ਕੇ ਦੇਖੋ ਕਿ ਤੁਹਾਨੂੰ ਕਿਸ ਤਰ੍ਹਾਂ ਮੁਲਾਇਮ ਬਿਊਟੀ ਮਿਲੇ ਜਾਵੇਗੀ।

- ਇੱਕ ਚਮਚ ਮਲਾਈ 'ਚ ਨਿੰਬੂ ਦਾ ਰਸ ਮਿਲਾ ਕੇ ਰੋਜ਼ ਚਿਹਰੇ ਤੇ ਬੁੱਲ੍ਹਾਂ 'ਤੇ ਲਾਉਣ ਨਾਲ ਇਹ ਫਟਦੇ ਨਹੀਂ।
- ਥੋੜ੍ਹੀ ਜਿਹੀ ਮਲਾਈ ਅਤੇ ਇੱਕ ਚਮਚ ਵੇਸਣ ਦਾ ਵਟਣਾ ਸਾਬਣ ਦਾ ਬਿਹਤਰੀਨ ਆਪਸ਼ਨ ਹੈ, ਇਸ ਨਾਲ ਚਮੜੀ ਮੁਲਾਇਮ ਬਣਦੀ ਹੈ।
- ਮੁਲਤਾਨੀ ਮਿੱਟੀ ਨੂੰ ਪੀਸ ਕੇ ਉਸ ਵਿੱਚ ਮਲਾਈ ਮਿਲਾ ਕੇ ਚਿਹਰੇ ਅਤੇ ਕੂਹਣੀਆਂ 'ਤੇ ਲਗਾਉਣ ਨਾਲ ਉਸ ਦੇ ਰੰਗ 'ਚ ਨਿਖਾਰ ਆਉਂਦਾ ਹੈ।
- ਤਿੰਨ-ਚਾਰ ਬਾਦਾਮ ਅਤੇ 10-12 ਦੇਸੀ ਗੁਲਾਬ ਦੀਆਂ ਪੱਤੀਆਂ ਪੀਸ ਕੇ, ਇੱਕ ਚਮਚ ਮਲਾਈ ਮਿਲਾ ਕੇ ਚਿਹਰੇ 'ਤੇ ਲਗਾਉਣ ਨਾਲ ਝੁਰੜੀਆਂ ਤੇ ਚਮੜੀ ਦੇ ਧੱਬੇ ਦੂਰ ਹੋ ਜਾਂਦੇ ਹਨ।
- ਮਲਾਈ 'ਚ ਸਮੁੰਦਰੀ ਫੇਨ ਦਾ ਬਰੀਕ ਪਾਊਡਰ ਮਿਲਾ ਕੇ ਲਗਾਉਣ ਨਾਲ ਮੁਹਾਸੇ ਠੀਕ ਹੋ ਜਾਂਦੇ ਹਨ।
- ਮੁਸੱਮੀ ਜਾਂ ਸੰਤਰੇ ਦੇ ਛਿਲਕਿਆਂ ਨੂੰ ਪੀਸ ਕੇ ਉਸ 'ਚ ਮਲਾਈ ਮਿਲਾ ਕੇ ਵਟਣਾ ਲਾਣ ਨਾਲ ਚਮੜੀ ਮੁਲਾਇਮ ਤੇ ਸਾਫ ਹੁੰਦੀ ਹੈ।
- ਇੱਕ ਚਮਚ ਮਲਾਈ ਵਿੱਚ ਇੱਕ ਚਮਚ ਸੇਬ ਦਾ ਰਸ ਮਿਲਾ ਲਓ, ਹੁਣ ਇਸ ਨੂੰ ਚੰਗੀ ਤਰ੍ਹਾਂ ਨਾਲ ਫੈਂਟ ਕੇ ਹਲਕੇ ਹੱਥ ਨਾਲ ਚਿਹਰੇ 'ਤੇ ਲਗਾਉਣ ਨਾਲ ਕੁਝ ਹੀ ਦਿਨਾਂ ਵਿੱਚ ਰੰਗ ਸਾਫ ਹੋਣ ਲੱਗਦਾ ਹੈ।



## ਲਿਪਸਟਿਕ ਲਾਉਣਾ ਵੀ ਇਕ ਕਲਾ ਹੈ

ਲਿਪਸਟਿਕ, ਮੇਕਅਪ ਦਾ ਅਹਿਮ ਹਿੱਸਾ ਮੰਨੀ ਜਾਂਦੀ ਹੈ। ਇਸ ਨੂੰ ਲਾਉਣ ਦਾ ਜੇ ਵਧੀਆ ਢੰਗ ਆਉਂਦਾ ਹੋਵੇ ਤਾਂ ਇਹ ਤੁਹਾਡੀ ਖੂਬਸੂਰਤੀ ਨੂੰ ਹੋਰ ਵਧਾ ਸਕਦੀ ਹੈ। ਲਿਪਸਟਿਕ ਲਾਉਣ ਨੂੰ ਆਸਾਨ ਬਣਾਉਣ ਲਈ, ਲਿਪਸਟਿਕ ਲਾਉਣ ਤੋਂ ਪਹਿਲਾਂ ਖੁਸ਼ਕੀ ਦੂਰ ਕਰਨ ਵਾਲੀ ਕਰੀਮ (ਮਾਇਸਚਰਾਈਜ਼ਰ) ਲਾਓ। ਇਸ ਤੋਂ ਬਾਅਦ ਫਾਊਂਡੇਸ਼ਨ ਅਤੇ ਫੇਸ ਪਾਊਡਰ ਲਾਓ। ਇਸ ਨਾਲ ਲਿਪਸਟਿਕ ਲੰਮੇ ਸਮੇਂ ਤੱਕ ਟਿਕੀ ਰਹਿੰਦੀ ਹੈ। ਵਧੀਆ ਹੋਵੇਗਾ ਜੇ ਆਊਟਲਾਈਨ ਕਰਦੇ ਹੋਏ ਆਪਣੀਆਂ ਕੂਹਣੀਆਂ ਨੂੰ ਮੇਜ਼ 'ਤੇ ਟਿਕਾ ਲਓ। ਇਸ ਨਾਲ ਆਊਟਲਾਈਨ ਵਧੀਆ ਹੋਵੇਗੀ।



ਜੇ ਤੁਹਾਡੇ ਬੁੱਲ੍ਹ ਮੋਟੇ ਹਨ ਤਾਂ ਆਊਟਲਾਈਨ ਨਾ ਕਰੋ। ਇਸ ਨਾਲ ਤੁਹਾਡੇ ਬੁੱਲ੍ਹ ਹੋਰ ਵੀ ਮੋਟੇ ਨਜ਼ਰ ਆਉਣਗੇ। ਆਊਟਲਾਈਨ ਕਰਨ ਤੋਂ ਬਾਅਦ ਬਰੱਸ਼ ਨਾਲ ਲਿਪਸਟਿਕ ਜਾਂ ਲਿਪ ਕਲਰ ਲਾਓ। ਲਿਪਸਟਿਕ ਦਾ ਇੱਕ ਕੋਟ ਲਾਉ, ਉਸ 'ਤੇ ਥੋੜ੍ਹਾ ਜਿਹਾ ਕੰਪੈਕਟ ਲਾਓ। ਫਿਰ ਲਿਪਸਟਿਕ ਦਾ ਦੂਜਾ ਕੋਟ ਲਾਓ। ਅਜਿਹਾ ਕਰਨ ਨਾਲ ਲਿਪਸਟਿਕ ਜ਼ਿਆਦਾ ਦੇਰ ਤੱਕ ਟਿਕੀ ਰਹੇਗੀ। ਜੇ ਲਿਪ ਗਲਾਸ ਲਾ ਰਹੇ ਹੋ ਤਾਂ ਇਸ ਨੂੰ ਸਿਰਫ ਬੁੱਲ੍ਹਾਂ ਦੇ ਵਿਚਕਾਰ ਲਾਓ ਨਹੀਂ ਤਾਂ ਫੈਲ ਜਾਵੇਗਾ।

ਬੁੱਲ੍ਹਾਂ ਨੂੰ ਉਭਾਰਨ ਲਈ ਤੁਸੀਂ ਲਿਪ ਕਲਰ ਨਾਲ ਮਿਲਦੇ-ਜੁਲਦੇ ਸ਼ੇਢ ਦੇ ਆਈਸ਼ੈਡੋ ਦੀ ਵਰਤੋਂ ਵੀ ਕਰ ਸਕਦੇ ਹੋ। ਆਪਣੀ ਮਨਪਸੰਦ ਲਿਪਸਟਿਕ ਨੂੰ ਫਰਿੱਜ਼ ਵਿੱਚ ਰੱਖੋ। ਲਿਪਸਟਿਕ ਨੂੰ ਹਮੇਸ਼ਾ ਉਂਗਲੀਆਂ ਦੇ ਪੋਟਿਆਂ 'ਤੇ ਚੈਕ ਕਰ ਕੇ ਵੇਖੋ। ਲਿਪਸਟਿਕ ਦਾ ਕੋਈ ਸ਼ੇਡ ਪਸੰਦ ਨਹੀਂ ਆ ਰਿਹਾ ਤਾਂ ਉਸ ਨੂੰ ਸੁੱਟੋ ਨਾ। ਉਸ ਨੂੰ ਤੁਸੀਂ ਕਿਸੇ ਹੋਰ ਸ਼ੇਡ ਨਾਲ ਮਿਕਸ ਕਰ ਕੇ ਨਵਾਂ ਸ਼ੇਡ ਬਣਾ ਸਕਦੇ ਹੋ। ਗੋਰੀ ਰੰਗਤ 'ਤੇ ਥੋੜ੍ਹਾ ਜਿਹਾ ਰੰਗ ਵੀ ਬਹੁਤ ਜ਼ਿਆਦ ਲੱਗਣ ਲੱਗਦਾ ਹੈ। ਇਸ ਲਈ ਗੋਰੇ ਰੰਗ ਵਾਲਿਆਂ ਨੂੰ ਗੂੜ੍ਹੇ ਰੰਗ ਦੀ ਲਿਪਸਟਿਕ ਦੀ ਥਾਂ ਨਿਊਡ ਸ਼ੇਡ, ਲਾਈਟ ਪਿਕ ਰੰਗ ਆਦਿ ਦੀ ਲਿਪਸਟਿਕ ਵਰਤਣੀ ਚਾਹੀਦੀ ਹੈ। ਕਣਕ ਵੰਨੇ ਰੰਗ 'ਤੇ ਗੋਲਡ ਐਡਰਟੋਨ ਵਾਲੀ ਲਾਲ ਜਾਂ ਗੁਲਾਬੀ ਲਿਪਸਟਿਕ ਵਧੀਆ ਲੱਗਦੀ ਹੈ। ਪੱਕਾ ਰੰਗ ਭਾਵ ਸਾਂਵਲੇ ਰੰਗ 'ਤੇ ਬਰਗੰਡੀ, ਚਾਕਲੇਟ ਭਾਵ ਗੂੜ੍ਹੇ ਰੰਗੀ ਦੀ ਲਿਪਸਟਿਕ ਵਧੀਆ ਲੱਗਦੀ ਹੈ।






# ਕ੍ਰਿਪਾ

"ਮਾਂ, ਸਾਡੇ ਮਾਸਟਰ ਜੀ ਕਹਿੰਦੇ ਤੁਸੀਂ ਸਾਰਿਆਂ ਨੇ ਦਿਲ ਲਾ ਕੇ ਪੜ੍ਹਨਾ ਹੈ, ਮਹੀਨੇ ਪਿੱਛੋਂ ਤੁਹਾਡਾ ਪੇਪਰ ਹੋਵੇਗਾ। ਅੱਵਲ ਰਹਿਣ ਵਾਲੇ ਬੱਚੇ ਨੂੰ ਦੋ ਹਜ਼ਾਰ ਰੁਪਏ ਮਿਲਣਗੇ," ਘਰ ਆਉਂਦਿਆਂ ਹੀ ਰਾਜੇ ਨੇ ਆਪਣੀ ਮਾਂ ਨੂੰ ਕਿਹਾ। "ਸੱਚੀਂ! ਚੰਗਾ ਫਿਰ ਤੂੰ ਦਿਨ ਰਾਤ ਇੱਕ ਕਰਦੇ ਤੇ ਦਿਲ ਲਾ ਕੇ ਪੜ੍ਹ," ਰਾਜੇ ਦੀ ਮਾਂ ਪੂਰੇ ਉਤਸ਼ਾਹ ਨਾਲ ਬੋਲੀ। "ਚੰਗਾ ਮਾਂ," ਇਹ ਕਹਿ ਕੇ ਰਾਜਾ ਪੜਨ ਬੈਠ ਗਿਆ। ਉਹ ਸਕੂਲ ਅਤੇ ਘਰ ਸਾਰਾ ਦਿਨ ਪੜ੍ਹਦਾ ਰਹਿੰਦਾ। ਅਧਿਆਪਕ ਦਾ ਦਿੱਤਾ ਕੰਮ ਸਭ ਤੋਂ ਪਹਿਲਾਂ ਕਰਕੇ ਆਪਣੇ ਪੇਪਰ ਦੀ ਤਿਆਰੀ ਕਰਦਾ। ਪੇਪਰ ਵਾਲੇ ਦਿਨ ਸਵੇਰ ਦਾ ਹੀ ਰਾਜਾ ਬਹੁਤ ਖ਼ੁਸ਼ ਸੀ। ਬਾਕੀ ਬੱਚਿਆਂ ਨੇ ਵੀ ਪੇਪਰ ਦੇਣ ਜਾਣਾ ਸੀ, ਪਰ ਉਸ ਦੇ ਚਿਹਰੇ 'ਤੇ ਵੱਖਰਾ ਹੀ ਹੌਸਲਾ ਦਿਸਦਾ ਸੀ। ਉਹ ਪੇਪਰ ਦੇ ਆਇਆ। ਨਤੀਜਾ ਆਇਆ ਤਾਂ ਉਹ ਪਹਿਲੇ ਨੰਬਰ 'ਤੇ ਆਇਆ ਸੀ ਤੇ ਉਸ ਦਾ ਦੋ ਹਜ਼ਾਰ ਰੁਪਏ ਵਜ਼ੀਫ਼ਾ ਵੀ ਆਇਆ ਸੀ। ਸਕੂਲ ਦੇ ਮੁੱਖ ਅਧਿਆਪਕ ਨੇ ਸਵੇਰ ਦੀ ਸਭਾ ਵਿੱਚ ਉਸ ਨੂੰ ਵਜ਼ੀਫ਼ਾ ਦਿੱਤਾ ਅਤੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਕਿਹਾ। ਸਾਰੇ ਅਧਿਆਪਕਾਂ ਨੇ ਉਸ ਦੀ ਖ਼ੂਬ ਪ੍ਰਸ਼ੰਸਾ ਕੀਤੀ। ਅਗਲੇ ਦਿਨ ਰਾਜਾ ਗ਼ੈਰਹਾਜ਼ਰ ਸੀ। ਅਧਿਆਪਕ ਨੇ ਬੱਚਿਆਂ ਨੂੰ ਪੁੱਛਿਆ, "ਅੱਜ ਰਾਜਾ ਸਕੂਲ ਕਿਉਂ ਨ੍ਹੀਂ ਆਇਆ?" "ਪਤਾ ਨਹੀਂ ਜੀ ਕਿਉਂ ਨ੍ਹੀਂ ਆਇਆ, ਘਰੇ ਫਿਰਦਾ ਸੀ ਚੰਗਾ ਭਲਾ ਤਿਆਰ ਹੋਇਆ," ਬੱਚਿਆਂ ਨੇ ਜਵਾਬ ਦਿੱਤਾ। ਅਧਿਆਪਕ ਨੇ ਸੋਚਿਆ ਕਿ ਬੱਚਾ ਪੜ੍ਹਨ ਵਿੱਚ ਹੁਸ਼ਿਆਰ ਹੈ, ਚਲੋ ਘਰ ਜਾ ਕੇ ਲੈ ਆਉਂਦੇ ਹਾਂ। ਅਧਿਆਪਕ ਜਦੋਂ ਉਸ ਦੇ ਘਰ ਗਿਆ ਤਾਂ ਅੱਗੋਂ ਰਾਜੇ ਦੀ ਮਾਂ ਮਿਲੀ। ਅਧਿਆਪਕ ਨੇ ਪੁੱਛਿਆ, "ਬੀਬੀ, ਅੱਜ ਰਾਜਾ ਸਕੂਲ ਕਿਉਂ ਨ੍ਹੀਂ ਆਇਆ?" ਰਾਜੇ ਦੀ ਮਾਂ ਬੋਲੀ, "ਮਾਸਟਰ ਜੀ, ਸਾਡੇ ਬੱਚੇ ਦਾ ਵਜ਼ੀਫ਼ਾ ਆਇਆ ਹੈ ਦੋ ਹਜ਼ਾਰ। ਸਾਨੂੰ ਬੜੀ ਖ਼ੁਸ਼ੀ ਹੋਈ ਹੈ। ਸਾਰੇ ਕਹਿੰਦੇ ਆਪਾਂ ਸੁੱਖ ਦੇਣ ਚੱਲੀਏ, ਬੱਚੇ 'ਤੇ ਕ੍ਰਿਪਾ ਹੋਈ ਹੈ। ਜੇ ਇਸ ਵਾਰ ਸੁੱਖ ਦੇ ਆਈਏ ਤਾਂ ਅੱਗੇ ਤੋਂ ਹੋਰ ਕਿਰਪਾ ਹੋਵੇਗੀ। ਅਸੀਂ ਤਾਂ ਸਾਰਾ ਟੱਬਰ ਸੁੱਖ ਦੇਣ ਚੱਲੇ।" ਇੰਨਾ ਕਹਿ ਕੇ ਰਾਜੇ ਦੀ ਉਂਗਲ ਫੜ ਕੇ ਉਹ ਤੁਰ ਪਈ। ਅਧਿਆਪਕ ਸੋਚ ਰਿਹਾ ਸੀ ਕਿ ਅਸਲੀ ਕਿਰਪਾ ਕਿਸ ਦੀ ਹੋਈ ਹੈ, ਮੁੰਡੇ ਦੀ ਕੀਤੀ ਮਿਹਨਤ ਦੀ ਜਾਂ ਸੁੱਖੀ ਹੋਈ ਸੁੱਖ ਦੀ?

**- ਅਮਨਪਰੀਤ ਢੁੱਡੀ**

# ਦਾਨ

ਉਹ ਸ਼ਹਿਰ ਦਾ ਬਾਇਓਲੋਜੀ ਦਾ ਮਸ਼ਹੂਰ ਪ੍ਰੋਫ਼ੈਸਰ ਸੀ। ਉਸ ਦੇ ਪੜ੍ਹਾਏ ਵਿਦਿਆਰਥੀ ਮੈਡੀਕਲ ਪ੍ਰਵੇਸ਼ ਪ੍ਰੀਖਿਆ ਵਿੱਚ ਚੰਗੇ ਰੈਂਕ ਪ੍ਰਾਪਤ ਕਰਦੇ ਸਨ। ਹਰ ਵਿਦਿਆਰਥੀ ਦੀ ਇੱਛਾ ਉਸ ਕੋਲ ਪੜ੍ਹਨ ਦੀ ਹੁੰਦੀ ਸੀ। ਉਸ ਦਿਨ ਲਵਨੀਤ ਵੀ ਉਸ ਕੋਲ ਟਿਊਸ਼ਨ ਰੱਖਣ ਅਤੇ ਡਾਕਟਰ ਬਣਨ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਸ਼ੁਰੂਆਤ ਕਰਨ ਗਿਆ। ਘਰ ਦੀ ਆਰਥਿਕ ਹਾਲਤ ਮਾੜੀ ਹੋਣ ਕਾਰਨ ਉਹ ਕਿਸੇ ਨਿੱਜੀ ਸੰਸਥਾ ਵਿੱਚ ਪੜ੍ਹਾਈ ਦੇ ਨਾਲ ਨੌਕਰੀ ਕਰਕੇ ਕਾਬਿਲ ਡਾਕਟਰ ਬਣਨ ਦੇ ਉਦੇਸ਼ ਨੂੰ ਪੂਰਾ ਕਰਨ ਦੀ ਤਾਕ ਵਿੱਚ ਸੀ। ਫ਼ੀਸ ਬਾਰੇ ਪਤਾ ਲੱਗਣ 'ਤੇ ਉਸ ਨੂੰ ਮਾਯੂਸੀ ਹੋਈ, ਪਰ ਉਸ ਨੇ ਪ੍ਰੋਫ਼ੈਸਰ ਨੂੰ ਬੇਨਤੀ ਕੀਤੀ, "ਸਰ! ਫ਼ੀਸ ਕੁਝ ਘੱਟ ਕਰ ਦਿਉ। ਮੈਂ ਬਹੁਤ ਗ਼ਰੀਬ ਹਾਂ ਅਤੇ ਪੈਸੇ ਕਿਸ਼ਤਾਂ 'ਚ ਦੇ ਦੇਵਾਂਗਾ।" ਪ੍ਰੋਫ਼ੈਸਰ ਨੇ ਕਿਹਾ, "ਕਾਕਾ, ਮੈਂ ਸਿਰਫ਼ ਪੜ੍ਹਾਉਂਦਾ ਹਾਂ ਤੇ ਉਸ ਦੀ ਫੀਸ ਵਸੂਲਦਾ ਹਾਂ। ਤੇਰੀ ਗ਼ਰੀਬੀ ਦਾ ਤਾਂ ਮੇਰੇ ਕੋਲ ਕੋਈ ਇਲਾਜ ਨਹੀਂ।" ਲਵਨੀਤ ਦੇ ਅੱਗੇ ਕੁਝ ਹੋਰ ਬੋਲਣ ਤੋਂ ਪਹਿਲਾਂ ਹੀ ਪ੍ਰੋਫ਼ੈਸਰ ਕੋਲ ਇੱਕ ਧਾਰਮਿਕ ਸੰਸਥਾ ਲਈ ਚੰਦਾ ਮੰਗਣ ਵਾਲੇ ਆ ਗਏ। ਉਨ੍ਹਾਂ ਨੇ ਅਸਥਾਨ ਦਾ ਨੀਂਹ ਪੱਥਰ ਰੱਖਣ ਲਈ ਬੇਨਤੀ ਕੀਤੀ ਅਤੇ ਇੱਕ ਲੱਖ ਰੁਪਏ ਪ੍ਰਾਪਤ ਕੀਤੇ। ਲਵਨੀਤ ਨੂੰ ਇਹ ਕਹਿ ਕੇ ਮੋੜ ਦਿੱਤਾ ਗਿਆ ਕਿ ਫੀਸ ਤਾਂ ਘੱਟ ਹੋ ਜਾਵੇਗੀ, ਪਰ ਇੱਕੋ ਵਾਰ 'ਚ ਦੇਣੀ ਪਵੇਗੀ ਜੋ ਉਸ ਲਈ ਸੰਭਵ ਨਹੀਂ ਸੀ। ਸੋ ਉਸ ਨੂੰ ਮਜਬੂਰਨ ਮਾਯੂਸ ਹੋ ਕੇ ਉੱਥੋਂ ਮੁੜਨਾ ਪਿਆ।



**- ਗੁਰਤੇਜ ਸਿੱਧੂ**



# ਪੁਲ ਦੀ ਖ਼ੁਸ਼ੀ

ਸ਼ਹਿਰ ਦੇ ਬਾਹਰ ਘੱਟ ਅਵਾਜਾਈ ਵਾਲੀ ਜਗ੍ਹਾ ਮੰਤਰੀ ਵੱਲੋਂ ਓਵਰਬ੍ਰਿਜ ਦਾ ਨੀਂਹ ਪੱਥਰ ਰੱਖਣ 'ਤੇ ਬਹੁਤੇ ਲੋਕਾਂ ਨੇ ਕਿਹਾ ਕਿ ਇੱਥੇ ਪੁਲ਼ ਦੀ ਕੀ ਲੋੜ ਹੈ। ਪਰ ਝੁੱਗੀਆਂ ਵਿੱਚ ਰਹਿਣ ਵਾਲੇ ਲੋਕ ਬਹੁਤ ਖ਼ੁਸ਼ ਦਿਖਾਈ ਦੇ ਰਹੇ ਸਨ। ਸਭ ਹੈਰਾਨ ਸਨ ਕਿ ਇਸ ਪੁਲ਼ ਨਾਲ ਇਨ੍ਹਾਂ ਦਾ ਕੀ ਭਲਾ ਹੋਣ ਵਾਲਾ ਹੈ। ਇਸ ਉਲਝਣ ਨੂੰ ਸੁਲਝਾਉਣ ਲਈ ਇੱਕ ਪੱਤਰਕਾਰ ਨੱਕ 'ਤੇ ਰੁਮਾਲ ਰੱਖ ਕੇ ਉਨ੍ਹਾਂ ਕੋਲ ਪਹੁੰਚ ਗਿਆ। "ਤੁਸੀਂ ਇਹ ਪੁਲ਼ ਬਣਨ ਨੂੰ ਲੈ ਕੇ ਇੰਨੇ ਖ਼ੁਸ਼ ਕਿਉਂ ਹੋ? ਤੁਹਾਨੂੰ ਇਸ ਦਾ ਕੀ ਲਾਭ ਹੋਣਾ ਹੈ?" ਪੱਤਰਕਾਰ ਨੇ ਜਾਂਦਿਆਂ ਹੀ ਸਵਾਲ ਕੀਤਾ।

"ਸਾਹਬ, ਹੁਣ ਸਾਡਾ ਵੀ ਪੱਕੀ ਛੱਤ ਦਾ ਸੁਪਨਾ ਸਾਕਾਰ ਹੋ ਜਾਵੇਗਾ", ਤੀਹ ਕੁ ਸਾਲ ਦੇ ਨੌਜਵਾਨ ਨੇ ਸੰਖੇਪ ਉੱਤਰ ਦਿੱਤਾ।


"ਅੱਛਾ ਹੁਣ ਸਮਝ ਗਿਆ! ਤੁਸੀਂ ਇਹ ਸੋਚ ਰਹੇ ਹੋ ਕਿ ਜਦੋਂ ਮੰਤਰੀ ਜੀ ਇੰਨੇ ਵੱਡੇ-ਵੱਡੇ ਪੁਲ਼ ਬਣਵਾ ਕੇ ਵਿਕਾਸ ਕਰ ਰਹੇ ਹਨ ਤਾਂ ਤੁਹਾਡੇ ਲਈ ਪੱਕੇ ਘਰ ਜ਼ਰੂਰ ਬਣਾ ਕੇ ਦੇਣਗੇ", ਪੱਤਰਕਾਰ ਜਿਵੇਂ ਗੱਲ ਦਾ ਸਾਰ ਤੱਤ ਸਮਝ ਗਿਆ ਸੀ। "ਨਹੀਂ ਜਨਾਬ, ਮੇਰੀ ਸਾਰੀ ਉਮਰ ਇਨ੍ਹਾਂ ਝੁੱਗੀਆਂ ਵਿੱਚ ਲੰਘੀ ਹੈ। ਸਾਡੇ ਬਾਰੇ ਪਹਿਲਾਂ ਕਿਸੇ ਸਰਕਾਰ ਜਾਂ ਮੰਤਰੀ ਨੇ ਨਹੀਂ ਸੋਚਿਆ ਤਾਂ ਹੁਣ ਕੌਣ ਸੋਚੇਗਾ। ਅਸਲ ਵਿੱਚ ਜਦੋਂ ਪੁਲ਼ ਬਣ ਗਿਆ ਤਾਂ ਤੁਹਾਡੇ ਵੱਡੇ ਬਾਬੂਆਂ ਦੀਆਂ ਬੱਸਾਂ, ਕਾਰਾਂ ਤਾਂ ਉਪਰ ਦੀ ਲੰਘ ਜਾਇਆ ਕਰਨਗੀਆਂ ਤੇ ਸਾਡੇ ਹਿੱਸੇ ਪੁਲ਼ ਦਾ ਹੇਠਲਾ ਹਿੱਸੇ ਆਵੇਗਾ। ਇੱਧਰ ਆਵਾਜਾਈ ਜ਼ਿਆਦਾ ਨਹੀਂ, ਇਸ ਲਈ ਪਾਸੇ ਚਾਰ ਪੱਲੜ ਪਾ ਕੇ ਉਪਰ ਪੱਕੀ ਛੱਤ ਦਾ ਇੰਤਜ਼ਾਮ ਹੋ ਜਾਵੇਗਾ। ਮੀਂਹ ਕਣੀ ਦੀ ਰੁੱਤ ਵਿੱਚ ਬੇਫ਼ਿਕਰ ਸੌਂਵਾਂਗੇ। ਸਾਡੇ ਲਈ ਤਾਂ ਇਹੋ ਖ਼ੁਸ਼ੀ ਦੀ ਗੱਲ ਹੈ, ਇੱਕ ਬਜ਼ੁਰਗ ਨੇ ਪੱਤਰਕਾਰ ਦੀਆਂ ਸਾਰੀਆਂ ਉਲਝਣਾਂ ਦੂਰ ਕਰ ਦਿੱਤੀਆਂ। ਇੰਨਾ ਸੁਣਦਿਆਂ ਹੀ ਪੱਤਰਕਾਰ ਦੂਰ ਖੜ੍ਹੇ ਮੋਟਰਸਾਈਕਲ ਵੱਲ ਤੇਜ਼ੀ ਨਾਲ ਹੋ ਤੁਰਿਆ ਜਿਵੇਂ ਉਸ ਨੂੰ ਉਨ੍ਹਾਂ ਦੀ ਖ਼ੁਸ਼ੀ ਵਿੱਚ ਸ਼ਾਮਲ ਹੋਣਾ ਚੰਗਾ ਨਾ ਲੱਗਾ ਹੋਵੇ।

**- ਲੱਖਾ ਧੀਮਾਨ**

# ਸਿਆਣੇ ਦਾ ਕਿਹਾ

ਪਦਾਰਥਵਾਦੀ ਸਮਾਜ ਦੇ ਪ੍ਰਭਾਵ ਹੇਠ ਆ ਚੁੱਕਿਆ ਚੰਨਣ ਸਿੰਘ ਲੋਕ ਦਿਖਾਵੇ ਨੂੰ ਤਰਜੀਹ ਦਿੰਦਿਆਂ ਆਪਣੀ ਧੀ ਗੁਰਮੀਤ ਦੇ ਵਿਆਹ 'ਤੇ ਕਾਫ਼ੀ ਖ਼ਰਚ ਕਰਨਾ ਚਾਹੁੰਦਾ ਸੀ, ਪਰ ਉਸ ਦਾ ਬਾਪ ਉਸ ਨੂੰ ਅਕਸਰ ਟੋਕਦਾ ਸੀ ਕਿ ਲੋਕ ਦਿਖਾਵੇ ਵਿੱਚ ਕੁਝ ਨਹੀਂ ਰੱਖਿਆ। ਉਹ ਨਸੀਹਤ ਦਿੰਦਾ ਸੀ ਕਿ ਕੁੜੀ ਦਾ ਵਿਆਹ ਸਾਦਾ ਕਰ, ਜਿੰਨੇ ਪੈਸੇ ਇਸ ਦੇ ਵਿਆਹ 'ਤੇ ਲਾਉਣੇ ਹਨ ਓਨੇ ਇਸ ਦੇ ਨਾਂ ਵੈਸੇ ਹੀ ਜਮ੍ਹਾਂ ਕਰਵਾ ਦੇ, ਇਹ ਪੈਸੇ ਇਸ ਦੀ ਜ਼ਿੰਦਗੀ 'ਚ ਕੰਮ ਆਉਣਗੇ।

ਚੰਨਣ ਸਿੰਘ ਆਪਣੀ ਜ਼ਿਦ ਪੂਰੀ ਕਰ ਕੇ ਹੀ ਹਟਿਆ। ਵਿਆਹ 'ਤੇ ਵਿੱਤੋਂ ਵੱਧ ਖ਼ਰਚ ਕੀਤਾ। ਲੋਕ ਖਾ ਪੀ ਕੇ ਆਪੋ ਆਪਣੇ ਘਰ ਅਤੇ ਕੁੜੀ ਆਪਣੇ ਘਰ ਚਲੀ ਗਈ। ਇੱਕ ਦਿਨ ਉਹ ਕੰਮ ਤੋਂ ਘਰ ਆਇਆ ਤਾਂ ਉਸ ਦੀ ਪਤਨੀ ਨੇ ਦੱਸਿਆ ਕਿ ਗੁਰਮੀਤ ਨੂੰ ਉਸ ਦੇ ਸਹੁਰੇ ਤੰਗ ਕਰ ਰਹੇ ਹਨ ਅਤੇ ਕਹਿ ਰਹੇ ਹਨ ਕਿ ਤੇਰੇ ਮਾਪਿਆਂ ਨੇ ਸਾਡੇ ਲਈ ਕੀ ਕੀਤਾ, ਜੋ ਕੀਤਾ ਉਹ ਆਪਣੇ ਨੱਕ ਲਈ ਕੀਤਾ। ਚੰਨਣ ਨੇ ਚਾਰੇ ਪਾਸੇ ਨਜ਼ਰ ਘੁਮਾਈ ਕਿ ਕੌਣ ਉਸ ਲਈ ਕੀ ਕਰ ਸਕਦਾ ਸੀ, ਪਰ ਕਿਤੋਂ ਵੀ ਆਸ ਦੀ ਕਿਰਨ ਦਿਖਾਈ ਨਾ ਦਿੱਤੀ।




ਕੋਈ ਰਿਸ਼ਤੇਦਾਰ ਜਾਂ ਮਿੱਤਰ ਉਸ ਦੀ ਮਦਦ ਨਹੀਂ ਕਰ ਸਕਦਾ ਸੀ ਕਿਉਂਕਿ ਸਾਰੇ ਕਹਿੰਦੇ ਸਨ ਕਿ ਇਹ ਲੜਕੀ ਦੇ ਘਰ ਦਾ ਮਸਲਾ ਸੀ। ਬਾਪੂ ਦੀ ਗੱਲ ਉਸ ਨੂੰ ਰਹਿ ਰਹਿ ਕੇ ਯਾਦ ਆ ਰਹੀ ਸੀ ਕਿ ਉਸ ਦੀ ਗੱਲ ਮੰਨੀ ਹੁੰਦੀ ਤਾਂ ਸ਼ਾਇਦ ਇਹ ਦਿਨ ਨਾ ਦੇਖਣੇ ਪੈਂਦੇ। ਬਾਪੂ ਭਾਵੇਂ ਪੁਰਾਣੇ ਜ਼ਮਾਨੇ ਦਾ ਸੀ, ਪਰ ਉਸ ਦੀ ਸੋਚ ਅਜੋਕੇ ਸਮੇਂ ਦੇ ਹਾਣ ਦੀ ਸੀ।

**- ਦੀਪਇੰਦਰਪਾਲ ਸਿੰਘ ਸੋਢੀ**

# ਭਾਸ਼ਣ

ਜਸ਼ਨਦੀਪ ਨੇ ਭਾਸ਼ਨ ਖ਼ਤਮ ਕੀਤਾ ਤੇ ਤਾੜੀਆਂ ਦੀ ਗੜਗੜਾਹਟ ਪੂਰੇ ਹਾਲ ਵਿੱਚ ਫੈਲ ਗਈ। ਸਾਰੇ ਸਰੋਤਿਆਂ ਨੇ ਖੜ੍ਹੇ ਹੋ ਕੇ ਉਸ ਦੀ ਹੌਸਲਾ ਅਫ਼ਜ਼ਾਈ ਕੀਤੀ। ਇੱਥੋਂ ਤਕ ਕਿ ਮੁੱਖ ਮਹਿਮਾਨ ਮੰਤਰੀ ਰਾਜਵੀਰ ਧਾਲੀਵਾਲ ਨੇ ਵੀ ਖੜੋ ਕੇ ਤਾੜੀਆਂ ਵਜਾਈਆਂ। ਆਮ ਤੌਰ ਉੱਤੇ ਪ੍ਰੋਗਰਾਮਾਂ ਦੇ ਅੱਧ ਵਿਚਕਾਰੋਂ ਹੀ ਮੁੜ ਆਉਣ ਵਾਲੇ ਧਾਲੀਵਾਲ ਸਾਹਿਬ ਪ੍ਰੋਗਰਾਮ ਦੇ ਅੰਤ ਤਕ ਸੋਫੇ 'ਤੇ ਜੰਮੇ ਰਹੇ। ਆਪਣੇ ਭਾਸ਼ਨ ਵਿੱਚ ਉਨ੍ਹਾਂ ਨੇ ਜਸ਼ਨਦੀਪ ਦੀਆਂ ਸਿਫ਼ਤਾਂ ਦੇ ਖ਼ੂਬ ਪੁਲ਼ ਬੰਨ੍ਹੇ।

ਪ੍ਰੋਗਰਾਮ ਤੋਂ ਬਾਅਦ ਮਹਿਮਾਨਾਂ ਲਈ ਖਾਣੇ ਦਾ ਬੰਦੋਬਸਤ ਸੀ। ਮੰਤਰੀ ਜੀ ਜਸ਼ਨਦੀਪ ਤੋਂ ਕਾਫ਼ੀ ਪ੍ਰਭਾਵਿਤ ਸਨ। ਸੁਨੇਹਾ ਭੇਜ ਕੇ ਉਸ ਨੂੰ ਬੁਲਵਾਇਆ।

"ਕਾਕਾ, ਤੁਸੀਂ ਜਸ਼ਨ ਹੋ?"

"ਹਾਂ ਜੀ।"



"ਪੁੱਤਰ, ਕਿਹੜੀ ਜਮਾਤ ਵਿੱਚ ਪੜ੍ਹਦੇ ਹੋ?"

"ਜੀ ਅੱਠਵੀਂ ਵਿੱਚ।"

ਸੁਭਾਅ ਤੋਂ ਗਾਲੜੀ ਧਾਲੀਵਾਲ ਸਾਹਿਬ ਨੇ ਜਸ਼ਨਦੀਪ ਨਾਲ ਗੱਲਾਂ ਦੀ ਲੜੀ ਨਾ ਟੁੱਟਣ ਦਿੱਤੀ।

"ਬੇਟਾ, ਤੁਹਾਡਾ ਭਾਸ਼ਣ ਬਹੁਤ ਵਧੀਆ ਸੀ। ਤੁਹਾਡੇ ਸ਼ਬਦਾਂ ਵਿੱਚ ਜਾਨ ਤੇ ਭਾਵਾਂ ਵਿੱਚ ਡੂੰਘਾਈ ਸੀ। ਤੁਸੀਂ ਤਾਂ ਗ਼ਰੀਬੀ, ਬੇਬਸੀ ਤੇ ਲਾਚਾਰੀ ਦੀ ਮੂਰਤ ਹੀ ਘੜ ਦਿੱਤੀ। ਮੇਰਾ ਮਨ ਕਰਦਾ ਹੈ ਕਿ ਉਸ ਭਾਸ਼ਨ ਦੀਆਂ ਕਈ ਗੱਲਾਂ ਮੈਂ ਆਪਣੇ ਭਾਸ਼ਨ ਲਈ ਨੋਟ ਕਰ ਲਵਾਂ। ਇਹ ਭਾਸ਼ਨ ਤੁਸੀਂ ਖ਼ੁਦ ਤਿਆਰ ਕੀਤਾ ਹੈ?" ਮੰਤਰੀ ਜੀ ਨੇ ਪੁੱਛਿਆ। ਉਨ੍ਹਾਂ ਦੇ ਚਿਹਰੇ 'ਤੇ ਹੈਰਾਨੀ ਦੇ ਭਾਵ ਸਨ।

"ਨਹੀਂ ਜੀ, ਮੈਨੂੰ ਇਹ ਭਾਸ਼ਨ ਮੇਰੇ ਪਿਤਾ ਜੀ ਨੇ ਤਿਆਰ ਕਰਵਾਇਆ ਹੈ।"

"ਬਹੁਤ ਹੀ ਵਧੀਆ! ਜਾਪਦਾ ਹੈ ਕਿ ਤੁਹਾਡੇ ਪਿਤਾ ਜੀ ਦਾ ਗ਼ਰੀਬੀ, ਲਾਚਾਰੀ ਤੇ ਸ਼ੋਸ਼ਣ ਦਾ ਬੜੇ ਨੇੜੇ ਦਾ ਤਜਰਬਾ ਹੈ। ਕੀ ਕਰਦੇ ਨੇ ਉਹ?"

"ਜੀ, ਉਹ ਤੁਹਾਡੇ ਹੀ ਮਹਿਕਮੇ ਵਿੱਚ ਪਿਛਲੇ ਸੱਤ ਸਾਲਾਂ ਤੋਂ ਠੇਕੇ ਦੇ ਮੁਲਾਜ਼ਮ ਹਨ।"

ਮੰਤਰੀ ਜੀ ਨੂੰ ਇੱਕ ਘਟਨਾ ਚੇਤੇ ਆ ਗਈ। ਦੋ ਦਿਨ ਪਹਿਲਾਂ ਹੀ ਉਨ੍ਹਾਂ ਦੇ ਮਹਿਕਮੇ ਵਿੱਚ ਪੱਕੇ ਹੋਣ ਲਈ ਧਰਨਾ ਲਾਉਂਦੇ ਮੁਲਾਜ਼ਮਾਂ 'ਤੇ ਪੁਲੀਸ ਨੇ ਬੜੀ ਬੇਰਹਿਮੀ ਨਾਲ ਡਾਂਗਾਂ ਵਰ੍ਹਾਈਆਂ ਸਨ। ਇਕਦਮ ਉਨ੍ਹਾਂ ਦੀਆਂ ਨਜ਼ਰਾਂ ਝੁਕ ਗਈਆਂ। ਉਨ੍ਹਾਂ ਦੇ ਚਿਹਰੇ ਦਾ ਰੰਗ ਪੀਲਾ ਪੈ ਗਿਆ। ਵਿਰੋਧੀ ਲੀਡਰਾਂ ਤੇ ਪੱਤਰਕਾਰਾਂ ਦੇ ਔਖੇ ਔਖੇ ਸਵਾਲਾਂ ਦੇ ਜਵਾਬ ਦਿੰਦਿਆਂ ਉੱਕਾ ਨਾ ਰੁਕਣ ਵਾਲੀ ਜ਼ੁਬਾਨ ਅੱਜ ਇੱਕ ਮਾਸੂਮ ਬੱਚੇ ਅੱਗੇ ਬੰਦ ਹੋ ਗਈ ਸੀ।

**—ਉਮੇਸ਼ ਸ਼ਰਮਾ**

# ਆਯਾ

ਬਲਵੰਤ ਨੇ ਆਪਣੇ ਇਕਲੌਤੇ ਬੇਟੇ ਮੋਹਨ ਨੂੰ ਵਿਤੋਂ ਵੱਧ ਜ਼ੋਰ ਲਾ ਕੇ ਵਧੀਆ ਤਾਲੀਮ ਦਿਵਾਈ। ਮੋਹਨ ਦੀ ਇੱਛਾ ਮੁਤਾਬਿਕ ਉਸ ਦਾ ਵਿਦੇਸ਼ ਜਾਣ ਦਾ ਪ੍ਰਬੰਧ ਕੀਤਾ। ਉਸ ਨੂੰ ਵਿਦੇਸ਼ ਵਿੱਚ ਵਧੀਆ ਸੈੱਟ ਕਰਨ ਦੀ ਗੱਲ ਸੋਚ ਕੇ ਆਪਣੀ ਜ਼ਮੀਨ ਵੀ ਦਾਅ 'ਤੇ ਲਾ ਦਿੱਤੀ। ਮੋਹਨ ਅਤੇ ਉਸ ਦੇ ਪਰਿਵਾਰ ਨੇ ਮਾਪਿਆਂ ਦੇ ਭੇਜੇ ਪੈਸਿਆਂ ਨਾਲ ਘਰ ਵੀ ਲੈ ਲਿਆ। ਬਲਵੰਤ ਆਪਣੀ ਪਤਨੀ ਦੀਪ ਨੂੰ ਕਹਿਣ ਲੱਗਾ, "ਕਿਉਂ ਨਾ ਆਪਾਂ ਮੋਹਨ ਅਤੇ ਉਸ ਦੇ ਪਰਿਵਾਰ ਕੋਲ ਚੱਲੀਏ? ਨਾਲੇ ਆਪਣਾ ਇੱਥੇ ਹੋਰ ਹੈ ਵੀ ਕੌਣ?" ਬਲਵੰਤ ਨੇ ਆਪਣੀ ਪਤਨੀ ਦੀਪ ਨਾਲ ਟਿਕਟਾਂ ਲਈਆਂ ਤੇ ਜਹਾਜ਼ ਚੜ੍ਹ ਗਏ। ਕੁਝ ਸਮਾਂ ਹੀ ਬੀਤਿਆ ਕਿ ਦੀਪ ਦਾ ਉੱਥੇ ਦਮ ਘੁੱਟਣ ਲੱਗਾ। ਉਸ ਨੇ ਬਲਵੰਤ ਨੂੰ ਕਿਹਾ, "ਪੁੱਤ ਨੂੰਹ ਕੰਮ 'ਤੇ ਚਲੇ ਜਾਂਦੇ ਹਨ ਤੇ ਬੱਚੇ ਸਕੂਲ, ਕਿਸੇ ਨਾਲ ਇੱਥੇ ਪਰਿਵਾਰਕ ਸਾਂਝ ਵੀ ਨਹੀਂ ਜਿਨ੍ਹਾਂ ਨਾਲ ਦਿਨ ਦਾ ਬਾਕੀ ਹਿੱਸਾ ਗੁਜ਼ਾਰ ਲਈਏ।" ਬਲਵੰਤ ਨੇ ਉਸ ਨੂੰ ਬਹੁਤ ਸਮਝਾਇਆ ਕਿ ਇਸ ਮੁਲਕ ਵਿੱਚ ਹਰ ਕੋਈ ਆਪਣੇ ਕੰਮ ਨਾਲ ਮਤਲਬ ਰੱਖਦਾ ਹੈ। ਆਪਣੇ ਨਾਲ ਗੱਲਾਂ ਕਰਨ ਦਾ ਇਨ੍ਹਾਂ ਲੋਕਾਂ ਕੋਲ ਵਕਤ ਕਿੱਥੇ! ਫਿਰ ਵੀ ਦੀਪ ਦਾ ਉੱਥੇ ਜੀਅ ਨਾ ਲੱਗਾ। ਉਹ ਕੁਝ ਸਮੇਂ ਬਾਅਦ ਹੀ ਇੰਡੀਆ ਵਾਪਸ ਆ ਗਈ। ਬਲਵੰਤ ਨੇ ਆਪਣੇ ਆਪ ਨੂੰ ਰੁੱਝਿਆ ਰੱਖਣ ਲਈ ਹਰ ਹੀਲਾ ਵਰਤਿਆ। ਜਦੋਂ ਨੂੰਹ ਪੁੱਤ ਕੰਮ ਤੋਂ ਘਰ ਆਉਂਦੇ ਤਾਂ ਉਨ੍ਹਾਂ ਨਾਲ ਘਰੇਲੂ ਗੱਲਾਂ ਕਰਦਾ, ਪਰ ਮੋਹਨ ਨਹੀਂ ਸੀ ਚਾਹੁੰਦਾ ਕਿ ਬਲਵੰਤ ਉਨ੍ਹਾਂ ਦੀਆਂ ਗੱਲਾਂ ਵਿੱਚ ਦਖਲ ਦੇਵੇ। ਇੱਕ ਵਾਰ ਤਾਂ ਮੋਹਨ ਨੇ ਕਹਿ ਹੀ ਦਿੱਤਾ, "ਪਾਪਾ, ਤੁਸੀਂ ਸਾਡੀਆਂ ਗੱਲਾਂ 'ਚ ਨਾ ਬੋਲਿਆ ਕਰੋ।" ਬਲਵੰਤ ਮਨ ਮਸੋਸ ਕੇ ਰਹਿ ਗਿਆ, ਪਰ ਕਿਹਾ ਕੁਝ ਨਹੀਂ। ਇਸੇ ਤਰ੍ਹਾਂ ਸਮਾਂ ਬੀਤਦਾ ਗਿਆ। ਤਕਰੀਬਨ ਦੋ ਸਾਲ ਲੰਘ ਗਏ। ਉਹ ਆਪਣੇ ਪੋਤੇ ਪੋਤੀ ਨੂੰ ਸਕੂਲ ਵਾਲੀ ਗੱਡੀ ਚੜ੍ਹਾ ਆਉਂਦਾ ਅਤੇ ਸਕੂਲੋਂ ਆਉਣ ਸਮੇਂ ਬੱਚਿਆਂ ਨੂੰ ਬੱਸ ਤੋਂ ਲੈ ਆਉਂਦਾ। ਘਰ ਆ ਕੇ ਉਨ੍ਹਾਂ ਨੂੰ ਖਾਣਾ ਗਰਮ ਕਰ ਕੇ ਦਿੰਦਾ। ਇਸ ਤਰ੍ਹਾਂ ਉਹ ਆਪਣੇ ਪੋਤੇ ਪੋਤੀ 'ਚ ਕਾਫ਼ੀ ਰਚਮਿਚ ਗਿਆ।


ਫਿਰ ਵੀ ਮੋਹਨ ਨੂੰ ਘਰ ਵਿੱਚ ਆਪਣੇ ਪਿਤਾ ਦੀ ਦਖਲਅੰਦਾਜ਼ੀ ਫੁੱਟੀ ਅੱਖ ਨਾ ਭਾਉਂਦੀ। ਬਲਵੰਤ ਨੂੰ ਵੀ ਉਸ ਦਾ ਵਤੀਰਾ ਚੰਗਾ ਨਾ ਲੱਗਿਆ। ਉਸ ਨੇ ਵੀ ਵਾਪਸ ਆਉਣ ਦਾ ਫ਼ੈਸਲਾ ਕੀਤਾ। ਉਸ ਨੇ ਆਪਣਾ ਫ਼ੈਸਲਾ ਮੋਹਨ ਨੂੰ ਸੁਣਾ ਕੇ ਕਿਹਾ, "ਮੈਂ ਤਾਂ ਬੱਚਿਆਂ ਕਰਕੇ ਇੰਨਾ ਚਿਰ ਇੱਥੇ ਰਿਹਾ। ਨਹੀਂ ਤਾਂ ਮੈਂ ਵੀ ਪਹਿਲਾਂ ਹੀ ਚਲੇ ਜਾਣਾ ਸੀ।" "ਬੱਸ ਇੰਨੀ ਗੱਲ ਸੀ, ਡੈਡੀ! ਤੁਸੀਂ ਮੈਨੂੰ ਪਹਿਲਾਂ ਦੱਸ ਦਿੰਦੇ। ਮੈਂ ਛੇ ਸੌ ਡਾਲਰ 'ਤੇ ਇੱਕ ਆਯਾ ਰੱਖ ਦੇਣੀ ਸੀ।"



**- ਸਰਬਜੀਤ ਸਿੰਘ ਹੇਰਾਂ**



# ਜ਼ਿੰਦਗੀ ਦਾ ਸ਼ਾਇਰ ਸੀ ਦੁਸ਼ਯੰਤ ਕੁਮਾਰ



ਸਾਡੀ ਚੜ੍ਹਦੀ ਜਵਾਨੀ ਸੀ ਜਦ ਦੁਸ਼ਿਅੰਤ ਕੁਮਾਰ ਦੀ ਹਿੰਦੀ 'ਚ .ਗਜ਼ਲ ਛਪਣੀ ਸ਼ੁਰੂ ਹੋਈ। ਕਮਲੇਸ਼ਵਰ ਦੀ ਸੰਪਾਦਨਾ ਹੇਠ ਛਪਦੀ ਮੈਗਜ਼ੀਨ ਸਾਰਿਕਾ ਭਾਵੇਂ ਕਹਾਣੀ ਪ੍ਰਮੁੱਖ ਸੀ ਪਰ ਇਸ ਚ ਕਦੇ ਕਦੇ .ਗਜ਼ਲ ਵੀ ਛਪਦੀ। ਇਹ .ਗਜ਼ਲ ਬਹੁਤੀ ਵਾਰ ਦੁਸ਼ਿਅੰਤ ਕੁਮਾਰ ਦੀ ਹੁੰਦੀ। ਸਾਡਾ ਇੱਕ ਸਹਿਪਾਠੀ ਸੀ ਗੁਲਸ਼ਨ ਬਹਾਰ, ਉਸ ਦੀ .ਗਜ਼ਲ ਵੀ ਕਦੇ ਕਦੇ ਛਪਦੀ। ਅਸੀਂ ਚਾਅ ਲੈਂਦੇ। ਪੰਜਾਬੀ ਦੇ ਕਈ ਕਹਾਣੀਕਾਰ ਹਿੰਦੀ ਚ ਅਨੁਵਾਦ ਹੋ ਕੇ ਇਸ ਮੈਗਜ਼ੀਨ 'ਚ ਛਪਦੇ। ਰਾਮ ਸਰੂਪ ਅਣਖ਼ੀ ਲਾਜ਼ਮੀ ਛਪਦੇ। ਕਦੇ ਕਦੇ ਗੁਰਬਚਨ ਸਿੰਘ ਭੁੱਲਰ ਵੀ। ਦੁਸ਼ਿਅੰਤ ਕੁਮਾਰ ਦੀਆਂ .ਗਜ਼ਲਾਂ ਦੀ ਕਿਤਾਬ ਸਾਏ ਮੇਂ ਧੂਪ ਸ਼ਾਇਦ 1976 ਚ ਛਪੀ ਸੀ। ਬੁੱਕਸ ਮਾਰਕੀਟ ਲੁਧਿਆਣਾ ਦੇ ਨਾਲ ਪਾਟਵੀਂ ਤੰਗ ਗਲੀ ਵਿੱਚ ਹਿੰਦੀ ਕਿਤਾਬਾਂ ਦਾ ਭੰਡਾਰ ਹੁੰਦਾ ਸੀ। ਇਹ ਕਿਤਾਬ ਮੈਂ ਉਥੋਂ ਖ਼ਰੀਦੀ। ਪਿੰਡ ਜਾਂਦਿਆਂ ਉਦੋਂ ਮੈਂ ਅਕਸਰ ਜਲੰਧਰ ਰੁਕ ਜਾਂਦਾ। ਭਾ ਜੀ ਬਰਜਿੰਦਰ ਸਿੰਘ ਉਦੋਂ ਵਿਜੈ ਨਗਰ 'ਚ ਰਹਿੰਦੇ ਸਨ। ਦ੍ਰਿਸ਼ਟੀ ਮਾਸਿਕ ਪੱਤਰ ਦਾ ਸੰਪਾਦਨ ਵੀ ਇਥੋਂ ਹੀ ਹੁੰਦਾ ਸੀ। ਕਿਤਾਬ ਲੈ ਕੇ ਮੈਂ ਜਲੰਧਰ ਪਹੁੰਚਿਆ ਤਾਂ ਭਾ ਜੀ ਕੋਲ ਸ ਸ ਮੀਸ਼ਾ ਜੀ ਬੈਠੇ ਸਨ। ਮੈਂ ਹੁੱਬ ਕੇ ਕਿਤਾਬ ਦੀ ਗੱਲ ਕੀਤੀ ਤਾਂ ਉਹ ਕਹਿਣ ਲੱਗੇ ਕਿ ਕੁਝ .ਗਜ਼ਲਾਂ ਪੜ੍ਹ ਕੇ ਸਾਨੂੰ ਸੁਣਾ। ਲਗਭਗ ਸਾਰੀ ਹੀ ਕਿਤਾਬ ਪੜ੍ਹ ਕੇ ਸੁਣਾ ਘੱਤੀ। ਉਨ੍ਹਾਂ ਦੇ ਸਬਰ ਦਾ ਵੀ ਇਮਤਿਹਾਨ ਸੀ ਤੇ ਮੇਰੇ ਸਿਦਕ ਦਾ ਵੀ। ਸਾਰੇ ਪਾਸ ਹੋਏ। ਦੁਪਹਿਰ ਦੀ ਰੋਟੀ ਖਾ ਕੇ ਮੈਂ ਸ਼ਾਮੀਂ ਪਿੰਡ ਅੱਪੜਿਆ। ਦੋਬਾਰਾ ਪੜ੍ਹੀ ਕਿਤਾਬ ਪੂਰੀ। ਵੱਡੇ ਭਾ ਜੀ ਸੁਖਵੰਤ ਸਿੰਘ ਨੂੰ ਪੜ੍ਹਨ ਲਈ ਦਿੱਤੀ।

ਅਜਬ ਨਸ਼ਾ ਸੀ ਇਸ ਕਿਤਾਬ ਵਿਚਲੇ ਕਲਾਮ ਦਾ। ਪਿੰਡ ਬਹਿ ਕੇ ਪੂਰੀ ਕਿਤਾਬ ਦਾ ਗੁਰਮੁਖੀ 'ਚ ਲਿਪੀਅੰਤਰ ਕਰ ਦਿੱਤਾ।

ਲੁਧਿਆਣੇ ਆ ਕੇ ਇਹ ਮਸੌਦਾ ਸੁਰਿੰਦਰ ਕੈਲੇ ਨੂੰ ਅਣੂ ਦਾ ਵਿਸ਼ੇਸ਼ ਅੰਕ ਛਾਪਣ ਲਈ ਦੇ ਦਿੱਤਾ। ਪਰ ਇਹ ਕਦੇ ਨਾ ਛਪ ਸਕਿਆ। ਕਿਤੇ ਗੁੰਮ ਗੁਆਚ ਗਿਆ ਮਸੌਦਾ। ਕੁਝ ਦੋਸਤਾਂ ਨੇ ਇਸ ਦਾ ਲਿਪੀਅੰਤਰ ਕਰਕੇ ਮਗਰੋਂ ਗੁਰਮੁਖੀ ਅੱਖਰਾਂ 'ਚ ਛਪਵਾਇਆ। ਇੰਜ ਦੁਸ਼ਿਅੰਤ ਕੁਮਾਰ ਦੀ ਸ਼ਾਇਰੀ ਘਰ ਘਰ ਪਹੁੰਚੀ।

ਹੁਣ ਫੇਰ ਤਲਬ ਜਾਗੀ ਹੈ ਇਸ ਕਿਤਾਬ ਨੂੰ ਬਹੁਤ ਸੋਹਣੇ ਅੰਦਾਜ਼ ਵਿੱਚ ਛਾਪਣ ਦੀ। ਸ਼ਾਇਦ ਇਹ ਸਾਲ ਮੁੱਕਣ ਤੋਂ ਪਹਿਲਾਂ ਪਹਿਲਾਂ ਇਹ ਕਾਰਜ ਨੇਪਰੇ ਚੜ੍ਹ ਜਾਵੇ। ਹਿੰਦੀ ਪ੍ਰਕਾਸ਼ਕ ਦੀ ਪ੍ਰਵਾਨਗੀ ਤੇ ਨਿਰਭਰ ਕਰੇਗਾ। ਹਾਲ ਦੀ ਘੜੀ ਸਮਰੱਥ ਸ਼ਾਇਰ ਦੀਆਂ ਚੋਣਵੀਆਂ .ਗਜ਼ਲਾਂ ਪੜ੍ਹੋ ਤੇ ਚੰਗੀਆਂ ਲੱਗਣ ਤੇ ਅੱਗੇ ਪੜ੍ਹਾਉ।



ਗੁਰਭਜਨ ਗਿੱਲ

### 1

ਕਹਾਂ ਤੋ ਤਯ ਥਾ ਚਿਰਾਗਾਂ ਹਰੇਕ ਘਰ ਕੇ ਲਿਏ,
ਕਹਾਂ ਚਿਰਾ.ਗ ਮਯੱਸਰ ਨਹੀਂ ਸ਼ਹਰ ਕੇ ਲਿਏ।

ਯਹਾਂ ਦਰਖ਼ਤੋਂ ਕੇ ਸਾਯੇ ਮੇਂ ਧੂਪ ਲਗਤੀ ਹੈ,
ਚਲੋ ਯਹਾਂ ਸੇ ਚਲੇਂ ਔਰ ਉਮਰ ਭਰ ਕੇ ਲਿਏ।

ਨ ਹੋ ਕਮੀਜ਼ ਤੋ ਪਾਂਵ ਸੇ ਪੇਟ ਢੰਕ ਲੇਂਗੇ,
ਯੇ ਲੋਗ ਕਿਤਨੇ ਮੁਨਾਸਿਬ ਹੈਂ, ਇਸ ਸ.ਫਰ ਕੇ ਲਿਏ।

ਖ਼ੁਦਾ ਨਹੀਂ, ਨ ਸਹੀ, ਆਦਮੀ ਕਾ ਖ਼ਵਾਬ ਸਹੀ,
ਕੋਈ ਹਸੀਨ ਨਜ਼ਾਰਾ ਤੋ ਹੈ ਨਜ਼ਰ ਕੇ ਲਿਏ।

ਵੋ ਮੁਤਮਈਨ ਹੈਂ ਕਿ ਪੱਥਰ ਪਿਘਲ ਨਹੀਂ ਸਕਤਾ,
ਮੈਂ ਬੇਕਰਾਰ ਹੂੰ ਆਵਾਜ਼ ਮੇਂ ਅਸਰ ਕੇ ਲਿਏ।

ਤੇਰਾ ਨਿਜ਼ਾਮ ਹੈ ਸਿਲ ਦੇ ਜੁਬਾਨ ਸ਼ਾਯਰ ਕੀ,
ਯੇ ਏਹਤਿਯਾਤ ਜ਼ਰੂਰੀ ਹੈ ਇਸ ਬਹਰ ਕੇ ਲਿਏ।

ਜਿਏਂ ਤੋ ਅਪਨੇ ਬ.ਗੀਚੇ ਮੇਂ ਗੁਲਮੋਹਰ ਕੇ ਤਲੇ,
ਮਰੇਂ ਤੋ .ਗੈਰ ਕੀ ਗਲਿਯੋਂ ਮੇਂ ਗੁਲਮੋਹਰ ਕੇ ਲਿਏ।
**(ਮੁਤਮਈਨ=ਸੰਤੁਸ਼ਟ)**

### 2

ਕੈਸੇ ਮੰਜ਼ਰ ਸਾਮਨੇ ਆਨੇ ਲਗੇ ਹੈਂ,
ਗਾਤੇ-ਗਾਤੇ ਲੋਗ ਚਿੱਲਾਨੇ ਲਗੇ ਹੈਂ।

ਅਬ ਤੋ ਇਸ ਤਾਲਾਬ ਕਾ ਪਾਨੀ ਬਦਲ ਦੋ,
ਯੇ ਕੰਵਲ ਕੇ ਫੂਲ ਕੁਮ੍ਹਲਾਨੇ ਲਗੇ ਹੈਂ।

ਵੋ ਸਲੀਬੋਂ ਕੇ ਕਰੀਬ ਆਏ ਤੋ ਹਮਕੋ,
ਕਾਯਦੇ-ਕਾਨੂਨ ਸਮਝਾਨੇ ਲਗੇ ਹੈਂ।

ਏਕ ਕਬਰਿਸਤਾਨ ਮੇਂ ਘਰ ਮਿਲ ਰਹਾ ਹੈ,
ਜਿਸਮੇਂ ਤਹਖ਼ਾਨੋਂ ਸੇ ਤਹਖ਼ਾਨੇ ਲਗੇ ਹੈਂ।

ਮਛਲਿਯੋਂ ਮੇਂ ਖਲਬਲੀ ਹੈ, ਅਬ ਸ.ਫੀਨੇ,
ਉਸ ਤਰ.ਫ ਜਾਨੇ ਸੇ ਕਤਰਾਨੇ ਲਗੇ ਹੈਂ।

ਮੌਲਵੀ ਸੇ ਡਾਂਟ ਖਾਕਰ ਅਹਲੇ ਮਕਤਬ,
ਫਿਰ ਉਸੀ ਆਯਤ ਕੋ ਦੋਹਰਾਨੇ ਲਗੇ ਹੈਂ।

ਅਬ ਨਯੀ ਤਹਜ਼ੀਬ ਕੇ ਪੇਸ਼ੇ-ਨਜ਼ਰ ਹਮ,
ਆਦਮੀ ਕੋ ਭੂਨਕਰ ਖਾਨੇ ਲਗੇ ਹੈਂ।
**(ਮੰਜ਼ਰ=ਨਜ਼ਾਰੇ, ਸ.ਫੀਨੇ=ਕਿਸ਼ਤੀਆਂ,**
**ਅਹਲੇ ਮਕਤਬ=ਵਿਦਿਆਰਥੀ)**

### 3

ਯੇ ਸਾਰਾ ਜਿਸਮ ਝੁਕਕਰ ਬੋਝ ਸੇ ਦੁਹਰਾ ਹੁਆ ਹੋਗਾ,
ਮੈਂ ਸਜਦੇ ਮੇਂ ਨਹੀਂ ਥਾ, ਆਪਕੋ ਧੋਖਾ ਹੁਆ ਹੋਗਾ।

ਯਹਾਂ ਤਕ ਆਤੇ-ਆਤੇ ਸੂਖ ਜਾਤੀ ਹੈਂ ਕਈ ਨਦਿਯਾਂ,
ਮੁਝੇ ਮਾਲੂਮ ਹੈ ਪਾਨੀ ਕਹਾਂ ਠਹਰਾ ਹੁਆ ਹੋਗਾ।

.ਗਜ਼ਬ ਯੇ ਹੈ ਕਿ ਅਪਨੀ ਮੌਤ ਕੀ ਆਹਟ ਨਹੀਂ ਸੁਨਤੇ,
ਵੋ ਸਬ-ਕੇ-ਸਬ ਪਰੀਸ਼ਾਂ ਹੈਂ ਵਹਾਂ ਪਰ ਕਯਾ ਹੁਆ ਹੋਗਾ।

ਤੁਮਹਾਰੇ ਸ਼ਹਰ ਮੇਂ ਯੇ ਸ਼ੋਰ ਸੁਨ-ਸੁਨਕਰ ਤੋ ਲਗਤਾ ਹੈ,
ਕਿ ਇਨਸਾਨੋਂ ਕੇ ਜੰਗਲ ਮੇਂ ਕੋਈ ਹਾਂਕਾ ਹੁਆ ਹੋਗਾ।

ਕਈ .ਫਾਕੇ ਬਿਤਾਕਰ ਮਰ ਗਯਾ, ਜੋ ਉਸਕੇ ਬਾਰੇ ਮੇਂ,
ਵੋ ਸਬ ਕਹਤੇ ਹੈਂ ਅਬ, ਐਸਾ ਨਹੀਂ, ਐਸਾ ਹੁਆ ਹੋਗਾ।

ਯਹਾਂ ਤੋ ਸਿਰ.ਫ ਗੂੰਗੇ ਔਰ ਬਹਰੇ ਲੋਗ ਬਸਤੇ ਹੈਂ,
ਖ਼ੁਦਾ ਜਾਨੇ ਯਹਾਂ ਪਰ ਕਿਸ ਤਰਹ ਜਲਸਾ ਹੁਆ ਹੋਗਾ।

ਚਲੋ, ਅਬ ਯਾਦਗਾਰੋਂ ਕੀ ਅੰਧੇਰੀ ਕੋਠਰੀ ਖੋਲੇਂ,
ਕਮ-ਅਜ਼-ਕਮ ਏਕ ਵੋ ਚੇਹਰਾ ਤੋ ਪਹਚਾਨਾ ਹੁਆ ਹੋਗਾ।

### 4

ਇਸ ਨਦੀ ਕੀ ਧਾਰ ਮੇਂ ਠੰਡੀ ਹਵਾ ਆਤੀ ਤੋ ਹੈ,
ਨਾਵ ਜਰਜਰ ਹੀ ਸਹੀ, ਲਹਰੋਂ ਸੇ ਟਕਰਾਤੀ ਤੋ ਹੈ।

ਏਕ ਚਿੰਗਾਰੀ ਕਹੀਂ ਸੇ ਢੂੰਢ ਲਾਓ ਦੋਸਤ,
ਇਸ ਦਿਯੇ ਮੇਂ ਤੇਲ ਸੇ ਭੀਗੀ ਹੁਈ ਬਾਤੀ ਤੋ ਹੈ।

ਇਸ ਖੰਡਹਰ ਕੇ ਹਰਿਦਯ-ਸੀ, ਏਕ ਜੰਗਲੀ ਫੂਲ-ਸੀ,
ਆਦਮੀ ਕੀ ਪੀਰ ਗੂੰਗੀ ਹੀ ਸਹੀ, ਗਾਤੀ ਤੋ ਹੈ।

ਏਕ ਚਾਦਰ ਸਾਂਝ ਨੇ ਸਾਰੇ ਨਗਰ ਪਰ ਡਾਲ ਦੀ,
ਯਹ ਅੰਧੇਰੇ ਕੀ ਸੜਕ ਉਸ ਭੋਰ ਤਕ ਜਾਤੀ ਤੋ ਹੈ।

ਨਿਰਵਚਨ ਮੈਦਾਨ ਮੇਂ ਲੇਟੀ ਹੁਈ ਹੈ ਜੋ ਨਦੀ,
ਪੱਥਰੋਂ ਸੇ, ਓਟ ਮੇਂ ਜੋ ਜਾਕੇ ਬਤਿਯਾਤੀ ਤੋ ਹੈ।

ਦੁਖ ਨਹੀਂ ਕੋਈ ਕਿ ਅਬ ਉਪਲਬਧਿਯੋਂ ਕੇ ਨਾਮ ਪਰ,
ਔਰ ਕੁਛ ਹੋ ਯਾ ਨ ਹੋ, ਆਕਾਸ਼-ਸੀ ਛਾਤੀ ਤੋ ਹੈ।
**(ਭੋਰ-ਸਵੇਰ, ਉਪਲਬਧਿਯੋਂ-ਪ੍ਰਾਪਤੀਆਂ**

### 5

ਦੇਖ, ਦਹਲੀਜ ਸੇ ਕਾਈ ਨਹੀਂ ਜਾਨੇ ਵਾਲੀ,
ਯੇ ਖ਼ਤਰਨਾਕ ਸਚਾਈ ਨਹੀਂ ਜਾਨੇ ਵਾਲੀ।

ਕਿਤਨਾ ਅੱਛਾ ਹੈ ਕਿ ਸਾਂਸੋਂ ਕੀ ਹਵਾ ਲਗਤੀ ਹੈ,
ਆਗ ਅਬ ਉਨਸੇ ਬੁਝਾਈ ਨਹੀਂ ਜਾਨੇ ਵਾਲੀ।

ਏਕ ਤਾਲਾਬ-ਸੀ ਭਰ ਜਾਤੀ ਹੈ ਹਰ ਬਾਰਿਸ਼ ਮੇਂ,
ਮੈਂ ਸਮਝਤਾ ਹੂੰ ਯੇ ਖਾਈ ਨਹੀਂ ਜਾਨੇ ਵਾਲੀ।

ਚੀਖ਼ ਨਿਕਲੀ ਤੋ ਹੈ ਹੋਂਠੋਂ ਸੇ, ਮਗਰ ਮੱਧਮ ਹੈ,
ਬੰਦ ਕਮਰੋਂ ਕੋ ਸੁਨਾਈ ਨਹੀਂ ਜਾਨੇ ਵਾਲੀ।

ਤੂ ਪਰੇਸ਼ਾਨ ਬਹੁਤ ਹੈ, ਤੂ ਪਰੇਸ਼ਾਨ ਨ ਹੋ,
ਇਨ ਖ਼ੁਦਾਓਂ ਕੀ ਖ਼ੁਦਾਈ ਨਹੀਂ ਜਾਨੇ ਵਾਲੀ।

ਆਜ ਸੜਕੋਂ ਪੇ ਚਲੇ ਆਓ ਤੋ ਦਿਲ ਬਹਲੇਗਾ,
ਚੰਦ .ਗਜ਼ਲੋਂ ਸੇ ਤਨਹਾਈ ਨਹੀਂ ਜਾਨੇ ਵਾਲੀ।

### 6

ਖੰਡਹਰ ਬਚੇ ਹੁਏ ਹੈਂ, ਇਮਾਰਤ ਨਹੀਂ ਰਹੀ,
ਅੱਛਾ ਹੁਆ ਕਿ ਸਰ ਪੇ ਕੋਈ ਛਤ ਨਹੀਂ ਰਹੀ।

ਕੈਸੀ ਮਸ਼ਾਲੇਂ ਲੇਕੇ ਚਲੇ ਤੀਰਗੀ ਮੇਂ ਆਪ,
ਜੋ ਰੋਸ਼ਨੀ ਥੀ ਵੋ ਭੀ ਸਲਾਮਤ ਨਹੀਂ ਰਹੀ।

ਹਮਨੇ ਤਮਾਮ ਉਮਰ ਅਕੇਲੇ ਸ.ਫਰ ਕਿਯਾ,
ਹਮ ਪਰ ਕਿਸੀ ਖ਼ੁਦਾ ਕੀ ਇਨਾਯਤ ਨਹੀਂ ਰਹੀ।

ਮੇਰੇ ਚਮਨ ਮੇਂ ਕੋਈ ਨਸ਼ੇਮਨ ਨਹੀਂ ਰਹਾ,
ਯਾ ਯੂੰ ਕਹੋ ਕਿ ਬਰਕ ਕੀ ਦਹਸ਼ਤ ਨਹੀਂ ਰਹੀ।

ਹਮਕੋ ਪਤਾ ਨਹੀਂ ਥਾ ਹਮੇਂ ਅਬ ਪਤਾ ਚਲਾ,
ਇਸ ਮੁਲਕ ਮੇਂ ਹਮਾਰੀ ਹੁਕੂਮਤ ਨਹੀਂ ਰਹੀ।

ਕੁਛ ਦੋਸਤੋਂ ਸੇ ਵੈਸੇ ਮਰਾਸਿਮ ਨਹੀਂ ਰਹੇ,
ਕੁਛ ਦੁਸ਼ਮਨੋਂ ਸੇ ਵੈਸੀ ਅਦਾਵਤ ਨਹੀਂ ਰਹੀ।

ਹਿੰਮਤ ਸੇ ਸਚ ਕਹੋ ਤੋ ਬੁਰਾ ਮਾਨਤੇ ਹੈਂ ਲੋਗ,
ਰੋ-ਰੋ ਕੇ ਬਾਤ ਕਹਨੇ ਕੀ ਆਦਤ ਨਹੀਂ ਰਹੀ।

ਸੀਨੇ ਮੇਂ ਜ਼ਿੰਦਗੀ ਕੇ ਅਲਾਮਾਤ ਹੈਂ ਅਭੀ,
ਗੋ ਜ਼ਿੰਦਗੀ ਕੀ ਕੋਈ ਜ਼ਰੂਰਤ ਨਹੀਂ ਰਹੀ।
**(ਤੀਰਗੀ=ਹਨੇਰਾ, ਇਨਾਯਤ=ਮੇਹਰਬਾਨੀ, ਨਸ਼ੇਮਨ=ਆਲ੍ਹਣਾ, ਬਰਕ=ਬਿਜਲੀ, ਮਰਾਸਿਮ=ਸੰਬੰਧ, ਅਦਾਵਤ=ਦੁਸ਼ਮਨੀ, ਅਲਾਮਾਤ=ਲੱਛਣ, ਗੋ=ਭਾਵੇਂ)**

### 7

ਪਰਿੰਦੇ ਅਬ ਭੀ ਪਰ ਤੋਲੇ ਹੁਏ ਹੈਂ,
ਹਵਾ ਮੇਂ ਸਨਸਨੀ ਘੋਲੇ ਹੁਏ ਹੈਂ।

ਤੁਮਹੀਂ ਕਮਜ਼ੋਰ ਪੜਤੇ ਜਾ ਰਹੇ ਹੋ,
ਤੁਮਹਾਰੇ ਖ਼ਵਾਬ ਤੋ ਸ਼ੋਲੇ ਹੁਏ ਹੈਂ।

.ਗਜ਼ਬ ਹੈ ਸਚ ਕੋ ਸਚ ਕਹਤੇ ਨਹੀਂ ਵੋ,
ਕੁਰਾਨੋ-ਉਪਨਿਸ਼ਦ ਖੋਲੇ ਹੁਏ ਹੈਂ।

ਮਜ਼ਾਰੋਂ ਸੇ ਦੁਆਏਂ ਮਾਂਗਤੇ ਹੋ,
ਅਕੀਦੇ ਕਿਸ ਕਦਰ ਪੋਲੇ ਹੁਏ ਹੈਂ।

ਹਮਾਰੇ ਹਾਥ ਤੋ ਕਾਟੇ ਗਏ ਥੇ,
ਹਮਾਰੇ ਪਾਂਵ ਭੀ ਛੋਲੇ ਹੁਏ ਹੈਂ।

ਕਭੀ ਕਸ਼ਤੀ, ਕਭੀ ਬਤਖ਼, ਕਭੀ ਜਲ,
ਸਿਯਾਸਤ ਕੇ ਕਈ ਚੋਲੇ ਹੁਏ ਹੈਂ।

ਹਮਾਰਾ ਕਦ ਸਿਮਟ ਕਰ ਘਿੰਟ (ਘਟ) ਗਯਾ ਹੈ,
ਹਮਾਰੇ ਪੈਰਹਨ ਝੋਲੇ ਹੁਏ ਹੈਂ।

ਚੜ੍ਹਾਤਾ ਫਿਰ ਰਹਾ ਹੂੰ ਜੋ ਚੜ੍ਹਾਵੇ,
ਤੁਮਹਾਰੇ ਨਾਮ ਪਰ ਬੋਲੇ ਹੁਏ ਹੈਂ।
**(ਪੈਰਹਨ=ਕੱਪੜੇ)**

### 8

ਅਪਾਹਿਜ ਵਯਥਾ ਕੋ ਵਹਨ ਕਰ ਰਹਾ ਹੂੰ,
ਤੁਮਹਾਰੀ ਕਹਨ ਥੀ, ਕਹਨ ਕਰ ਰਹਾ ਹੂੰ।

ਯੇ ਦਰਵਾਜ਼ਾ ਖੋਲੋ ਤੋ ਖੁਲਤਾ ਨਹੀਂ ਹੈ,
ਇਸੇ ਤੋੜਨੇ ਕਾ ਯਤਨ ਕਰ ਰਹਾ ਹੂੰ।

ਅੰਧੇਰੇ ਮੇਂ ਕੁਛ ਜ਼ਿੰਦਗੀ ਹੋਮ ਕਰ ਦੀ,
ਉਜਾਲੇ ਮੇਂ ਅਬ ਯੇ ਹਵਨ ਕਰ ਰਹਾ ਹੂੰ।

ਵੇ ਸੰਬੰਧ ਅਬ ਤਕ ਬਹਸ ਮੇਂ ਟੰਗੇ ਹੈਂ,
ਜਿਨਹੇਂ ਰਾਤ-ਦਿਨ ਸਮਰਣ ਕਰ ਰਹਾ ਹੂੰ।

ਤੁਮਹਾਰੀ ਥਕਨ ਨੇ ਮੁਝੇ ਤੋੜ ਡਾਲਾ,
ਤੁਮਹੇਂ ਕਯਾ ਪਤਾ ਕਯਾ ਸਹਨ ਕਰ ਰਹਾ ਹੂੰ।

ਮੈਂ ਅਹਸਾਸ ਤਕ ਭਰ ਗਯਾ ਹੂੰ ਲਬਾਲਬ,
ਤੇਰੇ ਆਂਸੂਓਂ ਕੋ ਨਮਨ ਕਰ ਰਹਾ ਹੂੰ।


---

**ਸਮਾਲੋਚਕੋਂ ਕੀ ਦੁਆ ਹੈ ਕਿ ਮੈਂ ਫਿਰ,**
**ਸਹੀ ਸ਼ਾਮ ਸੇ ਆਚਮਨ ਕਰ ਰਹਾ ਹੂੰ।**

**ਦੁਸ਼ਿਅੰਤ ਕੁਮਾਰ ਪਹਿਲੀ ਸਤੰਬਰ 1931 ਨੂੰ ਜੰਮਿਆ ਤੇ 30 ਦਸੰਬਰ 1975 'ਚ ਚਲਾ ਵੀ ਗਿਆ। ਸਾਲ 2009 ਵਿੱਚ ਭਾਰਤ ਸਰਕਾਰ ਨੇ ਉਸ ਦੀ ਯਾਦ 'ਚ ਡਾਕ ਟਿਕਟ ਵੀ ਜਾਰੀ ਕੀਤੀ ਸੀ। ਦੁਸ਼ਿਅੰਤ ਕੁਮਾਰ ਨੇ ਥੋੜੀ ਉਮਰ ਵਿੱਚ ਹੀ ਬਹੁਤ ਕੁਝ ਲਿਖਿਆ ਜੋ ਹਿੰਦੀ ਵਿੱਚ ਚਾਰ ਹਿੱਸਿਆਂ 'ਚ ਵਿਜੈ ਬਹਾਦਰ ਸਿੰਘ ਸੰਪਾਦਿਤ ਕਰ ਚੁਕੇ ਹਨ। ਸਾਰਾ ਕੁਝ ਐਮਾਜ਼ੋਨ ਤੇ ਮਿਲਦਾ ਹੈ, ਮੰਗਵਾ ਕੇ ਪੜ੍ਹੋ।**

KING 73 RENO LTD.
We Do All Kind of Renovation
•ਫਰੇਮਿੰਗ • ਡਰਾਈਵਾਲ • ਪੇਂਟਿੰਗ • ਟਾਈਲਾਂ
•ਸਨਡੈੱਕ ਦੀ ਰਿਪੇਅਰ • ਲੈਮੀਨੇਟ • ਵਾਸ਼ਰੂਮ
•ਕਿਚਨ • ਐਕਸਟਰਾ ਰੂਮ ਐਡੀਸ਼ਨ
• ਇਲੈਕਟ੍ਰੀਕਲ • ਪਲੰਬਿੰਗ • ਰੂਫਿੰਗ ਦਾ ਕੰਮ
ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ

FREE ESTIMATES
ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਨੇਸ਼ਨ ਫਰੀ ਐਸਟੀਮੇਟ ਵਾਸਤੇ 17 ਸਾਲਾਂ ਦੇ ਤਜ਼ਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ।
KING 73 RENO LTD.ਵਾਲਿਆਂ ਨੂੰ ਵਰਕਰਾਂ ਦੀ ਲੋੜ ਹੈ। ਕੰਮ ਹ.ਫਤੇ ਵਿਚ 6 ਦਿਨ ਚੱਲੇਗਾ। ਤਨਖਾਹ ਤਜ਼ਰਬੇ ਅਨੁਸਾਰ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ।
Gurdeep S. Gill Ph:778-896-4555
www.King73reno.com, Email:king73renoltd@gmail.com



PANDHER
LOGISTICS LTD.
HM RECORDS IN ASSOCIATION WITH
HARPREET GILL & MAAN TRUCK SALES
PRESENT
The SATRANGI PEENGH
CANADA TOUR
HARBHAJAN MANN
ਗੀਤ - ਕਵੀਸ਼ਰੀ - ਕਲੀਆਂ
EDMONTON, AB
Fri. June 23rd, 2023
Edmonton Expo Centre
Harpreet Gill (587-336-2344)
Jatinder Maan (780-606-4444)
Aman Dhaliwal (647-588-0006)
Raghvir Pandher (587-974-0302)
Tickets will be available at WWW.TICKETMASTER.CA

# ਪ੍ਰੋਗਰੈਸਿਵ ਪੀਪਲਜ ਫਾਊਡੇਸ਼ਨ ਆਫ ਐਡਮਿੰਟਨ ਵੱਲੋਂ ਭਾਰਤ ਦੀ ਮੌਜੂਦਾ ਸਥਿਤੀ ਰਾਜਨੀਤੀ ਚਣੌਤੀਆਂ ਤੇ ਸੰਭਾਵਨਾਵਾਂ ਤੇ ਲੈਕਚਰ ਕਰਵਾਇਆ




ਐਡਮਿੰਟਨ (ਸਤੀਸ਼ ਸਚਦੇਵਾ) ਪ੍ਰੋਗਰੈਸਿਵ ਪੀਪਲਜ ਫਾਊਡੇਸ਼ਨ ਆਫ ਐਡਮਿੰਟਨ ਵੱਲੋਂ ਮਿਲਵੁੱਡ ਕਲਰਲ ਸੀਨੀਅਰ ਸੁਸਾਇਟੀ 1580-48 ਸਟਰੀਟ ਵਿਚ ਭਾਰਤ ਦੀ ਮੌਜੂਦਾ ਸਥਿਤੀ, ਰਾਜਨੀਤੀ ਚਣੌਤੀਆਂ ਤੇ ਸੰਭਾਵਨਾਵਾਂ ਤੇ ਲੈਕਚਰ ਕਾਮਰੇਡ ਮੰਗਤ ਰਾਮ ਪਾਸਲਾ ਜਨਰਲ ਸਕੱਤਰ ਰੈਵਊਲਿਯੂਸ਼ਨਰੀ ਮਾਰਕਸਸਿਟ ਪਾਰਟੀ ਆਫ ਇੰਡੀਆਂ, ਟਰੱਸਟੀ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵੱਲੋਂ ਆਯੋਜਿਤ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਸੰਸਥਾ ਦੇ ਪ੍ਰਧਾਨ ਸ੍ਰੀ ਸੁਦਾਗਰ ਸਿੰਘ, ਡਾਕਟਰ ਪੀ.ਆਰ.ਕਾਲੀਆ ਸ਼ੁਸੋਭਿਤ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਇੰਨਕਲਾਬੀ ਗੀਤ ਨਾਲ ਕੀਤੀ ਗਈ, ਡਾ. ਕਾਲੀਆ ਨੇ ਕੈਨੇਡਾ ਦੀ ਬਦਲ ਰਹੀ ਸਥਿਤੀ, ਮਹਿੰਗਾਈ, ਬੇਰੋਜ਼ਗਾਰੀ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਓਵਰਆਲ ਸਾਰੇ ਸੰਸਾਰ ਦੀਆਂ ਸਥਿਤੀਆਂ ਕਿਰਤੀ ਲੋਕਾਂ ਲਈ ਸੰਕਟਮਈ ਬਣਦੀਆਂ ਜਾ ਰਹੀਆਂ ਹਨ। ਕਾਮਰੇਡ ਮੰਗਤ ਰਾਮ ਪਾਸਲਾ ਨੇ ਭਾਰਤ ਦੀ ਸਥਿਤੀ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਆਜਾਦੀ ਤੋਂ ਪਹਿਲਾਂ ਹੀ ਆਰ.ਐਸ.ਐਸ ਦੀ ਸਥਾਪਨਾ 1925 ਵਿਚ ਹੋ ਗਈ ਸੀ। ਦੇਸ਼ ਦੇ ਬਟਵਾਰੇ ਨਾਲ ਇਹ ਭਰਮ ਪਾ ਦਿੱਤਾ ਕਿ ਇਹ ਹਿੰਦੋਸਤਾਨ ਹੈ ਭਾਰਤ ਹੈ ਅਤੇ ਦੂਸਰਾ ਮੁਸਲਮਾਨਾਂ ਲਈ ਪਾਕਿਸਤਾਨ ਹੈ। ਅੱਜ ਦੋਵੇਂ ਦੇਸ਼ ਅੰਤਾ ਦੀ ਮਹਿੰਗਾਈ ਨਾਲ ਜੂਝ ਰਹੇ ਹਾਂ, ਪਾਕਿਸਤਾਨ ਵਿਚ ਆਟੇ ਦੀਆਂ ਕੀਮਤਾਂ ਸਿਖਰਾਂ ਤੇ ਪਹੁੰਚ ਚੁੱਕੀਆਂ ਹਨ, ਬੇਰੋਜ਼ਗਾਰੀ, ਮਹਿੰਗਾਈ, ਨੇ ਲੋਕਾਂ ਦਾ ਜਿਊਣਾ ਨਰਕ ਬਣਾ ਦਿੱਤਾ ਹੈ। ਕਿਸਾਨ, ਮਜਦੂਰ ਖੁਦਕਸ਼ੀਆਂ ਕਰ ਰਹੇ ਹਨ। ਬੁੱਧੀਜੀਵੀਆਂ ਦੀ ਆਵਾਜ਼ ਬੰਦ ਕੀਤੀ ਜਾ ਰਹੀ ਹੈ। ਉਨ੍ਹਾਂ ਬਜੁਰਗ ਪ੍ਰੋ. ਜੀ ਐਨ ਸਾਂਈ ਬਾਬਾ ਜੋ 90% ਅਪਾਹਜ ਹਨ ਸਾਲਾਂ ਤੋਂ ਜੇਲ ਵਿਚ ਬੰਦ ਹਨ ਅਤੇ ਤਸੀਹੇ ਦਿੱਤੇ ਜਾ ਰਹੇ ਹਨ, ਲੋਕ ਆਏ ਦਿਨ ਮਰ ਮਰ ਕੇ ਜ਼ਿੰਦਗੀ ਜਿਉਂ ਰਹੇ ਹਨ ਅਤੇ ਕਿਸਾਨੀ ਸੰਘਰਸ਼ ਦਾ ਵੀ ਜ਼ਿਕਰ ਕੀਤਾ ਕਰਦਿਆਂ ਕਿਹਾ ਕਿ ਲੋਕ ਲਹਿਰਾਂ ਹੀ ਜਾਬਰਾ ਦਾ ਮੂੰਹ ਭੰਨਿਆ ਕਰਦੀਆਂ ਹਨ। ਵੱਖ-ਵੱਖ ਰਾਜਾ ਦੇ ਵਿਚ ਲੋਕ ਲਹਿਰਾਂ ਕਰਵਟ ਲੈ ਰਹੀਆਂ ਹਨ ਜੋ ਆਉਣ ਵਾਲੇ ਸਮੇਂ ਵਿਚ ਇਸ ਹਕੂਮਤ ਦਾ ਮੂੰਹ ਭੰਨਣਗੀਆਂ ਅਤੇ ਹਿੰਦੂ ਰਾਜ ਦਾ ਸੁਪਨਾ ਚਕਨਾਚੂਰ ਹੋਵੇਗਾ। ਭਾਰਤ ਸਾਰਿਆਂ ਦਾਂ ਸਾਂਝਾ ਹੈ। ਇਸ ਸਮਾਗਮ ਵਿਚ ਇਲਾਕੇ ਦੇ ਐਮ.ਐਲ.ਏ ਜਸਵੀਰ ਦਿਉਲ, ਰਣਜੀਤ ਦਿਉਲ, ਗੁਰਬਕਸ਼ ਸੰਘਾ, ਮਾਸਟਰ ਸੁਰਜੀਤ, ਮਾਸਟਰ ਮਹਿੰਦਰ ਸਿੰਘ, ਮੈਡਮ ਰਾਜਵਿੰਦਰ ਕੌਰ , ਸਤੀਸ਼ ਸਚਦੇਵਾ, ਦਵਿੰਦਰ ਦੀਪਤੀ (ਦੇਸ ਪ੍ਰਦੇਸ ਟਾਈਮਜ਼), ਕਾਮਰੇਡ ਨਵਤੇਜ, ਰਘਵੀਰ ਸਿੰਘ ਮਹਿਮੀ, ਮੇਜਰ ਸਿੰਘ, ਰਾਏ ਸਿੰਘ, ਤਿਲਕ ਰਾਜ ਮੋਗਾ ਅਤੇ ਦਵਿੰਦਰ ਸ਼ਰਮਾ ਹਾਜ਼ਰ ਸਨ।

# ਟਰੂਡੋ ਵਲੋਂ ਜੌਹਨ ਹੈਨਾਫੋਰਡ ਪ੍ਰੀਵੀ ਕੌਂਸਲ ਕਲਰਕ ਨਿਯੁਕਤ



ਓਟਵਾ-ਡਿਪਟੀ ਮੰਤਰੀ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਸਾਬਕਾ ਵਿਦੇਸ਼ ਤੇ ਰੱਖਿਆ ਨੀਤੀ ਦੇ ਸਲਾਹਕਾਰ ਜੌਹਨ ਹੈਨਾਫੋਰਡ ਨੂੰ ਪ੍ਰੀਵੀ ਕੌਂਸਲ ਦਾ ਅਗਲਾ ਕਲਰਕ ਨਿਯੁਕਤ ਕੀਤਾ ਗਿਆ ਹੈ। ਹੈਨਾਫੋਰਡ ਨੂੰ ਸਰਕਾਰੀ ਹਲਕਿਆਂ ਵਿਚ ਇਕ ਜਨਤਕ ਸੇਵਕ ਵਜੋਂ ਜਾਣਿਆਂ ਜਾਂਦਾ ਹੈ ਜਿਸ ਨੇ ਪ੍ਰਧਾਨ ਮੰਤਰੀ ਅਤੇ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਦਾ ਭਰੋਸਾ ਜਿੱਤਿਆ ਹੈ। ਜਨਤਕ ਸੇਵਾ ਵਿਚ ਸਭ ਤੋਂ ਉੱਚ ਪੱਧਰ 'ਤੇ ਤਬਦੀਲੀ ਦਾ ਮੰਗਲਵਾਰ ਐਲਾਨ ਕੀਤਾ ਗਿਆ। ਸਰਕਾਰ ਇਕ ਹੋਰ ਮੁੱਖ ਜਨਤਕ ਸੇਵਾ ਅਹੁਦੇ ਵਿੱਤ ਬਾਰੇ ਡਿਪਟੀ ਮੰਤਰੀ ਦੀ ਸੰਭਾਵਤ ਅਸਾਮੀ ਦਾ ਸਾਹਮਣਾ ਕਰ ਰਹੀ ਹੈ। ਗਲੋਬ ਐਂਡ ਮੇਲ ਨੇ ਪਿਛਲੇ ਹਫਤੇ ਇਕ ਰਿਪੋਰਟ ਵਿਚ ਕਿਹਾ ਕਿ ਮੌਜੂਦਾ ਡਿਪਟੀ ਮੰਤਰੀ ਮਾਈਕਲ ਸਾਬੀਆ ਹਾਈਡਰੋ ਕਿਊਬਕ ਦਾ ਮੁਖੀ ਬਣਨ ਲਈ ਓਟਵਾ ਛੱਡਣ ਦੀ ਤਿਆਰੀ ਕਰ ਰਿਹਾ ਹੈ। ਦੋ ਵੱਖੋ ਵੱਖਰੀਆਂ ਪ੍ਰੈਸ ਨਿਊਜ਼ ਰਿਲੀਜ਼ ਵਿਚ ਟਰੂਡੋ ਨੇ ਐਲਾਨ ਕੀਤਾ ਕਿ ਮੌਜੂਦਾ ਕਲਰਕ ਜੈਨਿਸ ਚੈਰੇਟ 24 ਜੂਨ ਨੂੰ ਜਨਤਕ ਸੇਵਾ ਅਤੇ ਆਪਣੇ ਅਹੁਦੇ ਤੋਂ ਸੇਵਾ ਮੁਕਤ ਹੋ ਜਾਵੇਗੀ।

# ਵੈਨਕੂਵਰ ਕੈਨੇਡਾ ਪਲੇਸ ਨੂੰ ਕੋਮਾਗਾਟਾਮਾਰੂ ਪਲੇਸ ਸਟਰੀਟ ਨਾਮ ਦੇਣ ਦਾ ਫ਼ੈਸਲਾ

## ਇਤਿਹਾਸਕ ਗਲਤੀ ਨੂੰ ਸਵੀਕਾਰਨ ਤੇ ਸੁਧਾਰਨ ਦਾ ਯਤਨ-ਮੇਅਰ ਕੇਨ ਸਿਮ


ਵੈਨਕੂਵਰ-ਵੈਨਕੂਵਰ ਸਿਟੀ ਕੌਂਸਿਲ ਨੇ ਐਲਾਨ ਕੀਤਾ ਕਿ ਕੈਨੇਡਾ ਪਲੇਸ ਨੂੰ ਸੈਕੰਡਰੀ ਕੋਮਾਗਾਟਾਮਾਰੂ ਪਲੇਸ ਦਾ ਨਾਂਅ ਦਿੱਤਾ ਜਾਵੇਗਾ। ਇਹ ਫ਼ੈਸਲਾ ਸ਼ਹਿਰ ਦੀਆਂ ਦੱਖਣੀ ਏਸ਼ੀਅਨ ਕਮਿਊਨਿਟੀਜ਼ ਖਿਲਾਫ ਇਤਿਹਾਸਕ ਵਿਤਕਰੇ ਨੂੰ ਹੱਲ ਕਰਨ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਹੈ। ਆਨਰੇਰੀ ਨਾਮਕਰਨ ਲਈ ਸਥਾਨ ਨੂੰ ਇਸ ਦੀ ਇਤਿਹਾਸਕ ਮਹੱਤਤਾ ਕਾਰਨ ਚੁਣਿਆ ਹੈ ਜਿਥੇ ਕੋਮਾਗਾਟਾਮਾਰੂ ਜਹਾਜ਼ ਜਿਸ ਨੂੰ ਗੁਰੂ ਨਾਨਕ ਜਹਾਜ਼ ਵੀ ਕਿਹਾ ਜਾਂਦਾ ਹੈ 1914 ਵਿਚ ਡੌਕ ਕੀਤਾ ਗਿਆ ਸੀ। ਸਮੁੰਦਰੀ ਜਹਾਜ਼ 'ਤੇ 347 ਸਿੱਖ, 27 ਮੁਸਲਿਮ ਤੇ 12 ਹਿੰਦੂ ਯਾਤਰੀ ਸਵਾਰ ਸਨ। ਉਨ੍ਹਾਂ ਵਿਚੋਂ ਬਹੁਤੇ ਬ੍ਰਿਟਿਸ਼ ਭਾਰਤ ਦੇ ਪੰਜਾਬ ਨਾਲ ਸਬੰਧਤ ਸਨ ਅਤੇ ਬਹੁਤਿਆਂ ਨੂੰ ਐਂਟਰੀ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ ਜਿਸ ਨਾਲ ਇਹ ਯੋਜਨਾਬੱਧ ਵਿਤਕਰੇ ਦੀ ਮਹੱਤਵਪੂਰਣ ਇਤਿਹਾਸਕ ਘਟਨਾ ਬਣ ਗਈ ਸੀ। ਮੇਅਰ ਕੇਨ ਸਿਮ ਨੇ ਕਿਹਾ ਕਿ ਅੱਜ ਦਾ ਫ਼ੈਸਲਾ ਸਾਡੀਆਂ ਇਤਿਹਾਸਕ ਗਲਤੀਆਂ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਨੂੰ ਸੁਧਾਰਨ ਦੀ ਦਿਸ਼ਾ ਵੱਲ ਇਕ ਸਾਰਥਕ ਕਦਮ ਹੈ। 23 ਮਈ 1914 ਨੂੰ ਗੁਰੂ ਨਾਨਕ ਜਹਾਜ਼ 'ਤੇ ਸਵਾਰ 376 ਮੁਸਾਫਰ ਜਿਨ੍ਹਾਂ ਵਿਚੋਂ ਬਹੁਤੇ ਪੰਜਾਬ ਨਾਲ ਸਬੰਧਤ ਸਨ



ਸੁਨਹਿਰੇ ਭਵਿੱਖ ਲਈ ਵੈਨਕੂਵਰ ਪੁੱਜੇ ਸਨ। ਉਨ੍ਹਾਂ ਕੋਲ ਯਾਤਰਾ ਦੇ ਯੋਗ ਦਸਤਾਵੇਜ਼ ਹੋਣ ਅਤੇ ਵੱਡੇ ਵਿਤਕਰੇ ਵਾਲੇ 200 ਪੌਂਡ ਦੇ ਹੈਡ ਟੈਕਸ ਦੀ ਪਾਲਣਾ ਕਰਨ ਦੇ ਬਾਵਜੂਦ ਜਹਾਜ਼ ਦੇ ਯਾਤਰੀਆਂ ਨੂੰ ਕੈਨੇਡਾ ਵਿਚ ਦਾਖਲ ਹੋਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ। ਯਾਤਰੀ ਔਖੀ ਸਥਿਤੀ ਵਿਚ 2 ਮਹੀਨੇ ਜਹਾਜ਼ ਵਿਚ ਬੈਠੇ ਰਹੇ। ਆਖਰਕਾਰ ਜਹਾਜ਼ ਨੂੰ ਵਾਪਸ ਮੋੜ ਦਿੱਤਾ ਗਿਆ ਅਤੇ ਸਮੁੰਦਰੀ ਜਹਾਜ਼ ਜਦੋਂ ਵਾਪਸ ਭਾਰਤ ਪੁੱਜਾ ਤਾਂ ਉਨ੍ਹਾਂ 'ਤੇ ਰਾਜਸੀ ਸ਼ਰਾਰਤੀ ਹੋਣ ਦਾ ਠੱਪਾ ਲਗਾ ਦਿੱਤਾ। ਇਸ ਪਿੱਛੋਂ ਦੁਖਦਾਈ ਘਟਨਾ ਵਾਪਰੀ ਜਿਸ ਵਿਚ ਬ੍ਰਿਟਿਸ਼ ਭਾਰਤੀ ਸੈਨਿਕਾਂ ਨੇ 19 ਯਾਤਰੀਆਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਅਤੇ ਕਈ ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਕਈ ਯਾਤਰੀਆਂ ਨੂੰ ਕੈਦ ਕਰ ਲਿਆ ਗਿਆ। 2021 ਵਿਚ ਵੈਨਕੂਵਰ ਸਿਟੀ ਕੌਂਸਲ ਨੇ ਇਸ ਇਤਿਹਾਸਕ ਘਟਨਾ ਵਿਚ ਆਪਣੀ ਭੂਮਿਕਾ ਲਈ ਅਧਿਕਾਰਤ ਮੁਆਫੀ ਜਾਰੀ ਕੀਤੀ ਸੀ।












THE BHARITYA CULTURAL SOCIETY OF ALBERTA
ॐ
17TH ANNUAL JAGRAN
ॐ
SATURDAY JUNE 17TH 2023
MEDIA PARTNER
TIMES OF ASIA
Diversity Is Our Strength
Nitin Kumar
Indian Idol Fame
Rekha Rao
Playback Singer
Mohit Chopra
Indian Idol Fame
MATA KA BHANDARA
7:00 PM
JYOTI PRACHAND
8:00 PM
JAGRAN
FULL NIGHT
9507-39 Avenue, Edmonton, AB T6E 5T3 Tel (780) 468 2106
Website: www.bhartiyaculturalsociety.com
ARVIND AERY 780.904.7679 | RAMA AIRI 780.953.7384
CHANDER MITTAL 780.288.5263 | DHARMENDER SHARMA 780.953.8605
SUDARSHAN DEVGON 780.239.3644 | BRIJ SHARMA 780.721.9453

Edmonton's Top Caterer

Zaika
INDIAN BISTRO

The Art of Taste

Dine in and Take out.
Lunch and Dinner buffet.







● Best Service ● Fresh, Quality Food
● Competitive Pricing ● Beautiful Presentation

● Birthdays ● Wedding Events ● Anniversaries
● Baby Showers ● Home Catering

Call Garry at
780-504-9448
MENU @www.ZAIKABISTRO.COM

We Specialize in Mandir and Gurdwara Catering


2303 ELLWOOD DRIVE ELLERSLIE CROSSROADS, EDMONTON AB

ALL INDIA
RESTAURANT & SWEETS

Enjoy Buffet 7 Days

- Samosa
- Butter Chicken
- Chicken Wings
- Tandoori Fish Pakora
- Naan Bread





We also cater for small & Large Parties

ਵਧੀਆ ਖਾਣੇ ਅਤੇ ਵਧੀਆ ਮਠਿਆਈਆਂ ਲਈ ਹਮੇਸ਼ਾ ਯਾਦ ਰੱਖੋ।

Tel: 780-463-7770 | 4249-23 Ave NW, Edmonton, Alberta

SERVING FOR OVER 27 YEARS

# PIZZA 99

ਸਾਡੇ ਨਵੇਂ ਤਿਆਰ ਕੀਤੇ ਪੀਜ਼ੇ
ਪਨੀਰ ਪੀਜ਼ਾ
ਤੰਦੂਰੀ ਚਿਕਨ ਪੀਜ਼ਾ
Spinach Pizza

Call For debit at the door VISA MasterCard

ਵਧੀਆ ਸਰਵਿਸ, ਵਧੀਆ ਫੂਡ, ਵਾਜ਼ਬ ਕੀਮਤਾਂ ਲਈ ਸੰਪਰਕ ਕਰੋ

Buy and Pizza at regular Price & get Second Pizza of equal or less value Free or Chicken wings Free and 3rd Pizza Half Price.



ਪਰਮਜੀਤ ਸਿੰਘ ਬਾਠ

Contact Us Call (780) 450-9900 # 1543 Millwoods Road East, Edmonton AB.

# Maple DENTAL CLINIC

We deal with all kinds of insurances.

- Check Ups and Cleanings
- Fillings
- Root Canal Therapy
- TMJ
- Sports and Night Gaurds
- Teeth Straightening Braces - Invisalign
- Crowns and Bridges
- Partial and Full Dentures
- Wisdom Teeth Extractions
- Teeth Whitening
- Implants

We are open 7days a week including evenings and weekends

Evening & Weekend Appointments Available!

ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸੱਮਸਿਆ ਲਈ ਸਾਨੂੰ ਕਾਲ ਕਰੋ।



ਅਸੀਂ ਤੁਹਾਡਾ ਬਿੱਲ ਸਿੱਧਾ ਇੰਸ਼ੋਰੈਂਸ ਕੰਪਨੀ ਨੂੰ ਭੇਜ ਸਕਦੇ ਹਾਂ।

We can directly bill insurances!

New Patients, Emergencies & Walk-Ins Welcome!



Dr. Sandeep Dhaliwal 780.440.5001 Dr. Amritpal Singh

3323 34 ST NW #203, Edmonton AB

www.mapledentalclinic.ca E: mapledent@shaw.ca

Fastest Growind Company in the Region.


We are located at 4120-98 street and are open between 9:00 am to 5:30 pm, Monday to Saturday.



# TOUCHTONE Canada Ltd.

Specialised in-







- Carpet
- Hardwood
- Laminate
- Engeering Hardwood
- Linoleum

CONTACT US:

Tel: 780-414-0862 Fax:780-4637870

4120 98 Street Edmonton, AB, T6E 5A2

email-information@touctonecanada.com/Website-www.touctonecanada.com

# Now Open in Edmonton 2 For 1 PIZZA HOUSE

2 FOR 1 PIZZA HOUSE HOUSE OF TASTE & QUALITY

GREAT FOOD,GREAT PRICE, GREAT QUALITY

Pizza, Pasta, Indian Cuisine & Much More

2 LRG PIZZA
3 CANS OF PoP
3 DIPPING SAUCES
$30.49

1 LRG PIZZA
3 TOPPINGS
12 CHICKEN WINGS
$25.99

Gluten Free Pizza Available Now

We Deliver

## Super Combo Specials

Please order by number

1 Pizza & Pasta
1 Lrg Pizza 2 Toppings +1 Lasagna + 2 pcs Garlic Bread (Beef or Veggie)
FREE 1 CAN OF POP & 1 DIPPING SAUCE
$24.99

2 Double Deal
2 Large Double Pepperoni Pizzas or 2 Large Hawaiian
$24.45

3 Triple Deal
2 Large Specialty Pizzas & 1 Large Cheese Pizza
$39.99

4 Pizza & Wings Deal
1 Lrg Pizza 3 Toppings + 12 Chicken Wings
FREE 1 CAN OF POP & 1 DIPPING SAUCE
$25.99

5 Mega Dinner
2 Lrg Specialty Pizzas 20 - Tasty Chicken Wings
FREE 3 DIPPING SAUCE
$45.99

6 Pizza Party
Order any 3 Large Specialty Pizzas of your choice & Get Cheesy Bread Sticks FREE
$47.65

Dipping sauce not included unless Indicated, Pizza Sauce and Cheese Included.

## 7 Days Managers Special

Order any 2 Large Specialty Pizzas for the price of 2 Medium Pizzas + 3 Cans of Pop or 3 Dipping Sauce

$30.49 +GST

* Limit 1 Per Customer

## Side Orders Not 2 For 1

| | |
|---|---|
| French Fries | $4.75 |
| Potato Wedges | $8.10 |
| Garlic Bread 2 Pcs | $1.90 |
| Cheesy Bread Sticks | $8.10 |
| 6 pcs Mozza Sticks & Marinara Sauce | $5.95 |
| Veggie Dip (Eggless) | |
| Dipping Sauce Available | |

#123, 55 Westwinds Cres, NE Calgary
(403) 285-9000
112- 2550 Country Hills Blvd NE (403) 818-9000
#3747-8th Ave SW Edmonton (780) 250-9009

(780) 250-9009

## 2 For 1 Specialty Pizzas

| 10" Small | 12" Medium | 14" Large |
|---|---|---|
| $24.75 | $30.49 | $34.29 |

VISA MasterCard House of Taste & Quality

Visit us online @ www.2for1PizzaHouse.com

The Hills at Charlesworth # 3747-8th Ave SW Edmonton